# ਕੈਨੇਡਾ ਦਰਪਣ

ਜੁਲਾਈ 24, 1987

**July 24, 1987**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਕੈਨੇਡਾ ਦਰਪਣ ਦਾ ਇਹ ਅੰਕ ਚਰਨਜੀਤ ਕੌਰ ਗਿੱਲ ਤੋਂ ਪ੍ਰਾਪਤ ਹੋਇਆ।

Price 50¢ WEEKENDING JULY 24, 1987 Vol. 6 No. 27 Out of Greater Vancouver 65¢ Second Class Mail Reg. No. 5991

# ਕੈਨੇਡਾ ਦਰਪਣ

The Canada Darpan Punjabi Weekly Newspaper P.O.BOX 265, Surrey, B.C. V3T 4W8 Ph. (604) 581-4473

# 174 - ਭਾਰਤੀ
# ਰਫੀਊਜ਼ੀ ਬਣ ਕੇ ਆ ਉਤਰੇ

ਹੈਲੀਫੈਕਸ — ਕੈਨੇਡਾ ਦੇ ਨੋਵਾ ਸਕੋਸ਼ੀਆ ਸੂਬੇ ਦੇ ਦੱਖਣੀ ਕੰਢੇ ਉਪਰ 174 ਭਾਰਤੀ, ਜਿਨ੍ਹਾਂ ਵਿਚ ਇਕ ਇਸਤਰੀ ਵੀ ਸ਼ਾਮਲ ਸੀ, ਧੁੰਦ ਵਿਚ ਸਵੇਰ ਸਾਰ ਆ ਉਤਰੇ। ਇਹ ਲੋਕ ਇਕ ਕਿਸ਼ਤੀ ਵਿਚ ਸਵਾਰ ਸਨ ਜਦੋਂ ਇਹ ਚਾਰਲਸ ਵੀਲੇ ਪਿੰਡ ਵਿਚ ਉਤਰੇ ਸਨ। ਇਨ੍ਹਾਂ ਤੋਂ ਪਿੰਡ ਵਾਲੇ ਲੋਕਾਂ ਨੇ ਪੁਛਿਆ ਕਿ ਕਿਥੋਂ ਆਏ ਹੋ ਤਾਂ ਇਨ੍ਹਾਂ ਨੇ ਕਿਹਾ ਕਿ ਅਸੀਂ ਭਾਰਤ ਤੋਂ ਆਏ ਹਾਂ।

### ਅਜਨਬੀ ਲੋਕ

ਰਫੀਊਜ਼ੀਆਂ ਦੇ ਰੂਪ ਵਿਚ ਆਏ ਇਹ ਲੋਕ ਬਿਲਕੁਲ ਹੀ ਕੈਨੇਡਾ ਵਿਚ ਅਜਨਬੀ ਸਨ। ਇਨ੍ਹਾਂ ਨੂੰ ਇਹ ਵੀ ਨਹੀਂ ਪਤਾ ਸੀ ਕਿ ਇਹ ਕਿਥੇ ਹਨ। ਇਨ੍ਹਾਂ ਵਿਚੋਂ ਇਕ ਬੰਦੇ ਨੇ ਪਿੰਡ ਵਾਲਿਆਂ ਤੋਂ ਪੁਛਿਆ ਕਿ ਮੈਨੂੰ ਟਰਾਂਟੋ ਜਾਣ ਲਈ ਟੈਕਸੀ ਚਾਹੀਦੀ ਹੈ। ਜਦੋਂ ਉਨ੍ਹਾਂ ਦੱਸਿਆ ਕਿ ਟਰਾਂਟੋ ਤਾਂ 1700 ਮੀਲ ਦੂਰ ਹੈ ਤਾਂ ਉਹ ਸਾਰੇ ਇਕ ਦੂਜੇ ਦੇ ਮੂੰਹ ਵੱਲ ਵੇਖਣ ਲੱਗੇ, ਕਿ ਕਿਥੇ ਫਸ ਗਏ ਹਾਂ।

### ਐਮਲੀ ਲਿਆਇਆ

ਇਨ੍ਹਾਂ 174 ਲੋਕਾਂ ਨੂੰ ਐਮਲੀ ਨਾਂ ਦਾ ਭਾਰ ਵਾਹਕ ਜਹਾਜ਼ ਲਿਆਇਆ ਹੈ ਜੋ ਕਿ ਚਿੱਲੀ ਵਿਚ ਰਜਿਸਟਰ ਹੈ, ਇਸ ਉਪਰ ਕੋਸਟਾ ਰੀਕਾ ਦਾ ਝੰਡਾ ਲਾਇਆ ਹੋਇਆ ਸੀ। ਪਤਾ ਲੱਗਾ ਹੈ ਕਿ ਇਹ 23 ਜੂਨ ਨੂੰ ਕੁਝ ਮੁਰੰਮਤ ਕਰਾਉਣ ਤੋਂ ਮਗਰੋਂ ਹਾਲੈਂਡ ਦੀ ਬੰਦਰਗਾਹ ਰੋਟਰਡੈਮ ਤੋਂ ਚਲਿਆ ਸੀ, ਜਦੋਂ ਇਹ ਉਥੋਂ ਚਲਿਆ ਉਸ ਵੇਲੇ ਇਹ ਖਾਲੀ ਸੀ। ਇਹ ਨਹੀਂ ਪਤਾ ਕਿ ਇਸ ਨੇ 174 ਸਵਾਰੀਆਂ ਨੂੰ ਕਿਥੋਂ ਚੜ੍ਹਾਇਆ। ਇਸ ਦੀ ਜਾਣਕਾਰੀ ਲਈ ਪੜਤਾਲ ਜਾਰੀ ਹੈ।

### ਐਮਲੀ ਫੜ ਲਿਆ

ਕੈਨੇਡਾ ਸਰਕਾਰ ਦੇ ਸਮੁੰਦਰੀ ਗਾਰਡ ਜਾਰਜ਼ ਵਿਲੀਅਮ ਨੇ ਛੇਤੀ ਹੀ ਸਮੁੰਦਰ ਦੀ ਭਾਲ ਸ਼ੁਰੂ ਕਰ ਦਿੱਤੀ ਕਿ ਇਹ ਹੋ ਨਹੀਂ ਸਕਦਾ ਕਿ ਇਹ ਲੋਕ ਇਸ ਕਿਸ਼ਤੀ ਰਾਹੀਂ ਇੰਡੀਆ ਤੋਂ ਹੀ ਚੱਲ ਕੇ ਆਏ ਹੋਣ। ਪਿਛਲੇ ਸਾਲ ਤਾਮਲ ਰਫੀਊਜ਼ੀ ਵੀ ਕਹਿ ਰਹੇ ਸਨ ਕਿ ਉਹ ਸ੍ਰੀ ਲੰਕਾ ਤੋਂ ਆਏ ਹਨ ਪਰ ਪਿਛੋਂ ਇਹ ਪਤਾ ਲਾ ਲਿਆ ਗਿਆ ਸੀ ਕਿ ਉਹ ਜਰਮਨ ਤੋਂ ਚੱਲੇ ਸਨ। ਇਸੇ ਲਈ ਇਮੀਗਰੇਸ਼ਨ ਅਧਿਕਾਰੀਆਂ ਨੂੰ ਸ਼ੱਕ ਹੋ ਗਈ ਸੀ। ਵਿਲੀਅਮ ਨੇ ਤੇਜ਼ੀ ਨਾਲ ਜਾ ਕੇ ਐਮਲੀ ਨੂੰ 170 ਮੀਲਾਂ ਤੇ ਜਾ ਘੇਰਿਆ ਅਤੇ ਕੈਨੇਡਾ ਦੀ ਬੰਦਰਗਾਹ ਉਪਰ ਗ੍ਰਿਫਤਾਰ ਕਰਕੇ ਲੇ ਆਂਦਾ।



### 174 ਮਿਲਟਰੀ ਕੈਂਪ ਵਿਚ

ਇਨ੍ਹਾਂ 174 ਅਖੌਤੀ ਰੀਫੀਊਜ਼ੀਆਂ ਨੂੰ ਇਮੀਗਰੇਸ਼ਨ ਮਹਿਕਮੇਂ ਵਲੋਂ ਇਕ ਮਿਲਟਰੀ ਕੈਂਪ ਵਿਚ ਰਖਿਆ ਜਾ ਰਿਹਾ ਹੈ, ਜਿਥੇ ਇਨ੍ਹਾਂ ਦੀ

ਬਾਕੀ ਪੰਨਾ 2 'ਤੇ

ਤੁਹਾਡਾ ਘਰ 7 ਮਿੰਟ ਵਿਚ ਵਿਕ ਸਕਦਾ ਹੈ — ਸਾਡੇ ਕੋਲ ਲਿਸਟ ਕਰੋ

7 MINUTES FROM NOW ROYAL LEPAGE WILL SELL A HOME

It could be yours if it is listed with us

If you are thinking of selling your home or any others type of property

Please give me at call to find out the one most important reason to sell through us

ROYAL LEPAGE



Daljit (Dale) Toor

Bus. 590-1321

Res. 594-7629

ਹੋਰ ਜਾਣਕਾਰੀ ਲਈ ਫੋਨ ਕਰੋ : ਦਲਜੀਤ ਤੂਰ

# ਕੇਂਦਰੀ ਮੰਤਰੀ ਮੁਫ਼ਤੀ ਮੁਹੰਮਦ ਸਈਦ ਮੁਸਤਫ਼ੀ

## 'ਰਾਜੀਵ ਸਰਕਾਰ ਫਿਰਕੂ ਹੈ' — ਕਾਂਗਰਸੀ ਮੰਤਰੀ ਦਾ ਦੋਸ਼

ਨਵੀਂ ਦਿੱਲੀ-(15 ਜੁਲਾਈ) — ਰਾਜਧਾਨੀ ਵਿਚ ਕਾਂਗਰਸੀ ਹਲਕੇ ਘਬਰਾਏ ਨਜ਼ਰ ਆ ਰਹੇ ਹਨ ਕਿਉਂਕਿ ਕੇਂਦਰ ਦੇ ਇਕ ਮੰਤਰੀ ਮੁਫ਼ਤੀ ਮੁਹੰਮਦ ਸਈਦ ਨੇ ਆਪਣਾ ਅਸਤੀਫ਼ਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨੂੰ ਦਿੰਦਿਆਂ ਦੋਸ਼ ਲਾਇਆ ਹੈ ਕਿ ਕੇਂਦਰ ਸਰਕਾਰ ਫਿਰਕਾਪ੍ਰਸਤੀ ਨੂੰ ਖਤਮ ਕਰਨ ਦੀ ਥਾਂ ਫਿਰਕੂ ਤੁਅਸਬ ਨੂੰ ਹਵਾ ਦੇ ਰਹੀ ਹੈ।

ਪ੍ਰਧਾਨ ਮੰਤਰੀ ਨੇ ਮੁਹੰਮਦ ਸਈਦ ਦਾ ਅਸਤੀਫ਼ਾ ਮਨਜ਼ੂਰ ਕਰਨ ਲਈ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਭੇਜ ਦਿੱਤਾ ਤੇ ਰਾਸ਼ਟਰਪਤੀ ਨੇ ਅਸਤੀਫ਼ਾ ਮਨਜ਼ੂਰ ਕਰ ਲਿਆ ਹੈ।

### ਕਾਂਗਰਸ ਦੋਫਾੜ ਹੋਵੇਗੀ ?

ਇਥੋਂ ਦੇ ਰਾਜਨੀਤਕ ਹਲਕਿਆਂ ਦਾ ਕਹਿਣਾ ਹੈ ਕਿ ਦੇਸ਼ ਵਿਚ ਭ੍ਰਿਸ਼ਟਾਚਾਰ ਦੇ ਸਕੈਂਡਲਾਂ ਨੇ ਰਾਜੀਵ ਗਾਂਧੀ ਨੂੰ ਇਨਾ ਬਦਨਾਮ ਕਰ ਦਿੱਤਾ ਹੈ ਕਿ ਕਾਂਗਰਸ ਵਿਚ ਰਾਜੀਵ ਦੀ ਵਿਰੋਧਤਾ ਜੋ ਪਹਿਲਾਂ ਅੰਦਰਖਾਤੇ ਹੋ ਰਹੀ ਸੀ ਉਹ ਹੁਣ ਖੁਲ੍ਹ ਕੇ ਸਾਹਮਣੇ ਆ ਰਹੀ ਹੈ। ਰਾਜਸੀ ਦਰਸ਼ਕ ਇਹ ਵੀ ਕਹਿ ਰਹੇ ਹਨ ਕਿ ਰਾਜੀਵ ਗਾਂਧੀ ਨੇ ਢਾਈ ਸਾਲਾਂ ਵਿਚ ਕੇਵਲ ਪ੍ਰਬੰਧਕੀ ਢਾਂਚੇ ਵਿਚ ਹੀ ਨਾਅਹਿਲੀਅਤ ਨਹੀਂ ਲਿਆਂਦੀ ਸਗੋਂ ਫਿਰਕੂ ਰਾਜਨੀਤੀ ਦਾ ਆਸਰਾ ਲੈ ਕੇ ਲੋਕਾਂ ਨੂੰ ਹਿੰਦੂ, ਮੁਸਲਿਮ, ਸਿੱਖ, ਈਸਾਈ ਫਿਰਕਿਆਂ ਵਿਚ ਬਦਲ ਕੇ ਰੱਖ ਦਿੱਤਾ ਹੈ।

### 62 ਪਾਰਲੀਮੈਂਟ ਮੈਂਬਰਾਂ ਵਲੋਂ ਬਗਾਵਤ

ਰਾਜਸੀ ਹਲਕੇ ਇਹ ਵੀ ਕਹਿ ਰਹੇ ਹਨ ਕਿ 62 ਪਾਰਲੀਮੈਂਟ ਦੇ ਕਾਂਗਰਸੀ ਮੈਂਬਰਾਂ ਉਤੇ ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ ਕਿ ਉਨ੍ਹਾਂ ਨੇ ਰਾਜੀਵ ਗਾਂਧੀ ਵਿਰੁੱਧ ਬਗਾਵਤ ਦਾ ਝੰਡਾ ਖੜ੍ਹਾ ਕਰ ਦਿੱਤਾ ਹੈ। ਇਹ ਹਲਕੇ ਇਥੋਂ ਤੱਕ ਵੀ ਕਹਿ ਰਹੇ ਹਨ ਕਿ ਹੋ ਸਕਦਾ ਹੈ ਕਿ ਇਨ੍ਹਾਂ ਨੇ ਰਾਸ਼ਟਰਪਤੀ ਦੀ ਚੋਣ ਵਿਚ ਵੋਟਾਂ ਵੀ ਵਿਰੋਧੀ ਧਿਰ ਦੇ ਉਮੀਦਵਾਰ ਸ੍ਰੀ ਕਰਿਸ਼ਨਾ ਆਇਰ ਨੂੰ ਪਾਈਆਂ ਹੋਣ।

# ਸਾਬਕਾ ਕਾਂਗਰਸ ਮੰਤਰੀ ਸਤਨਾਮ ਸਿੰਘ ਬਾਜਵਾ ਹਲਾਕ

ਅੰਮ੍ਰਿਤਸਰ — 10 ਜੁਲਾਈ ਨੂੰ ਅੰਮ੍ਰਿਤਸਰ ਦੇ ਇਕ ਪਿੰਡ ਵਿਚ ਸਾਬਕਾ ਕਾਂਗਰਸ ਮੰਤਰੀ ਸਤਨਾਮ ਸਿੰਘ ਬਾਜਵਾ ਦਾ ਕਤਲ ਕਰ ਦਿੱਤਾ ਗਿਆ। ਉਸੇ ਦਿਨ ਪੰਜਾਬ ਵਿਚ ਵੱਖ ਵੱਖ ਥਾਵਾਂ ਤੇ ਛੇ ਕਤਲ ਹੋਰ ਹੋਏ।

11 ਜੁਲਾਈ ਨੂੰ ਫੀਰੋਜ਼ਪੁਰ ਜ਼ਿਲੇ ਵਿਚ ਪੰਜ ਅਤਿਵਾਦੀ ਮਾਰੇ ਗਏ। ਹਰਿਆਣਾ-ਪੰਜਾਬ ਸਰਹੱਦ ਤੇ ਬੱਸਾਂ ਵਿਚ ਕਤਲ ਕੀਤੇ ਜਾਣ ਪਿਛੋਂ ਪੰਜਾਬ ਵਿਚ 18 ਕਤਲ ਹੋ ਚੁਕੇ ਹਨ। ਇਸ ਤੋਂ ਪਹਿਲਾਂ 9 ਜੁਲਾਈ ਨੂੰ 7 ਦਹਿਸ਼ਤਪਸੰਦ ਅਖੌਤੀ ਪੁਲਸ ਮੁਕਾਬਲਿਆਂ ਦਾ ਸ਼ਿਕਾਰ ਹੋਏ।

# ਬੰਗਲਾ ਦੇਸ਼ ਵਿਚ ਡਿਕਟੇਟਰ ਵਿਰੁੱਧ ਮੁਜ਼ਾਹਰੇ

ਢਾਕਾ — ਆਮ ਹੜਤਾਲ ਕਾਰਨ ਬੰਗਲਾ ਦੇਸ਼ ਵਿਚ ਵਿਦਿਆਰਥੀਆਂ ਅਤੇ ਆਮ ਲੋਕਾਂ ਵਲੋਂ ਮੁਜ਼ਾਹਰੇ ਜਥੇਬੰਦ ਕੀਤੇ ਗਏ ਹਨ ਅਤੇ ਫੌਜੀ ਡਿਕਟੇਟਰ ਇਰਸ਼ਾਦ ਤੋਂ ਅਸਤੀਫੇ ਦੀ ਮੰਗ ਕੀਤੀ ਗਈ ਬੰਗਲਾ ਦੇਸ਼ ਦੇ ਸਾਰੇ ਵਪਾਰ ਕੇਂਦਰ ਬੰਦ ਰਹੇ। ਵਿਰੋਧੀ ਪਾਰਟੀਆਂ ਵਲੋਂ ਜਥੇਬੰਦ ਮੁਜ਼ਾਹਰਿਆਂ ਉਤੇ ਪੁਲਸ ਨੇ ਲਾਠੀਚਾਰਜ ਕੀਤਾ ਜਿਸ ਵਿਚ ਪੰਜਾਹ ਤੋਂ ਉਪਰ ਵਿਅਕਤੀ ਜ਼ਖਮੀ ਹੋ ਗਏ। ਜ਼ਖਮੀ ਹੋਣ ਵਾਲਿਆਂ ਵਿਚ ਤਿੰਨ ਵਿਰੋਧੀ ਨੇਤਾ ਵੀ ਸ਼ਾਮਲ ਹਨ।

ਇਹ ਮੁਜ਼ਾਹਰੇ ਇਸ ਕਾਰਨ ਜਥੇਬੰਦ ਕੀਤੇ ਗਏ ਕਿਉਂਕਿ ਫੌਜੀ ਸਰਕਾਰ ਪਿੰਡਾਂ ਦੇ ਪ੍ਰਬੰਧ ਵਿਚ ਵੀ ਫੌਜੀਆਂ ਨੂੰ ਘਸੋੜਨ ਦੇ ਯਤਨ ਕਰ ਰਹੀ ਹੈ।

ਪੰਨਾ 1 ਦੀ ਬਾਕੀ 7

ਦੇਖ ਭਾਲ ਵੀ ਕੀਤੀ ਜਾ ਰਹੀ ਹੈ ਅਤੇ ਪੁਛ ਪੜਤਾਲ ਵੀ ਹੋ ਰਹੀ ਹੈ। ਇਨ੍ਹਾਂ ਵਿਚੋਂ ਕੋਈ ਅੱਧੇ ਤੋਂ ਵੱਧ ਪਗੜੀਆਂ ਵਾਲੇ ਪੰਜਾਬੀ ਸਿਖ ਹਨ। ਬਾਕੀ ਕਲੀਨ ਸ਼ੇਵਡ ਹਨ, ਪਰ ਅਜੇ ਉਨ੍ਹਾਂ ਬਾਰੇ ਕਹਿ ਨਹੀਂ ਸਕਦੇ ਕਿ ਉਹ ਸਿਖ ਹਨ ਜਾਂ ਹੋਰ ਥਾਂ ਰਹਿਣ ਵਾਲੇ ਭਾਰਤੀ ਹੀ ਹਨ ਜਾਂ ਪਾਕਿਸਤਾਨੀ ਜਾਂ ਤਾਮਲ ਹਨ।

### ਮਿ: ਬੀਨੋਤ ਬੋਸ਼ਾਰਡ ਦਾ ਭਰੋਸਾ

ਇਮੀਗਰੇਸ਼ਨ-ਮੈਨਪਾਵਰ ਮਨਿਸਟਰ ਮਿ: ਬੋਸ਼ਾਰਡ ਨੇ ਕਿਹਾ ਹੈ ਕਿ ਮੈਨੂੰ ਇਸ ਗੱਲ ਦਾ ਦੁੱਖ ਹੈ ਕਿ ਇਨ੍ਹਾਂ ਲੋਕਾਂ ਨੇ ਗਲਤ ਢੰਗ ਵਰਤ ਕੇ ਕੈਨੇਡਾ ਵਿਚ ਦਾਖਲ ਹੋਣ ਦਾ ਯਤਨ ਕੀਤਾ ਹੈ। ਉਨ੍ਹਾਂ ਕਿਹਾ ਅਸੀਂ ਇਨ੍ਹਾਂ ਹੈ ਖੜ੍ਹੇ ਪੈਰ ਵਾਪਸ ਨਹੀਂ ਮੋੜ ਸਕਦੇ। ਕਾਨੂੰਨ ਦੇ ਅਨੁਸਾਰ ਸਾਰੀ ਕਾਰਵਾਈ ਹੋਣ ਉਤੇ ਹੀ ਕਿਸੇ ਨਤੀਜੇ ਤੇ ਪੁਜਿਆ ਜਾ ਸਕਦਾ ਹੈ। ਉਨ੍ਹਾਂ ਨੇ ਕਿਹਾ ਕਿ ਹਾਲ ਦੀ ਘੜੀ ਤਾਂ ਮੈਂ ਇਹੋ ਹੀ ਕਹਿ ਸਕਦਾ ਹਾਂ ਕਿ ਕਾਨੂੰਨ ਅਨੁਸਾਰ ਇਨ੍ਹਾਂ ਨਾਲ ਇਨਸਾਫ ਕੀਤਾ ਜਾਵੇਗਾ।

### ਕੈਨੇਡੀਅਨ ਲੋਕਾਂ ਦਾ ਪ੍ਰਤੀਕਰਮ

ਜਿਸ ਦਿਨ ਦੇ ਇਹ 174 ਬੰਦੇ ਆਏ ਹਨ ਕੈਨੇਡਾ ਵਿਚ ਇਸ ਉਪਰ ਵੱਡੀ ਪੱਧਰ ਉਪਰ ਬਹਿਸ ਛਿੜੀ ਹੋਈ ਹੈ। ਰੇਡੀਓ, ਟੈਲੀਵੀਯਨ ਉਪਰ ਖੁਲੇ ਸ਼ੋਅ ਹੋ ਰਹੇ ਹਨ। ਕਾਫੀ ਲੋਕ ਇਨ੍ਹਾਂ ਨੂੰ ਤੁਰਤ ਮੋੜੇ ਜਾਣ ਦੀ ਗੱਲ ਕਰ ਰਹੇ ਹਨ, ਕਾਫੀ ਹਮਦਰਦੀ ਨਾਲ ਇਨ੍ਹਾਂ ਦੀ ਗੱਲ ਸੁਣਨ ਦੀ ਵੀ ਗੱਲ ਕਰ ਰਹੇ ਹਨ। ਜਾਪਦਾ ਹੈ ਸਰਕਾਰ ਸਖਤ ਕਾਨੂੰਨ ਬਣਾਉਣ ਬਾਰੇ ਸੋਚ ਰਹੀ ਹੈ।

### ਸ. ਗਿਆਨ ਸਿੰਘ ਸੰਧੂ ਵਲੋਂ ਨਾਂਹ

ਵਰਲਡ ਸਿਖ ਔਰਗੇਨਾਈਜ਼ੇਸ਼ਨ ਦੇ ਆਗੂ ਸ: ਗਿਆਨ ਸਿੰਘ ਸੰਧੂ ਵਿਲੀਅਮਜ਼ਲੇਕ ਨੇ ਕਿਹਾ ਹੈ ਕਿ ਇਨ੍ਹਾਂ 174 ਬੰਦਿਆਂ ਨੂੰ ਜਿਥੋਂ ਆਏ ਹਨ, ਓਥੇ ਹੀ ਵਾਪਸ ਮੋੜ ਦਿਤਾ ਜਾਣਾ ਚਾਹੀਦਾ ਹੈ। ਭਾਰਤੀ ਕਮਿਊਨਿਟੀ ਸ: ਸੰਧੂ ਵਲੋਂ ਅਜਿਹੇ ਰੁੱਖੇ ਅਤੇ ਸਖਤ ਸਟੈਂਡ ਬਾਰੇ ਕਾਫੀ ਨਾਰਾਜ਼ਗੀ ਮਹਿਸੂਸ ਕਰ ਰਹੀ ਹੈ।

### ਗਾਤਰੇ ਮੋੜੋ ਤਾਂ ਰੋਟੀ ਖਾਣੀ ਹੈ

ਪਤਾ ਲੱਗਾ ਹੈ ਕਿ ਮਿਲਟਰੀ ਕੈਂਪ ਵਿਚ ਰੱਖੇ 174 ਭਾਰਤੀਆਂ ਵਿਚੋਂ, ਜਿਨ੍ਹਾਂ 21 ਵਿਅਕਤੀਆਂ ਦੇ ਗਾਤਰੇ ਪਾਏ ਹੋਏ ਸਨ, ਅਧਿਕਾਰੀਆਂ ਨੇ ਉਹ ਸਕਿਉਰਿਟੀ ਦੇ ਕਾਰਨ ਜਮ੍ਹਾਂ ਕਰਵਾ ਲਏ ਸਨ। ਇਨ੍ਹਾਂ 21 ਜਾਣਿਆਂ ਨੇ ਇਸ ਉਪਰ ਰੋਸ ਕਰਦਿਆਂ ਕੁਝ ਖਾਣ ਪੀਣ ਤੋਂ ਇਨਕਾਰ ਕਰ ਦਿੱਤਾ। ਇਸ ਉਪਰ ਅਧਿਕਾਰੀਆਂ ਨੇ ਉਨ੍ਹਾਂ ਦੇ ਗਾਤਰੇ ਵਾਪਸ ਕਰ ਦਿੱਤੇ।

### ਰਫੀਊਜ਼ੀਆਂ ਦੇ ਦਲਾਲ ਨੂੰ ਸਜ਼ਾ

ਇਨ੍ਹਾਂ 174 ਭਾਰਤੀਆਂ ਨੂੰ ਰਫੀਊਜ਼ੀ ਬਣਾ ਕੇ ਲਿਆਉਣ ਦੇ ਸੰਬੰਧ ਵਿਚ ਗ੍ਰਿਫਤਾਰ ਕੀਤੇ ਗਏ ਸ੍ਰੀ ਜਸਵੀਰ ਸਿੰਘ ਨੇ ਆਪਣਾ ਦੋਸ਼ ਮੰਨ ਲਿਆ ਹੈ, ਅਦਾਲਤ ਨੇ ਉਸ ਨੂੰ ਤਿੰਨ ਮਹੀਨੇ ਦੀ ਕੈਦ ਅਤੇ 5000 ਡਾਲਰ ਜ਼ੁਰਮਾਨਾ ਕਰ ਦਿੱਤਾ। ਸ੍ਰੀ ਜਸਵੀਰ ਸਿੰਘ ਇੰਗਲੈਂਡ ਦੇ ਰਹਿਣ ਵਾਲੇ ਹਨ।

# ਦਿੱਲੀ ਵਿਚ ਹਿੰਦੂ-ਮੁਸਲਿਮ ਫਸਾਦ ਫਿਰ ਭੜਕੇ

## ਇਕ ਮੌਤ, 4 ਜ਼ਖਮੀ, 50 ਗ੍ਰਿਫਤਾਰ

ਨਵੀਂ ਦਿੱਲੀ — ਦਿੱਲੀ ਫਿਰਕਾਪ੍ਰਸਤੀ ਦਾ ਗੜ੍ਹ ਬਣਦਾ ਜਾ ਰਿਹਾ ਹੈ ਜਿਥੇ ਆਏ ਦਿਨ ਫਿਰਕੂ ਪਾਰਟੀਆਂ ਲੋਕਾਂ ਨੂੰ ਧਰਮਾਂ ਦੇ ਆਧਾਰ ਉਤੇ ਲੜਾਈ ਜਾ ਰਹੀਆਂ ਹਨ। ਸ਼ੁਕਰਵਾਰ ਰਾਤ ਨੂੰ ਭੜਕੇ ਦੰਗਿਆਂ ਵਿਚ ਇਕ ਵਿਅਕਤੀ ਛੁਰੇਬਾਜ਼ੀ ਦਾ ਸ਼ਿਕਾਰ ਹੋ ਗਿਆ। ਚਾਰ ਵਿਅਕਤੀ ਗੰਭੀਰ ਰੂਪ ਵਿਚ ਜ਼ਖਮੀ ਹੋ ਕੇ ਹਸਪਤਾਲ ਪਹੁੰਚੇ ਅਤੇ ਪੰਜਾਹ ਤੋਂ ਵੱਧ ਪੁਲਸ ਨੇ ਗ੍ਰਿਫਤਾਰ ਕਰ ਲਏ।

ਝਗੜਾ ਪੁਰਾਣੀ ਦਿੱਲੀ ਵਿਚ ਮੁੜ ਖੜ੍ਹਾ ਹੋਇਆ ਜਿਥੇ ਪਹਿਲਾਂ ਕਈ ਹਫਤਿਆਂ ਤੋਂ ਕਰਫੀਊ ਲੱਗਦਾ ਆ ਰਿਹਾ ਹੈ। ਇਸ ਇਲਾਕੇ ਵਿਚ ਹੀ ਹਿੰਦੂ ਤੇ ਮੁਸਲਿਮ ਭਾਰੀ ਗਿਣਤੀ ਵਿਚ ਰਹਿੰਦੇ ਹਨ। ਝਗੜਾ ਕਰਫੀਊ ਖੋਲ੍ਹੇ ਜਾਣ 'ਤੇ ਮੁੜ ਸ਼ੁਰੂ ਹੋ ਗਿਆ।

### ਪੱਥਰ, ਬੋਤਲਾਂ ਨਾਲ ਲੜਾਈ

ਹਿੰਦੂ ਤੇ ਮੁਸਲਮਾਨਾਂ ਵਿਚਕਾਰ ਲੜਾਈ ਪੱਥਰਾਂ ਤੇ ਬੋਤਲਾਂ ਨਾਲ ਸ਼ੁਰੂ ਹੋਈ। ਇਹ ਮਿਜ਼ਾਈਲਾਂ ਵਾਂਗ ਇਕ ਦੂਜੇ ਉਤੇ ਚਲਾਈਆਂ ਗਈਆਂ ਪੁਲਸ ਨੇ ਹਵਾਈ ਫਾਇਰ ਕੀਤੇ ਤੇ ਹੰਝੂ ਗੈਸ ਦਾ ਗੋਲੇ ਸੁਟੇ। ਪੁਲਸੀਏ ਲੋਕਾਂ ਨੂੰ ਡਾਂਗਾ ਨਾਲ ਕੁਟਦੇ ਵੀ ਦੇਖੇ ਗਏ।

ਇਕ ਵਿਅਕਤੀ ਨੂੰ ਛੋਟੀ ਜਿਹੀ ਗਲੀ ਵਿਚ ਖਿਚ ਲਿਆ ਗਿਆ ਜਿਥੇ ਉਸਦੇ ਛੁਰਾ ਮਾਰਿਆ ਗਿਆ। ਮਰੇ ਵਿਅਕਤੀ ਦੀ ਸ਼ਨਾਖਤ ਨਹੀਂ ਹੋ ਸਕੀ।

### ਬਿਨਾਂ ਕਾਰਨ ਹਿੰਸਾ

ਰੋਇਟਰ ਅਨੁਸਾਰ ਇਸ ਹਿੰਸਾ ਦਾ ਕੋਈ ਕਾਰਨ ਨਜ਼ਰ ਨਹੀਂ ਆਇਆ ਪਰ ਇਸ ਸ਼ਹਿਰ ਦੇ ਹਿੱਸੇ ਵਿਚ ਯੂ. ਪੀ. ਵਿਚ ਅਯੁਧਿਆ ਵਾਲੇ ਮੰਦਰ-ਮਸੀਤ ਦੇ ਝਗੜੇ ਕਾਰਨ ਹੀ ਇਹ ਖਿਚਾਅ-ਵਧਿਆ ਹੋਇਆ ਹੈ। ਮਈ ਵਿਚ ਇਨ੍ਹਾਂ ਹਿੰਸਿਆਂ ਵਿਚ ਹੀ 14 ਵਿਅਕਤੀ ਫਿਰਕੂ ਫਸਾਦਾਂ ਵਿਚ ਮਾਰੇ ਗਏ ਸਨ। ਉਸ ਸਮੇਂ ਤੋਂ ਹੀ ਇਹ ਹਿੰਸਾ ਕਰਫੀਊ ਅਧੀਨ ਲਗਾਤਾਰ ਤੁਰਿਆ ਆ ਰਿਹਾ ਹੈ।

### 5 ਦਹਿਸ਼ਤਪਸੰਦ ਹਲਾਕ

ਚੰਡੀਗੜ੍ਹ — ਸ਼ੁਕਰਵਾਰ ਦੀ ਰਾਤ ਨੂੰ ਪੰਜਾਬ ਵਿਚ ਵੱਖ ਵੱਖ ਥਾਵਾਂ ਉਤੇ ਪੁਲਸ ਨਾਲ ਅਖੌਤੀ ਮੁਕਾਬਲਿਆਂ ਵਿਚ ਪੰਜ ਦਹਿਸ਼ਤਪਸੰਦ ਹਲਾਕ ਹੋਣ ਦੀ ਖਬਰ ਹੈ।

### ਅਤਿਵਾਦੀ ਸਰਗਨੇ ਵਲੋਂ ਦੋਸ਼

ਜਲੰਧਰ — ਅਤਿਵਾਦੀ ਸੰਸਥਾ ਖਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਲਾਭ ਸਿੰਘ ਨੇ ਦੋਸ਼ ਲਗਾਇਆ ਕਿ ਫੋਰਸ ਦੇ ਦੋ ਅਤਿਵਾਦੀਆਂ ਮਥਰਾ ਸਿੰਘ ਤੇ ਗੁਰਦੇਵ ਸਿੰਘ ਸੀਰਪੁਰ ਨੂੰ ਪੁਲਸ ਨੇ ਝੂਠਾ ਪੁਲਸ ਮੁਕਾਬਲੇ ਬਣਾ ਕੇ ਮਾਰਿਆ ਹੈ।

**BERNARD SIMPSON** & COMPANY

PRACTICE **RESTRICTED** TO INJURIES SUFFERED DUE TO
**CAR ACCIDENTS (ICBC CLAIMS)**

ਅਸੀਂ ਕੇਵਲ ਕਾਰ ਐਕਸੀਡੈਂਟ ਸੰਬੰਧੀ ਆਈ. ਸੀ. ਬੀ. ਸੀ. ਕਲੇਮਾਂ ਨੂੰ ਹੀ ਹੈਂਡਲ ਕਰਦੇ ਹਾਂ

HANDLING CAR ACCIDENTS FOR OVER 15 YEARS

CONTINGENCY FEES AVAILABLE
(IF NO RECOVERY NO LEGAL FEE)
NO CHARGE FOR INITIAL CONSULTATION
SITUATED IN THE AUTOMOBILE ASSOCIATION BUILDING

734-2272

999 West Broadway, Vancouver, B.C. V5Z 1K5

# ਕਰਾਚੀ ਵਿਚ ਬੰਬ ਧਮਾਕੇ — 72 ਹਲਾਕ

ਕਰਾਚੀ (ਪਾਕਿਸਤਾਨ) — ਮੰਗਲਵਾਰ ਨੂੰ ਸ਼ਾਮ ਦੇ ਸਮੇਂ ਇਥੇ ਭਰੇ ਬਾਜ਼ਾਰ ਵਿਚ 4 ਬੰਬ ਫਟਣ ਨਾਲ 72 ਵਿਅਕਤੀਆਂ ਦੀ ਮੌਤ ਹੋ ਗਈ ਅਤੇ 300 ਵਿਅਕਤੀ ਗੰਭੀਰ ਹਾਲਤ ਵਿਚ ਹਨ। ਅਜੇ ਤੱਕ ਕਿਸੇ ਗਰੁਪ ਨੇ ਇਸ ਕਾਰਵਾਈ ਦਾ ਜ਼ਿੰਮਾ ਆਪਣੇ ਸਿਰ ਨਹੀਂ ਲਿਆ। ਇਹ ਘਟਨਾ ਸਦਰ ਬਾਜ਼ਾਰ ਵਿਚ ਵਾਪਰੀ।

ਮਿਊਂਸਪਲ ਅਧਿਕਾਰੀਆਂ ਨੇ ਕਿਹਾ ਕਿ ਇਹ ਬੰਬ ਕਿਸੇ ਬਦੇਸ਼ੀ ਏਜੰਸੀ ਦੀ ਕਾਰਵਾਈ ਹੈ। ਪਰ ਉਨ੍ਹਾਂ ਕਿਸੇ ਬਦੇਸ਼ੀ ਏਜੰਸੀ ਦਾ ਨਾਂ ਨਹੀਂ ਲਿਆ।

ਇਹ ਬੰਬ ਸ਼ਾਮ ਦੇ ਸਾਢੇ ਛੇ ਵਜੇ ਫਟੇ। ਇਹ ਕਾਰਾਂ ਵਿਚ ਰੱਖੇ ਹੋਏ ਸਨ ਅਤੇ ਦਰਜਨਾਂ ਵਿਅਕਤੀ ਜੋ ਕਾਰਾਂ ਦੇ ਨਜ਼ਦੀਕ ਸਨ ਤੂੰਬਿਆਂ ਵਾਂਗ ਉਡ ਗਏ। ਦਰਸ਼ਕਾਂ ਅਨੁਸਾਰ ਏਨਾ ਭਿਆਨਕ ਤੇ ਦਹਿਸ਼ਤ ਦਾ ਮਾਹੌਲ ਉਨ੍ਹਾਂ ਪਹਿਲਾਂ ਕਦੇ ਨਹੀਂ ਦੇਖਿਆ। ਬੰਬਾਂ ਦੇ ਧਮਾਕੇ ਪਿਛੋਂ ਅੱਗ ਨੇੜੇ ਖੜ੍ਹੀਆਂ ਕਾਰਾਂ ਤੋਂ ਬਿਲਡਿੰਗਾਂ ਤੱਕ ਫੈਲ ਗਈ।

### ਜੁਨੇਜੋ ਵਿਰੁਧ ਗੁੱਸਾ

ਕੈਨੇਡੀਅਨ ਪ੍ਰੈਸ ਦੀ ਖਬਰ ਅਨੁਸਾਰ ਇਹ ਕਾਰਵਾਈ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਮੁਹੰਮਦ ਖਾਨ ਜੁਨੇਜੋ ਵਿਰੁੱਧ ਗੁੱਸੇ ਕਾਰਨ ਹੈ ਜੋ ਫੌਜੀ ਡਿਕਟੇਟਰ ਜ਼ਿਆ ਉਲ ਹੱਕ ਦੇ ਹੱਥਾਂ ਵਿਚ ਖੇਲ ਰਿਹਾ ਹੈ। ਸਿੰਧ ਦੇ ਲੋਕ ਸਮੁੱਚੇ ਤੌਰ ਤੇ ਜ਼ਿਆ ਵਿਰੁਧ ਹਨ। 5 ਜੁਲਾਈ ਨੂੰ ਲਾਹੌਰ ਵਿਚ ਤਿੰਨ ਬੰਬ ਧਮਾਕਿਆਂ ਨਾਲ ਸੱਤ ਬੰਦੇ ਮਰੇ ਸਨ।

ਕੈਨੇਡੀਅਨ ਪ੍ਰੈਸ ਦਾ ਕਹਿਣਾ ਹੈ ਕਿ ਅਕਸਰ ਅਜਿਹੀਆਂ ਘਟਨਾਵਾਂ ਅਫਗਾਨਿਸਤਾਨ ਦੀ ਸਰਕਾਰ ਦੇ ਨਾਂ ਲਾ ਦਿੱਤੀਆਂ ਜਾਂਦੀਆਂ ਹਨ ਕਿਉਂਕਿ ਪਾਕਿਸਤਾਨ ਅਮਰੀਕਾ ਦਾ ਅੱਡਾ ਹੈ ਜਿਥੋਂ ਗੁਰੀਲਿਆਂ ਨੂੰ ਟਰੇਂਡ ਕੀਤਾ ਜਾਂਦਾ ਹੈ ਤੇ ਹਥਿਆਰ ਸਪਲਾਈ ਕੀਤੇ ਜਾਂਦੇ ਹਨ।



# ਗੁਰਦੁਆਰੇ ਦੇ ਪ੍ਰਧਾਨ ਨੂੰ 14 ਸਾਲ ਕੈਦ

## ਹੈਰੋਇਨ ਸਮਗਲਿੰਗ ਕੇਸ ਦਾ ਫੈਸਲਾ

**ਬਰੈਂਪਟਨ (ਓਨਟੇਰੀਓ) — ਕੈਨੇਡੀਅਨ ਪ੍ਰੈਸ ਦੀ ਖਬਰ ਅਨੁਸਾਰ ਟਰਾਂਟੋ ਦੇ ਇਕ ਗੁਰਦੁਆਰੇ ਦੇ ਪ੍ਰਧਾਨ ਗੁਰਦਿਆਲ ਸਿਘ ਸੰਧੂ ਨੂੰ ਹੈਰੋਇਨ ਸਮਗਲਿੰਗ ਦੇ ਦੋਸ਼ ਵਿਚ ਜੱਜ ਨੇ 14 ਸਾਲ ਕੈਦ ਦੀ ਸਜ਼ਾ ਸੁਣਾ ਦਿੱਤੀ ਹੈ। ਬੁੱਧਵਾਰ ਨੂੰ ਸੁਣਾਏ ਗਏ ਫੈਸਲੇ ਵਿਚ ਇਹ ਸਜ਼ਾ ਦਿੱਤੀ ਗਈ।**

ਪਿਛਲੇ ਮਹੀਨੇ 40-ਸਾਲਾ ਗੁਰਦਿਆਲ ਸਿਘ ਸੰਧੂ ਨੂੰ 447 ਗਰਾਮ ਹੈਰੋਇਨ ਕੈਨੇਡਾ ਵਿਚ ਲਿਆਉਣ ਦਾ ਦੋਸ਼ੀ ਕਰਾਰ ਦਿੱਤਾ ਗਿਆ ਸੀ ਜਦੋਂ ਉਹ ਇਹ ਹੈਰੋਇਨ ਭਾਰਤ ਤੋਂ 1 ਮਾਰਚ 1984 ਨੂੰ ਲੈ ਕੇ ਟਰਾਂਟੋ ਦੇ ਹਵਾਈ ਅੱਡੇ ਉਤੇ ਫੜਿਆ ਗਿਆ ਸੀ। ਸੰਧੂ ਨੂੰ ਨਸ਼ੀਲੀਆਂ ਦਵਾਈਆਂ ਵੇਚਣ ਦੇ ਦੂਜੇ ਦੋਸ਼ ਦਾ ਦੋਸ਼ੀ ਪਾਇਆ ਗਿਆ।

ਸੰਧੂ ਨੇ ਪੀਲ ਡਿਸਟ੍ਰਿਕਟ ਕੋਰਟ ਨੂੰ ਦੱਸਿਆ ਕਿ ਇਕ ਔਰਤ ਨਾਲ ਉਸਦੇ ਸੰਬੰਧ ਸਨ ਜਿਸ ਨੇ ਉਸਨੂੰ ਦੋ ਕੋਟ ਕੈਨੇਡਾ ਵਿਚ ਲਿਆਉਣ ਲਈ ਦਿਤੇ। ਪੀਅਰਸਨ ਹਵਾਈ ਅੱਡੇ ਉਤੇ ਕਸਟਮ ਅਧਿਕਾਰੀਆਂ ਨੇ ਸੰਧੂ ਦੇ ਦੋਨਾਂ ਕੋਟਾਂ ਵਿਚੋਂ 90 ਜੇਬਾਂ ਦੇਖੀਆਂ ਜਿਨ੍ਹਾਂ ਵਿਚ ਹੈਰੋਇਨ ਪਾਈ ਹੋਈ ਸੀ। ਦੋ ਗਰਾਮ ਦਾ ਪੈਕਟ ਉਸਦੇ ਬਟੂਏ ਵਿਚੋਂ ਨਿਕਲਿਆ।

ਸੰਧੂ ਨਾਲ ਸੰਬੰਧ ਰੱਖਣ ਵਾਲੀ ਔਰਤ ਭਾਰਤ ਤੋਂ ਕੈਨੇਡਾ ਮੰਗਵਾਈ ਗਈ ਸੀ ਜਿਸਨੇ ਆਪਣੇ ਬਿਆਨਾਂ ਵਿਚ ਕਿਹਾ ਕਿ ਉਸਨੂੰ 200 ਡਾਲਰ ਕਿਸੇ ਵਿਅਕਤੀ ਨੇ ਦਿੱਤੇ ਤਾਂ ਕਿ ਉਹ ਸੰਧੂ ਨਾਲ ਸੰਬੰਧ ਕਾਇਮ ਕਰੇ ਅਤੇ ਉਹ ਦੋ ਕੋਟ ਵੀ ਉਸ ਨੇ ਹੀ ਸੰਧੂ ਨੂੰ ਦੇਣ ਲਈ ਦਿਤੇ। ਉਸ ਔਰਤ ਨੇ ਆਪਣੇ ਬਿਆਨਾਂ ਵਿਚ ਇਹ ਵੀ ਕਿਹਾ ਕਿ ਏਅਰਪੋਰਟ ਉਤੇ ਸੰਧੂ ਨੇ ਉਸ ਨੂੰ ਆਪਣਾ ਬਟੂਆ ਦੇ ਕੇ ਕਿਹਾ ਕਿ ਉਹ ਪੀਣ ਲਈ ਕੁਝ ਲਿਆਵੇ ਅਤੇ ਦੂਜੇ ਵਿਅਕਤੀ ਨੇ ਉਸ ਸਮੇਂ ਬਟੂਏ ਵਿਚ ਹੈਰੋਇਨ ਪਾ ਦਿਤੀ।

ਪਰ ਕੋਰਟ ਨੇ ਉਸ ਔਰਤ ਦੇ ਬਿਆਨ ਨੂੰ ਸਹੀ ਮੰਨਣੋਂ ਇਨਕਾਰ ਕਰ ਦਿੱਤਾ ਤੇ ਸੰਧ ਨੰ 14 ਸਾਲ ਲਈ ਬੰਨ ਦਿੱਤਾ।

# ਆਮਦਨ ਟੈਕਸ ਵਿਭਾਗ ਵਲੋਂ ਛਾਪੇ

ਨਵੀਂ ਦਿੱਲੀ — ਆਮਦਨ ਟੈਕਸ ਅਧਿਕਾਰੀਆਂ ਨੇ ਇਕ ਅਜਿਹੀ ਕੰਪਨੀ ਤੇ ਛਾਪੇ ਮਾਰਕੇ ਇਕ ਕਰੋੜ 22 ਲੱਖ ਰੁਪਏ ਦਾ ਸੋਨਾ ਤੇ ਹੋਰ ਕੀਮਤੀ ਸਮਾਨ ਫੜਿਆ ਹੈ ਜਿਹੜੀ ਵੱਖ-ਵੱਖ ਥਾਵਾਂ ਤੇ ਹੀਰਿਆਂ ਜਵਾਹਰਾਤਾਂ ਦੀ ਖੁਦਾਈ ਤੇ ਉਨ੍ਹਾਂ ਨੂੰ ਤਰਾਸ਼ਣ ਦਾ ਕੰਮ ਕਰਦੀ ਸੀ। ਇਹ ਤਲਾਸ਼ੀਆਂ ਪਿਛਲੇ ਹਫਤੇ ਕੰਪਨੀ ਦੇ ਦਿੱਲੀ, ਬੜੌਦਾ ਤੇ ਰਾਜਸਥਾਨ ਦੀਆਂ ਤਿੰਨ ਥਾਵਾਂ ਤੇ ਇਕੋ-ਸਮੇਂ ਮਾਰੇ ਛਾਪਿਆਂ ਪਿਛੋਂ ਲਈਆਂ ਗਈਆਂ। ਭਾਰੀ ਗਿਣਤੀ ਵਿਚ ਅਜਿਹੇ ਦਸਤਾਵੇਜ ਫੜੇ ਗਏ ਹਨ ਜਿਨ੍ਹਾਂ ਤੋਂ ਟੈਕਸ ਚੋਰੀ ਕਰਨ ਦੇ ਮਾਮਲੇ ਨੰਗੇ ਹੁੰਦੇ ਹਨ।

# ਦਹਿਸ਼ਤਪਸੰਦਾਂ ਵਲੋਂ ਸੀ. ਪੀ. ਆਈ. ਨੇਤਾ ਸੁਖਮਿੰਦਰ ਸਿੰਘ ਬੱਚਿਆਂ ਸਮੇਤ ਕਤਲ

ਚੰਡੀਗੜ੍ਹ — ਵੀਰਵਾਰ ਨੂੰ ਦਹਿਸ਼ਤਪਸੰਦਾਂ ਨੇ ਪੰਜਾਬ ਵਿਚ ਅੱਠ ਕਤਲ ਕੀਤੇ ਜਿਨ੍ਹਾਂ ਵਿਚ ਸੀ. ਪੀ. ਆਈ. ਨੇਤਾ ਸੁਖਮਿੰਦਰ ਸਿਘ, ਉਸ ਦੇ ਤਿੰਨ ਬੱਚੇ, ਉਸਦਾ ਬਾਡੀਗਾਰਡ ਅਤੇ ਇਕ ਰਿਸ਼ਤੇਦਾਰ ਵੀ ਸ਼ਾਮਲ ਹਨ।

ਸੀ. ਪੀ. ਆਈ. ਦੇ ਸਕੱਤਰ ਪਿਆਰਾ ਸਿਘ ਦਿਓਸੀ ਨੇ ਕਿਹਾ ਕਿ ਕਮਿਊਨਿਸਟ ਪਾਰਟੀ ਅਜਿਹੀਆਂ ਕਾਰਵਾਈਆਂ ਤੋਂ ਡਰਨ ਵਾਲੀ ਨਹੀਂ। ਉਨ੍ਹਾਂ ਕਿਹਾ ਜੇ ਦਹਿਸ਼ਤਪਸੰਦਾਂ ਨੇ ਸੀ. ਪੀ. ਆਈ. ਦੇ ਵਰਕਰਾਂ ਉਤੇ ਹਮਲੇ ਬੰਦ ਨਾ ਕੀਤੇ ਤਾਂ ਇਸਦਾ ਖਮਿਆਜਾ ਦਹਿਸ਼ਤਪਸੰਦਾਂ ਨੂੰ ਭੁਗਤਣਾ ਪਏਗਾ। ਸ੍ਰੀ ਦਿਓਸੀ ਨੇ ਕਿਹਾ ਕਿ ਦਹਿਸ਼ਤਪਸੰਦਾਂ ਦਾ ਲੋਕਾਂ ਵਿਚ ਆਧਾਰ ਖਤਮ ਹੋ ਚੁਕਾ ਹੈ ਤੇ ਇਹ ਬੁਖਲਾਏ ਹੋਏ ਇਗੜ ਦੁਘੜ ਹਮਲਿਆਂ ਉਤੇ ਉਤਰ ਆਏ ਹਨ।

ਸ੍ਰੀ ਦਿਓਸੀ ਨੇ ਕਿਹਾ ਕਿ ਸੀ. ਪੀ. ਆਈ. ਵਰਕਰਾਂ ਨੇ ਹਜ਼ਾਰਾਂ ਪਿੰਡਾਂ ਦਾ ਦੌਰਾ ਕਰਕੇ ਦਹਿਸ਼ਤਪਸੰਦਾਂ ਦੀਆਂ ਬੇਗੁਨਾਹ ਲੋਕਾਂ ਨੂੰ ਕਤਲ ਕਰਨ ਦੀਆਂ ਕਾਰਵਾਈਆਂ ਦਾ ਪਰਦਾ ਫਾਸ਼ ਕੀਤਾ ਹੈ। ਉਨ੍ਹਾਂ ਕਿਹਾ ਧਰਮ ਤੇ ਜਾਤਾਂ ਦੇ ਆਧਾਰ ਉਤੇ ਫਸਾਦ ਪੰਜਾਬ ਵਿਚ ਨਹੀਂ ਹੋ ਸਕਦੇ ਕਿਉਂਕਿ ਹਿੰਦੂ-ਸਿਖ ਏਕਤਾ ਇਥੇ ਤੋੜੀ ਨਹੀਂ ਜਾ ਸਕਦੀ।


ROYAL
new & used
FURNITURE

ਜੇਕਰ ਤੁਸੀਂ ਨਵਾਂ ਜਾਂ ਪੁਰਾਣਾ ਫਰਨੀਚਰ ਖ਼੍ਰੀਦਣਾ ਜਾਂ ਟ੍ਰੇਡ ਕਰਨਾ ਹੋਵੇ ਤਾਂ ਸਾਡੇ ਸਟੋਰ ਤੇ ਦਰਸ਼ਨ ਦਿਓ

Ph: 874-9525

ਟੌਪ ਕੁਆਲਿਟੀ ਦਾ ਫਰਨੀਚਰ ਤੇ ਵਾਜਿਬ ਕੀਮਤਾਂ

- ਲਿਵਿੰਗ ਰੂਮ
- ਡਾਈਨਿੰਗ ਰੂਮ
- ਬੈਡ ਰੂਮ ਅਤੇ ਹਰ ਕਿਸਮ ਦਾ ਫਰਨੀਚਰ ਸਾਥੋਂ ਖ਼੍ਰੀਦੋ

* New * Used or * Trade-ins

ਫਰਨੀਚਰ ਦੀ ਦੁਨੀਆਂ ਵਿਚ 36 ਸਾਲ ਪੁਰਾਣਾ ਸਟੋਰ



ਰੌਇਲ ਫਰਨੀਚਰ ਲਿਮ:

2607 ਮੇਨ ਸਟਰੀਟ, ਵੈਨਕੂਵਰ, ਬੀ. ਸੀ. (At 10th Ave. East)

**THE CANADA DARPAN**
(Punjabi Weekly Newspaper)
P.O.BOX 265
Surrey, B.C. V3T 4W8
Chief Editor: DARSHAN GILL
Art: N. DHALIWAL
All office holders of CANADA DARPAN are honorary associates.
'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ । ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ।
Ph. 581-4473

# ਸਮਕਾਲੀ ਦੀ ਦੂਰਦਸ਼ਾ (2)

ਸਾਡੇ ਇਕ ਸਮਕਾਲੀ ਨੂੰ ਕੈਨੇਡਾ ਦੀਆਂ ਪੰਥਕ ਜਥੇਬੰਦੀਆਂ ਵਲੋਂ ਛੇਕੇ ਜਾਣ ਉਤੇ ਲੋਕਾਂ ਦੇ ਵੱਖ ਵੱਖ ਪ੍ਰਤੀਕਰਮ ਸਾਹਮਣੇ ਆ ਰਹੇ ਹਨ । ਸਭ ਤੋਂ ਤਿੱਖਾ ਪ੍ਰਤੀਕਰਮ ਅਜਿਹੇ ਲੋਕਾਂ ਦਾ ਹੈ ਜੋ ਇਹ ਕਹਿ ਰਹੇ ਹਨ ਕਿ ਇੰਨੀ ਦੇਰ ਇੰਨ੍ਹਾਂ ਪੰਥਕ ਜਥੇਬੰਦੀਆਂ ਨੂੰ ਸਮਝਣ ਵਿਚ ਕਿਉਂ ਲੱਗੀ ਕਿ ਜੋ ਨਫਰਤ ਦਾ ਪ੍ਰਚਾਰ ਲਗਾਤਾਰ ਸੁਰਖੀਆਂ ਰਾਹੀਂ ਕਿਸੇ ਫਿਰਕੇ ਵਿਰੁੱਧ ਹੁੰਦਾ ਆ ਰਿਹਾ ਸੀ, ਇਹ ਨਫਰਤ ਦਾ ਪਰਚਾਰ ਜਦੋਂ ਕਿਸੇ ਦੇ ਸੁਭਾਅ ਦਾ ਅੰਗ ਬਣ ਜਾਵੇ ਤਾਂ ਉਹ ਨਫਰਤ ਦਾ ਪਰਚਾਰ ਕਿਸੇ ਵਿਰੁੱਧ ਵੀ ਹੋ ਸਕਦਾ ਹੈ । ਖਾਸਕਰ ਸਾਡੀਆਂ ਵੱਡੀਆਂ ਕਹਾਉਂਦੀਆਂ ਸੁਸਾਇਟੀਆਂ ਦੇ ਆਗੂਆਂ ਨੇ ਇਸ ਪਰਚਾਰ ਦਾ ਅਸਰ 1980 ਆਦਿ ਵਿਚ ਹੀ ਦੇਖ ਲਿਆ ਸੀ ਅਤੇ ਉਨ੍ਹਾਂ ਨੂੰ ਕਚਹਿਰੀਆਂ ਦੇ ਮੂੰਹ ਵੀ ਦੇਖਣੇ ਪਏ ਸਨ । ਇਹ ਆਗੂ ਵਾਰ ਵਾਰ ਧੋਖਾ ਕਿਉਂ ਖਾਂਦੇ ਹਨ ? ਇਹ ਸੁਆਲ ਅਕਸਰ ਲੋਕ ਪੁਛ ਰਹੇ ਹਨ ।

ਕੈਨੇਡਾ ਦੀਆਂ ਪੰਥਕ ਜਥੇਬੰਦੀਆਂ ਨੂੰ ਇਹ ਪ੍ਰਤੀਕਰਮ ਵੀ ਦੇਖਣਾ ਪਵੇਗਾ ਕਿ ਜ਼ਾਤੀ ਹਮਲੇ ਸਾਡੀ ਪੰਜਾਬੀ ਪੱਤਰਕਾਰੀ ਵਿਚ ਕਿਉਂ ਦਾਖਲ ਹੋਏ ਹਨ ? ਇਨ੍ਹਾਂ ਜ਼ਾਤੀ ਹਮਲਿਆਂ ਦੀ ਪ੍ਰੰਪਰਾ ਵੀ ਏਥੋਂ ਦੀ ਪੱਤਰਕਾਰੀ ਦਾ ਇਕ ਹੋਰ ਅਹਿਮ ਸੁਭਾਅ ਬਣ ਗਿਆ ਹੈ । ਇਨ੍ਹਾਂ ਜ਼ਾਤੀ ਹਮਲਿਆਂ ਕਾਰਨ ਹੀ ਹਜ਼ਾਰਾਂ ਡਾਲਰ ਕੋਰਟਾਂ ਵਿਚ ਲੋਕਾਂ ਨੂੰ ਖਰਚਣੇ ਪੈਂਦੇ ਹਨ । ਕੁਝ ਲੋਕਾਂ ਕੋਲ ਤਾਂ ਆਮ ਲੋਕਾਂ ਤੋਂ ਬਟੋਰਿਆ ਧਨ ਹੋ ਸਕਦਾ ਹੈ ਪਰ ਆਮ ਆਦਮੀ ਜਿਸ ਉਤੇ ਜ਼ਾਤੀ ਹਮਲਾ ਕੀਤਾ ਜਾਂਦਾ ਹੈ ਉਹ ਕੋਰਟ ਵਿਚ ਜਾਣ ਤੋਂ ਵੀ ਹਿਚਕਚਉਂਦਾ ਹੈ । ਜਦੋਂ ਇਹ ਕੋਰਟਾਂ ਵਲੋਂ ਸਾਬਤ ਕੀਤਾ ਜਾ ਚੁਕਾ ਹੁੰਦਾ ਹੈ ਕਿ ਜ਼ਾਤੀ ਹਮਲੇ ਕੀਤੇ ਜਾਂਦੇ ਹਨ ਤਾਂ ਵੀ ਪੱਤਰਕਾਰੀ ਵਿਚ ਅਜਿਹੇ ਬੇਸ਼ਰਮ ਲੋਕ ਹਨ ਜੋ ਫਿਰਕੂ ਪਰਚਾਰ ਕਰਕੇ ਲੋਕਾਂ ਤੋਂ ਪੈਸੇ ਮੰਗਦਿਆਂ ਰੱਤੀ ਭਰ ਸ਼ਰਮ ਨਹੀਂ ਕਰਦੇ ।

ਕੁਝ ਲੋਕਾਂ ਦਾ ਇਹ ਪ੍ਰਤੀਕਰਮ ਵੀ ਹੈ ਕਿ ਕੀ ਪੰਥਕ ਕਮੇਟੀਆਂ ਆਪਣੇ ਵਲੋਂ ਕੀਤੇ ਫੈਸਲੇ ਨੂੰ ਲਾਗੂ ਵੀ ਕਰਵਾਉਂਦੀਆਂ ਹਨ ਕਿ ਨਹੀਂ ? ਜਦੋਂ ਕਿ ਕੁਝ ਵਿਅਕਤੀ ਜੋ ਆਪਣੇ ਆਪ ਨੂੰ ਪਰਮੁਖ ਆਗੂ ਕਹਾਉਂਦੇ ਹਨ ਤੇ ਫੈਸਲੇ ਸਮੇਂ ਮੀਟਿੰਗ ਤੋਂ ਵੀ ਕੰਨੀ ਕਤਰਾਉਂਦੇ ਹਨ ਕੀ ਅਜਿਹੇ ਬੰਦੇ ਉਸ ਸੰਸਥਾ ਦੇ ਯੋਗ ਹਨ ਜਿਨਾਂ ਦੀ ਉਹ ਪ੍ਰਤੀਨਿਧਤਾ ਕਰਦੇ ਹਨ । ਇਹ ਹੁਣ ਪੰਥਕ ਕਮੇਟੀਆਂ ਦੇ ਵਕਾਰ ਨੂੰ ਵੀ ਚੁਣੌਤੀ ਹੋਵੇਗੀ ਤੇ ਸਿਖ ਸੰਗਤਾਂ ਇਸ ਗੱਲ ਦਾ ਜੁਆਬ ਜ਼ਰੂਰ ਇਕ ਨਾ ਇਕ ਦਿਨ ਮੰਗਣਗੀਆਂ ।

(ਬਾਕੀ ਅਗਲੇ ਅੰਕ ਵਿਚ)

# ਇਕ ਹੋਰ ਰਫੀਊਜ਼ੀ ਜੱਥਾ

**ਸੂਫੀ ਅਮਰਜੀਤ**

ਲਗਪਗ ਇਕ ਸਾਲ ਪਹਿਲਾਂ ਸ੍ਰੀ ਲੰਕਾ ਤੋਂ ਇਕ ਰਫੀਊਜ਼ੀ ਜੱਥਾ, ਸਮੁੰਦਰ ਦੇ ਰਾਹ, ਕੈਨੇਡਾ ਦੇ ਪੂਰਬੀ ਕੰਢੇ ਉਤੇ ਆ ਉਤਰਿਆ ਸੀ, ਜਿਸ ਉਪਰ ਕਾਫੀ ਵਾਵੇਲਾ ਹੋਇਆ ਸੀ, ਕਿ ਇਹ ਅਸਲੀ ਰੀਫੀਊਜ਼ੀ ਨਹੀਂ, ਇਨ੍ਹਾਂ ਨੂੰ ਮੋੜਿਆ ਜਾਣਾ ਚਾਹੀਦਾ ਹੈ ਜਾਂ ਰੱਖ ਲੈਣਾ ਚਾਹੀਦਾ ਹੈ ਆਦਿ ਕਿਸਮ ਦੇ ਬਿਆਨ ਕਈ ਤਰ੍ਹਾਂ ਦੀਆਂ ਜੱਥੇਬੰਦੀਆਂ ਵਲੋਂ ਦਿਤੇ ਗਏ ਸਨ, ਪ੍ਰੰਤੂ ਇਮੀਗਰੇਸ਼ਨ ਮਹਿਕਮੇਂ ਨੇ ਇਨ੍ਹਾਂ ਉਪਰ ਹਮਦਰਦੀ ਨਾਲ ਗੌਰ ਕਰਕੇ, ਇਥੇ ਰਹਿਣ ਦੀ ਪਰਵਾਨਗੀ ਦੇ ਦਿੱਤੀ । ਇਹ ਪ੍ਰਵਾਨਗੀ ਭਾਵੇਂ ਹਾਲੇ ਅੰਤਮ ਰੂਪ ਵਿਚ ਮੁਕੰਮਲ ਨਹੀਂ ਹੋਈ, ਪਰ ਉਨ੍ਹਾਂ ਨੂੰ ਕੰਮ ਅਤੇ ਰਹਿਣ ਲਈ ਸਹਾਇਤਾ ਦੀਆਂ ਸਹੂਲਤਾਂ ਦੇ ਦਿੱਤੀਆਂ ਗਈਆਂ ।

ਹੁਣ 12 ਜੁਲਾਈ ਨੂੰ 174 ਬੰਦੇ, ਤਾਮਲਾਂ ਵਾਂਗ ਹੀ 'ਬਚਾਓ ਕਿਸ਼ਤੀਆਂ' ਵਿਚ ਅਸਵਾਰ ਹੋ ਕੇ, ਨੋਵਾ ਸਕੋਸ਼ੀਆ ਦੇ ਕੰਢੇ, ਸਵੇਰੇ ਧੁੰਦ ਵਿਚ ਤੁਰੇ ਫਿਰਦੇ ਦੇਖੇ ਗਏ ਤਾਂ ਛੇਤੀ ਪਿਛੋਂ ਇਹ ਖਬਰ ਕੈਨੇਡਾ ਭਰ ਵਿਚ ਫੈਲ ਗਈ । ਕੁਝ ਘੰਟਿਆਂ ਪਿਛੋਂ ਇਹ ਸਾਬਤ ਹੋ ਗਿਆ ਕਿ ਇਹ ਲੋਕ ਭਾਰਤ ਦੇ ਰਹਿਣ ਵਾਲੇ ਹਨ, ਜਿਨ੍ਹਾਂ ਵਿਚ ਅੱਧੇ ਪੰਜਾਬੀ ਸਿੱਖ ਹਨ, ਜੋ ਉਨ੍ਹਾਂ ਦੀਆਂ ਪੱਗਾਂ ਤੋਂ ਪਛਾਣੇ ਜਾ ਸਕਦੇ ਹਨ । ਬਾਕੀ ਜਿਨ੍ਹਾਂ ਦੀਆਂ ਹਜਾਮਤਾਂ ਕੀਤੀਆਂ ਹੋਈਆਂ ਹਨ, ਹੋ ਸਕਦਾ ਉਹ ਵੀ ਪੰਜਾਬੀ-ਸਿੱਖ ਹੀ ਹੋਣ, ਪ੍ਰੰਤੂ ਉਨ੍ਹਾਂ ਨਾਲ ਕਿਸੇ ਨੂੰ ਗੱਲਬਾਤ ਕਰਨ ਦੀ ਇਜ਼ਾਜਤ ਨਾ ਹੋਣ ਕਾਰਨ, ਹਾਲੇ ਭਰੋਸੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ ਹੈ ।

## ਕੈਨੇਡੀਅਨ ਲੋਕਾਂ ਦਾ ਪ੍ਰਤੀਕਰਮ

ਜਦੋਂ ਹੀ ਇਨ੍ਹਾਂ 'ਰੀਫੀਊਜ਼ੀਆਂ' ਦੀ ਖਬਰ ਪ੍ਰੈਸ ਵਿਚ ਆਈ ਤਾਂ ਬਹੁਤ ਸਾਰੇ ਕੈਨੇਡੀਅਨ ਲੋਕਾਂ ਨੇ ਇਸ ਉਪਰ ਗੁੱਸੇ ਵਾਲੇ ਵਿਚਾਰ ਪ੍ਰਗਟ ਕੀਤੇ ਕਿ ਇਸ ਤਰ੍ਹਾਂ ਕੁਝ ਲੋਕਾਂ ਦਾ ਆਉਣਾ ਕੈਨੇਡੀਅਨ ਇਮੀਗਰੇਸ਼ਨ ਕਾਨੂੰਨ ਦੀ ਕਮਜ਼ੋਰੀ ਹੈ । ਇਹ ਗਲਤ ਢੰਗ ਹੈ, ਇਸ ਤਰ੍ਹਾਂ ਦੇ ਕਾਨੂੰਨੀ-ਰਖਣਿਆਂ ਨੂੰ ਬੰਦ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਕੋਈ ਇਸ ਦੀ ਦੁਰਵਰਤੋਂ ਨਾ ਕਰ ਸਕੇ ।

ਕਈ ਇਮੀਗਰੇਸ਼ਨ ਕਾਨੂੰਨ ਨੂੰ ਸਖਤ ਕਰਨ ਲਈ ਆਵਾਜ਼ ਉਠਾ ਰਹੇ ਹਨ, ਕਈ ਰੀਫੀਊਜ਼ੀਆਂ ਨੂੰ ਪ੍ਰਵਾਨ ਕਰਨ ਉਪਰੰਤ ਹੀ ਪਾਬੰਦੀ ਲਾਉਣ ਦੀ ਗੱਲ ਕਰ ਰਹੇ ਹਨ । ਪ੍ਰੰਤੂ ਕਈ ਰੀਫੀਊਜ਼ੀਆਂ ਦੀ ਸਹਾਇਤਾ ਲਈ ਬਣੀਆਂ ਏਜੰਸੀਆਂ ਇਸ ਦੇ ਵਿਰੁੱਧ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ਇਮੀਗਰੇਸ਼ਨ ਕਾਨੂੰਨ ਅਜਿਹਾ ਹੋਵੇ, ਜਿਸ ਨਾਲ ਠੀਕ ਅਰਥਾਂ ਵਿਚ ਰੀਫੀਊਜ਼ੀ ਹੋਣ ਵਾਲੇ ਹੀ ਇਸ ਦਾ ਲਾਭ ਉਠਾ ਸਕਣ ।

ਯੂ. ਐਨ. ਓ. ਦੀ ਵਿਆਖਿਆ ਅਨੁਸਾਰ ਉਹ ਵਿਅਕਤੀ ਰੀਫੀਊਜ਼ੀ ਮੰਨਿਆ ਜਾ ਸਕਦਾ ਹੈ ਜਿਸ ਨੂੰ ਉਸ ਦੇ ਆਪਣੇ ਦੇਸ਼ ਵਿਚ, ਧਰਮ, ਰੰਗ, ਰਾਜਨੀਤੀ, ਲਿੰਗ ਭੇਦ ਅਤੇ ਸਭਿਆਚਾਰਕ ਵਖਰੇਵੇਂ ਦੇ ਆਧਾਰ ਉਤੇ ਸੰਬੰਧਿਤ ਦੇਸ਼ ਦੀ ਸਰਕਾਰ ਵਲੋਂ ਜੇਲ ਪਾਏ ਜਾਣ, ਸਖਤੀਆਂ ਦਿੱਤੀਆਂ ਜਾਣ ਜਾਂ ਕਤਲ ਕੀਤੇ ਜਾਣ ਦਾ ਡਰ ਹੋਵੇ ।

## ਝੂਠੇ ਰੀਫੀਊਜ਼ੀ ਦਾਅਵੇ

ਕੈਨੇਡਾ ਦੇ ਲੋਕਾਂ ਦੀ ਵੱਡੀ ਗਿਣਤੀ ਇਹ ਮੰਨਦੀ ਹੈ ਕਿ ਬਹੁਤ ਸਾਰੇ ਲੋਕ, ਸਿਰਫ ਕੈਨੇਡਾ ਵਿਚ ਦਾਖਲ ਹੋਣ ਲਈ, ਆਪਣੇ ਆਪ ਨੂੰ ਝੂਠੇ ਤੌਰ ਉਪਰ ਰੀਫੀਊਜ਼ੀ ਕਹਿ ਰਹੇ ਹਨ । ਕਈ ਥਾਵਾਂ ਉਪਰ ਟਰੈਵਲ ਏਜੰਟ ਸੰਬੰਧਿਤ ਦੇਸ਼ ਵਿਚ, ਕਿਸੇ ਰਾਜਨੀਤਕ ਵਿਰੋਧੀ ਲਹਿਰ ਦੇ ਨਾਂ ਨੂੰ ਵਰਤਕੇ ਰੀਫੀਊਜ਼ੀ ਹੋਣ ਦਾ ਤਰੀਕਾ ਵਰਤਣ, ਬਾਹਰ ਜਾਣ ਵਾਲੇ ਲੋਕਾਂ ਨਾਲ ਠੱਗੀਆਂ ਮਾਰ ਜਾਂਦੇ ਹਨ ।

ਪ੍ਰੰਤੂ ਜਿਨ੍ਹਾਂ ਲੋਕਾਂ ਨੂੰ ਬਹੁਤੇ ਕੈਨੇਡੀਅਨ ਸੀ ਰੀਫੀਊਜ਼ੀ ਮੰਨਦੇ ਹਨ, ਉਹ ਆਮ ਕਰਕੇ ਕਮਿਊਨਿਸਟ ਦੇਸ਼ਾਂ ਤੋਂ ਆਉਣ ਵਾਲੇ ਲੋਕ ਹਨ, ਜਿਨ੍ਹਾਂ ਨੂੰ ਆਮ ਕਰਕੇ ਓਥੇ ਕਿਸੇ ਜੇਲ ਜਾਂ ਕਤਲ ਕੀਤੇ ਜਾਣ ਦਾ ਡਰ ਨਹੀਂ ਹੁੰਦਾ, ਉਹ ਸਿਰਫ ਉਸ ਰਾਜਨੀਤੀ ਨਾਲ ਸਹਿਮਤ ਨਹੀਂ ਹੁੰਦੇ, ਇਸ ਲਈ ਉਹ ਇਸ ਤਰ੍ਹਾਂ ਦੇ ਝੂਠੇ ਦੋਸ਼ ਲਾ ਕੇ ਝੂਠੀਆਂ ਕਹਾਣੀਆਂ ਬਣਾ ਕੇ ਸੁਣਾਉਂਦੇ ਹਨ । ਇਨ੍ਹਾਂ ਕਮਿਊਨਿਸਟ ਵਿਰੋਧੀਆਂ ਨੂੰ ਕੈਨੇਡਾ-ਅਮਰੀਕਾ ਆਦਿ ਪੱਛਮੀ ਦੇਸ਼ ਆਪਣੇ ਕਮਿਊਨਿਸਟ ਵਿਰੋਧੀ ਪ੍ਰਚਾਰ ਲਈ ਵਰਤ ਲੈਂਦੇ ਹਨ ਇਸ ਲਈ, ਉਹ ਇਨ੍ਹਾਂ ਨੂੰ ਠੀਕ ਜਾਪਦੇ ਹਨ । ਜਿਥੇ ਕਮਿਊਨਿਸਟਾਂ ਉਪਰ ਜਬਰ ਹੁੰਦਾ ਹੈ ਉਨ੍ਹਾਂ ਦੇਸ਼ਾਂ ਵਿਚੋਂ ਆਉਣ ਵਾਲੇ ਜਮਹੂਰੀ ਵਿਚਾਰਾਂ ਦੇ, ਟਰੇਡ ਯੂਨੀਅਨਾਂ ਦੇ ਆਗੂਆਂ ਆਦਿ ਨੂੰ ਵੀ ਛੇਤੀ ਕੀਤੇ ਰੀਫੀਊਜ਼ੀ ਮੰਨ ਕੇ ਆਉਣ ਦੀ ਆਗਿਆ ਨਹੀਂ ਦਿੱਤੀ ਜਾਂਦੀ । ਸਗੋਂ ਜਿਥੇ ਲੋਕਾਂ ਉਪਰ ਰਾਜਨੀਤਕ ਵਿਚਾਰਾਂ ਦੇ ਵਖਰੇਵੇਂ ਕਾਰਨ ਅਤਿਆਚਾਰ ਹੁੰਦੇ ਹਨ, ਉਨ੍ਹਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਪੱਛਮੀ ਦੇਸ਼ ਪੂਰੀ ਸਹਾਇਤਾ ਦੇ ਰਹੇ ਹਨ ਜਿਵੇਂ ਚਿੱਲੀ, ਅਲਸਲਵਾਡੋਰ, ਦੱਖਣੀ ਕੋਰੀਆ, ਇੰਡੋਨੇਸ਼ੀਆ, ਮਾਰਕੋਸ ਵੇਲੇ ਦਾ ਫਿਲਪਾਈਨ ਪਾਕਿਸਤਾਨ, ਸ਼ਾਹ ਵੇਲੇ ਦਾ ਈਰਾਨ ਆਦਿ ਸਪਸ਼ਟ ਉਦਾਹਰਣਾਂ ਹਨ ।

## ਇਮੀਗਰੇਸ਼ਨ ਮਨਿਸਟਰ ਦਾ ਸਟੈਂਡ

ਇਸ ਭਾਰਤ ਤੋਂ ਆਏ ਰੀਫੀਊਜ਼ੀ ਜੱਥੇ ਦੇ ਸੰਬੰਧ ਵਿਚ ਅਨੇਕਾਂ ਲੋਕਾਂ ਇਮੀਗਰੇਸ਼ਨ ਮਨਿਸਟਰ ਨੂੰ ਟੈਲੀਫੂਨ ਕੀਤੇ ਹਨ । ਮਨਿਸਟਰ ਨੇ ਸਪਸ਼ਟ ਕਿਹਾ ਹੈ ਕਿ ਹੁਣ ਦੇ ਕਾਨੂੰਨ ਅਨੁਸਾਰ ਅਸੀਂ ਕਿਸੇ ਨੂੰ ਵਾਪਸ ਨਹੀਂ ਮੋੜ ਸਕਦੇ, ਕਾਨੂੰਨ ਦੇ ਸਿਲਸਲੇ ਵਿਚ ਦੀ ਲੰਘਦਿਆਂ ਜੋ ਵੀ ਫੈਸਲਾ ਹੋਵੇਗਾ ਉਹ ਨਿਆਂ-ਪੂਰਨ ਹੋਵੇਗਾ ।

ਮਨਿਸਟਰ ਦਾ ਸਟੈਂਡ ਬਾਜਵ ਅਤੇ ਦਰੁਸਤ ਹੈ । ਅਸੀਂ ਚਾਹੁੰਦੇ ਹਾਂ ਕਿ ਕੈਨੇਡੀਅਨ ਕਾਨੂੰਨ ਅਨੁਸਾਰ ਇਨ੍ਹਾਂ ਰੀਫੀਊਜ਼ੀ ਕੇਸਾਂ ਉਪਰ ਮੁਢਲੀ ਜਾਂਚ ਜਿੰਨੇ ਛੇਤੀ ਖਤਮ ਕੀਤੇ ਜਾਵੇ ਉਨੀ ਹੀ ਠੀਕ ਹੈ । ਕਿਉਂਕਿ ਇਸ ਦਾ ਲੰਬੇ ਹੋਣ ਨਾਲ, ਇਕ ਪਾਸੇ ਨਸਲਵਾਦੀਆਂ ਵਲੋਂ ਨਸਲੀ ਭਾਵਨਾਵਾਂ ਉਛਾਲਣ ਦਾ ਡਰ ਹੈ ਦੂਜੇ ਪਾਸੇ ਭਾਰਤੀ ਕਮਿਊਨਿਟੀ ਵਿਚ ਦੇ ਕਈ ਫਿਰਕੂ ਆਗੂ ਆਪਣੀ ਰਾਜਨੀਤੀ ਦੇ ਪਰਚਾਰ ਲਈ ਇਨ੍ਹਾਂ ਨੂੰ ਹਥਿਆਰ ਬਣਾ ਕੇ ਨਾ ਵਰਤ ਸਕਣ ।

ਆਮ ਲੋਕਾਂ ਤੋਂ ਸੁਣਿਆ ਗਿਆ ਹੈ ਕਿ ਰੀਫੀਊਜ਼ੀਆਂ ਦੀ ਸਹਾਇਤਾ ਦੇ ਨਾਂ ਉਪਰ ਕਈ ਅਦਾਰੇ ਜਾਂ ਵਿਅਕਤੀ ਫੰਡ ਇਕੱਠਾ ਕਰਨ ਦੀਆਂ ਸਕੀਮਾਂ ਬਣਾ ਰਹੇ ਹਨ । ਸਾਡੇ ਲੋਕਾਂ ਦੀ ਉਦਾਰਤਾ ਤੋਂ ਲਾਭ ਉਠਾਉਂਦੇ ਹੋਏ, ਡਰ ਹੈ ਕਿ ਅਜਿਹੇ ਫੰਡਾਂ ਵਿਚ ਘਾਲਾ ਮਾਲਾ ਹੋ ਸਕਦਾ ਹੈ । ਪਹਿਲਾਂ ਪੰਜਾਬ ਵਿਚ ਅਤੇ ਦਿੱਲੀ ਵਿਚ ਸਹਾਇਤਾ ਦੇ ਨਾਂ ਉਪਰ ਫੰਡ ਇਕੱਠੇ ਕੀਤੇ ਗਏ, ਜਿਸ ਦਾ ਲੋਕਾਂ ਵਿਚ ਕੋਈ ਵੇਰਵਾ ਨਹੀਂ ਆਇਆ ਕਿ ਉਹ ਕਿਸ ਨੇ ਕਿਸ ਨੂੰ ਕਿੰਨੇ ਭੇਜੇ ਸਨ । ਇਸ ਗਲੋਂ ਸਾਵਧਾਨ ਰਹਿਣ ਦੀ ਲੋੜ ਹੈ ।

ਵੈਸੇ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਆਪ ਇਨ੍ਹਾਂ ਲੋਕਾਂ ਨੂੰ ਸਹਾਇਤਾ ਦੇਵੇ ਅਤੇ ਜਿੰਨੇ ਛੇਤੀ ਹੋ ਸਕੇ, ਇੰਨਾਂ ਦੇ ਕੇਸਾਂ ਦੇ ਫੈਸਲੇ ਤੱਕ ਆਰਜ਼ੀ ਵਰਕ ਪਰਮਟ ਦੇਵੇ, ਜਿਵੇਂ ਬੀ ਸੀ ਵਿਚ ਫਾਰਮਾਂ ਵਿਚ ਕਾਫੀ ਕੰਮ ਹੈ, ਇਹ ਲੋਕ ਕੰਮ ਕਰਕੇ ਗੁਜ਼ਾਰਾ ਕਰ ਸਕਦੇ ਹਨ, ਇਸ ਤਰ੍ਹਾਂ ਇਨ੍ਹਾਂ ਰੀਫੀਊਜ਼ੀਆਂ ਨੂੰ ਤੰਗ ਰਾਜਸੀ ਹਿਤਾਂ ਲਈ ਵਰਤਿਆ ਨਾ ਜਾ ਸਕੇਗਾ । ਇਸ ਸੰਬੰਧ ਵਿਚ ਇਮੀਗਰੇਸ਼ਨ ਮੈਨ ਪਾਵਰ ਮਹਕਿਮੇਂ ਨੂੰ ਚਾਹੀਦਾ ਹੈ ਕਿ ਉਹ ਫਾਰਮ ਵਰਕਰਜ਼ ਯੂਨੀਅਨ ਨਾਲ ਗੱਲਬਾਤ ਕਰਨ ।

## ਰੀਫੀਊਜ਼ੀ ਦੀ ਵਾਪਸੀ ਦੇ ਚਾਹਵਾਨ

ਕੁਝ ਕੈਨੇਡੀਅਨ ਲੋਕ ਰੀਫੀਊਜ਼ੀਆਂ ਵਲੋਂ ਚੋਰੀ ਦਾਖਲੇ ਦਾ ਸਮੁੰਦਰੀ ਢੰਗ ਅਪਣਾਏ ਜਾਣ ਉਪਰ ਦੁਖੀ ਹਨ, ਕੁਝ ਵੈਸੇ ਹੀ ਨਸਲਵਾਦੀ ਭਾਵਨਾਵਾਂ ਹੇਠ, ਇਨ੍ਹਾਂ ਦੇ ਵਾਪਸ ਜਾਣ ਦੀ ਮੰਗ ਕਰ ਰਹੇ ਹਨ । ਭਾਵੇਂ ਕਿ ਇਹ ਲੋਕ ਕਾਨੂੰਨ ਵਿਚ ਦਰਜ ਵਿਵਸਥਾਵਾਂ ਨੂੰ ਨਾ ਸਮਝਦੇ ਹੋਏ ਆਪਣੇ ਵਿਚਾਰਾਂ ਦੇ ਅਸਰ ਹੇਠ ਅਜਿਹੀ ਗਲਤ ਮੰਗ ਕਰ ਰਹੇ ਹਨ ।

ਵਰਲਡ ਸਿੱਖ ਆਰਗੇਨਾਈਜ਼ੇਸ਼ਨ (W.S.O.) ਦੇ ਆਗੂ ਸ. ਗਿਆਨ ਸਿੰਘ ਸੰਧੂ ਵਿਲੀਅਮਜ਼ਲੇਕ ਨੇ ਪ੍ਰੈਸ ਨਾਲ ਗੱਲ

ਬਾਕੀ ਪੰਨਾ 5 'ਤੇ'

**Immigration and Citizenship Matters**
**JAMES SUE & COMPANY**
**Immigration Advocates**

- Filing a successful application for immigrant & business Visas
- Family Re-Unification
- Indian Adoptions
- Making a Refugee Claim
- Inquiries & Deportation
- Immigration Appeal Board matters
- Assisted relative applications for brother, sister, uncles, Aunts, nephews and Nieces — Married or single regardless of age.
- Hindi, Punjabi spoken

Evening Office : 433-4685

If you need help and require updated information — Contact :

**BABU JIM NARAIN** of James, Sue & Company who has 18 years of experience on Immigration and Citizenship matters with top Immigration Lawyers.

5024 Victoria Drive, Vancouver, B.C. V5P 3T8

**ਸਪੈਸ਼ਲ ਅਨਾਊਂਸਮੈਂਟ**

ਨਵੀਂ ਇਮੀਗਰੇਸ਼ਨ ਪਾਲਿਸੀ ਅਨੁਸਾਰ ਤੁਸੀਂ ਭਾਰਤ ਜਾਂ ਕਿਸੇ ਹੋਰ ਦੇਸ਼ ਤੋਂ ਘਰੇਲੂ ਕੰਮ ਕਰਨ ਲਈ ਕਾਮੇ (domestic workers) ਮੰਗਵਾ ਸਕਦੇ ਹੋ ਜਿਨ੍ਹਾਂ ਲਈ ਸਪੈਸ਼ਲ ਵੀਜ਼ਾ ਮਿਲਦਾ ਹੈ ਤੇ ਉਹ ਪੱਕੇ ਇਮੀਗਰੇਂਟ ਬਣ ਸਕਦੇ ਹਨ । ਜੇ ਤੁਸੀਂ ਕਿਸੇ ਨੂੰ ਇਸ ਨਵੀਂ ਪਾਲਿਸੀ ਅਧੀਨ ਮੰਗਵਾਉਣਾ ਚਾਹੁੰਦੇ ਹੋ ਤਾਂ ਹੁਣ ਮੌਕਾ ਹੈ । ਹੋਰ ਜਾਣਕਾਰੀ ਲਈ ਬਾਬੂ ਜਿਮ ਨਰਾਇਣ ਨੂੰ ਮਿਲੋ !

Tel: Off.
324-9441

# ਭਾਰਤ-ਸੋਵੀਅਤ ਵਪਾਰ 10,000 ਕਰੋੜ ਦਾ ਹੋਵੇਗਾ — ਮੰਨੂ ਭਾਈ ਸ਼ਾਹ

ਨਵੀਂ ਦਿੱਲੀ — ਚੈਂਬਰ ਆਫ ਕਮਰਸ ਦੇ ਚੇਅਰਮੈਨ ਮੰਨੂ ਭਾਈ ਸ਼ਾਹ ਨੇ ਆਪਣੇ ਵਪਾਰਕ ਡੈਲੀਗੇਸ਼ਨ ਦੇ ਮਾਸਕੋ ਤੋਂ ਇਥੇ ਪਹੁੰਚਣ ਸਮੇਂ ਕਿਹਾ ਕਿ ਆਉਂਦੇ ਚਾਰ ਸਾਲ ਵਿਚ ਭਾਰਤ ਦਾ ਵਪਾਰ ਸੋਵੀਅਤ ਯੂਨੀਅਨ ਨਾਲ ਦੁਗਣਾ ਹੋ ਜਾਵੇਗਾ। ਉਨ੍ਹਾਂ ਕਿਹਾ ਪਿਛਲੇ ਸਾਲ ਇਹ 4000 ਕਰੋੜ ਦਾ ਸੀ ਅਤੇ ਇਸ ਸਾਲ ਵਧਕੇ 5000 ਕਰੋੜ ਦਾ ਹੋ ਜਾਵੇਗਾ। ਉਨ੍ਹਾਂ ਕਿਹਾ ਆਉਂਦੇ ਚਾਰ ਸਾਲ ਵਿਚ ਇਹ ਵਧਕੇ 10,000 ਕਰੋੜ ਤੱਕ ਪੁਜ ਜਾਵੇਗਾ।

## 15 ਨਵੇਂ ਵਪਾਰਕ ਸਮਝੌਤੇ

ਸ੍ਰੀ ਮੰਨੂ ਭਾਈ ਸ਼ਾਹ ਨੇ ਕਿਹਾ ਕਿ ਸਿੰਨਥੈਕਿਸ, ਹੋਟਲ-ਉਸਾਰੀ, ਚਮੜੇ ਦਾ ਸਾਮਾਨ ਆਦਿ ਬਾਰੇ 15 ਨਵੇਂ ਵਪਾਰਕ ਸਮਝੌਤੇ ਸੋਵੀਅਤ ਯੂਨੀਅਨ ਨਾਲ ਹੋਏ ਹਨ ਜਿਨ੍ਹਾਂ ਕਾਰਨ ਵਪਾਰ ਵਧੇਗਾ।

ਪੰਨਾ 4 ਦੀ ਬਾਕੀ

ਕਰਦੇ ਹੋਏ ਨੇ ਦੋ ਇਹ ਵਿਚਾਰ ਪ੍ਰਗਟ ਕੀਤੇ ਹਨ ਕਿ ਇਹ ਲੋਕ ਜਿਥੋਂ ਆਏ ਹਨ ਉਨ੍ਹਾਂ ਨੂੰ ਉਥੇ ਵਾਪਸ ਕੀਤਾ ਜਾਣਾ ਚਾਹੀਦਾ ਹੈ, ਬੜੇ ਹੀ ਗੈਰ ਜ਼ਿਮੇਦਾਰਾਨਾ ਹਨ। ਖਾਸ ਕਰਕੇ ਜਦੋਂ ਕੋਈ ਵਿਅਕਤੀ ਕਿਸੇ ਇਕ ਕਮਿਊਨਿਟੀ ਦਾ ਆਗੂ ਕਹਾਉਂਦਾ ਹੋਵੇ ਉਸ ਨੂੰ ਅਜਿਹਾ ਵਿਚਾਰ ਪ੍ਰਗਟ ਕਰਦਿਆਂ, ਦਸ ਵਾਰ ਸੋਚਣਾ ਚਾਹੀਦਾ ਹੈ। ਜੇਕਰ ਉਸ ਨੂੰ ਇਹ ਨਹੀਂ ਪਤਾ ਕਿ ਉਹ ਠੀਕ ਕਹਿ ਰਿਹਾ ਹੈ ਜਾਂ ਗਲਤ ਤਾਂ ਘਟੋ ਘੱਟ ਉਸ ਨੂੰ ਇਹ ਹੀ ਕਹਿ ਦੇਣਾ ਚਾਹੀਦਾ ਹੈ ਕਿ ਉਹ ਹੋਰ ਜਾਣਕਾਰੀ ਪ੍ਰਾਪਤ ਕਰ ਰਿਹਾ ਹੈ ਫਿਰ ਇਸ ਵਾਰੇ ਆਪਣੇ ਵਿਚਾਰ ਦਸੇਗਾ।

## ਈਸਟ ਇੰਡੀਅਨ ਵ: ਐਸੋ: ਦਾ ਸਟੈਂਡ

ਈਸਟ ਇੰ: ਵ: ਐਸੋ: ਨੇ ਇਨ੍ਹਾਂ ਰੀਫੀਊਜ਼ੀਆਂ ਸੰਬੰਧੀ ਠੋਸ ਪਹੁੰਚ ਧਾਰਨ ਕੀਤੀ ਹੈ। ਐਸੋ: ਦੇ ਬੁਲਾਰੇ ਸਾਥੀ ਗੁਰਨਾਮ ਸਿੰਘ ਸੰਘੇੜਾ ਨੇ ਵੈਨਕੂਵਰ ਸਨ ਨੂੰ ਦੱਸਿਆ ਕਿ ਜਿਵੇਂ ਹੋਰਨਾਂ ਰੀਫੀਊਜ਼ੀਆਂ ਨਾਲ ਵਰਤਾਓ ਕੀਤਾ ਜਾਂਦਾ ਹੈ ਓਸੇ ਤਰ੍ਹਾਂ ਹੀ ਇਨ੍ਹਾਂ ਨਾਲ ਠੀਕ ਵਰਤਾਓ ਕੀਤਾ ਜਾਵੇ ਅਤੇ ਕਾਨੂੰਨ ਅਨੁਸਾਰ ਇਨ੍ਹਾਂ ਨੂੰ ਇਨਸਾਫ ਮਿਲਣਾ ਚਾਹੀਦਾ ਹੈ। ਐਸੋ: ਦਾ ਇਹ ਦ੍ਰਿੜ ਸਟੈਂਡ ਹੈ ਕਿ ਇਨ੍ਹਾਂ ਕੇਸਾਂ ਦੀ ਛੇਤੀ ਤੋਂ ਛੇਤੀ ਮੁਢਲੀ ਤਪਤੀਸ਼ ਨੂੰ ਮੁਕਾਇਆ ਜਾਵੇ ਤਾਂ ਜੋ ਨਸਲਵਾਦੀ ਅਤੇ ਫਿਰਕੂ ਲੋਕ ਇਨ੍ਹਾਂ ਨੂੰ ਆਪਣੇ ਮਨੋਰਥਾਂ ਲਈ ਨਾ ਵਰਤ ਸਕਣ।

# ਦਾਰਜੀਲਿੰਗ ਤੇ ਪਹਾੜੀ ਇਲਾਕਿਆਂ ਨੂੰ ਵੱਧ ਅਧਿਕਾਰ ਦਿੱਤੇ ਜਾਣ — ਜੋਤੀ ਬਾਸੂ

ਕਲਕੱਤਾ — ਇਥੇ ਖੱਬੇ ਪੱਖੀ ਮੋਰਚੇ ਵਿਚ ਸ਼ਾਮਲ ਸਰਬ-ਪਾਰਟੀ ਮੀਟਿੰਗ ਹੋਈ ਜਿਸ ਦੀ ਪ੍ਰਧਾਨਗੀ ਪੱਛਮੀ ਬੰਗਾਲ ਦੇ ਮੁਖ ਮੰਤਰੀ ਸ੍ਰੀ ਜੋਤੀ ਬਾਸੂ ਨੇ ਕੀਤੀ। ਮੀਟਿੰਗ ਨੇ ਫੈਸਲਾ ਕੀਤਾ ਕਿ ਦਾਰਜੀਲਿੰਗ ਤੇ ਦੂਜੇ ਪਹਾੜੀ ਇਲਾਕਿਆਂ ਨੂੰ ਕੇਂਦਰੀ ਸਰਕਾਰ ਵਲੋਂ ਵੱਧ ਅਧਿਕਾਰ ਦਿਤੇ ਜਾਣੇ ਚਾਹੀਦੇ ਹਨ ਤਾਂਕਿ ਉਨ੍ਹਾਂ ਇਲਾਕਿਆਂ ਨੂੰ ਤਰੱਕੀ ਕਰਨ ਦੇ ਵੱਧ ਅਵਸਰ ਪ੍ਰਾਪਤ ਹੋਣ।

ਮੀਟਿੰਗ ਨੇ ਇਹ ਵੀ ਫੈਸਲਾ ਕੀਤਾ ਕਿ ਕੇਂਦਰ ਸਰਕਾਰ ਨੂੰ ਕਿਹਾ ਜਾਵੇ ਕਿ ਉਹ ਨੇਪਾਲੀ ਬੋਲੀ ਨੂੰ ਅੱਠਵੇਂ ਸ਼ੈਡਊਲ ਵਿਚ ਸ਼ਾਮਲ ਕਰੇ ਤਾਕਿ ਨੇਪਾਲੀ ਲੋਕ ਆਪਣੀ ਭਾਸ਼ਾ ਤੇ ਸਭਿਆਚਾਰ ਉਤੇ ਮਾਣ ਹਾਸਲ ਕਰ ਸਕਣ।

ਸ੍ਰੀ ਜੋਤੀ ਬਾਸੂ ਨੇ ਕਿਹਾ ਕਿ ਗੋਰਖਾਲੈਂਡ ਦੀ ਮੰਗ ਦੇਸ਼ ਦੇ ਹਿਤਾਂ ਵਿਚ ਨਹੀਂ ਹੈ। ਇਸ ਲਈ ਇਸ ਨੂੰ ਮੰਨਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਪਰ ਜੋ ਵੀ ਹੋਰ ਮਸਲੇ ਹਨ ਉਹ ਸਾਰੇ ਵਿਚਾਰ-ਅਧੀਨ ਲਿਆਂਦੇ ਜਾ ਸਕਦੇ ਹਨ ਤੇ ਗਲਬਾਤ ਰਾਹੀਂ ਹੱਲ ਕੀਤੇ ਜਾ ਸਕਦੇ ਸਨ। ਸ੍ਰੀ ਬਾਸੂ ਨੇ ਕਿਹਾ ਕਿ ਗੋਰਖਾ ਲਿਬਰੇਸ਼ਨ ਫਰੰਟ ਵਲੋਂ ਹਿੰਸਾ ਨੂੰ ਤਿਆਗਣਾ ਪਵੇਗਾ

# ਸਰੀ ਵਿਚ ਜੇਲ੍ਹ ਬਣਾਏ ਜਾਣ ਦਾ ਵਿਰੋਧ

ਸਰੀ — ਸਰੀ ਵਿਚ ਜੇਲ੍ਹ ਬਣਾਏ ਜਾਣ ਦਾ ਵਿਰੋਧ ਲਗਾਤਾਰ ਜ਼ੋਰ ਫੜ ਰਿਹਾ ਹੈ ਅਤੇ ਸਟੋਰਾਂ ਉਤੇ ਵੀ ਪਟੀਸ਼ਨ ਦੀਆਂ ਕਾਪੀਆਂ ਪਹੁੰਚ ਗਈਆਂ ਹਨ। ਇਹ ਜੇਲ੍ਹ ਮਿਊਂਸਪਲ ਹਾਲ ਦੇ ਨੇੜੇ ਹੀ ਬਣਾਏ ਜਾਣ ਦਾ ਵਿਚਾਰ ਹੈ। ਮਿਊਂਸਪਲ ਕੌਂਸਲ ਨੇ ਅਜੇ ਇਸਦਾ ਫੈਸਲਾ ਕਰਨਾ ਹੈ ਪਰ ਤਜ਼ਵੀਜ਼-ਸ਼ੁਦਾ ਜੇਲ, ਕੋਰਟ ਹਾਊਸ, ਪੁਲਸ ਹੈਡਕੁਆਰਟਰ ਨਾਲੋਂ ਨਾਲ ਬਣਾਏ ਜਾਣ ਦੀ ਚਰਚਾ ਕੌਂਸਲ ਵਿਚ ਚਲ ਰਹੀ ਹੈ।

ਆਲੇ-ਦੁਆਲੇ ਵਿਚ ਵਸਦੇ ਲੋਕਾਂ ਦਾ ਵਿਚਾਰ ਹੈ ਕਿ ਉਨ੍ਹਾਂ ਦੇ ਘਰਾਂ ਦੀਆਂ ਕੀਮਤਾਂ ਘਟਣਗੀਆਂ। ਬਹੁਤੇ ਲੋਕਾਂ ਦਾ ਵਿਚਾਰ ਹੈ ਕਿ ਪ੍ਰਵਾਰਾਂ ਨੂੰ ਜੇਲ੍ਹ ਕਾਰਨ ਖਤਰਾ ਵੀ ਵਧ ਸਕਦਾ ਹੈ।

# ਦੱਖਣੀ ਐਕਸ ਪ੍ਰੈਸ ਗੱਡੀ ਨੂੰ ਹਾਦਸਾ — 53 ਮੌਤਾਂ

ਨਵੀਂ ਦਿੱਲੀ — ਇਥੋਂ ਮਿਲੀ ਖਬਰ ਅਨੁਸਾਰ ਆਂਧਰਾ ਪ੍ਰਦੇਸ਼ ਵਿਚ ਦੱਖਣ ਐਕਸ ਪ੍ਰੈਸ ਰੇਲ ਗੱਡੀ ਹੜ੍ਹਾਂ ਕਾਰਨ ਹਾਦਸੇ ਦਾ ਸ਼ਿਕਾਰ ਹੋ ਗਈ ਜਿਸ ਕਾਰਨ 53 ਮੌਤਾਂ ਹੋ ਗਈਆਂ। ਇਹ ਭਿਆਨਕ ਹਾਦਸਾ ਇਕ ਰੇਲਵੇ ਪੁਲ ਉਤੇ ਵਾਪਰਿਆ ਜਦੋਂ ਗੱਡੀ ਲੀਹ ਤੋਂ ਲਹਿ ਗਈ ਅਤੇ ਦੋ ਡੱਬੇ ਆਪਸ ਵਿਚ ਭਿੜ ਗਏ।

# ਜ਼ਮਾਨਤ ਸੰਬੰਧੀ ਫੈਸਲਾ-ਰਾਖਵਾਂ

ਨਵੀਂ ਦਿੱਲੀ — ਐਡੀਸ਼ਨਲ ਸੈਸ਼ਨਜ ਜੱਜ ਐਸ ਸੀ ਜੈਨ ਨੇ ਛੇ ਵਿਅਕਤੀਆਂ ਵਲੋਂ ਦਿਤੀ ਜ਼ਮਾਨਤ ਦੀ ਅਰਜੀ ਉਪਰ ਆਪਣਾ ਫੈਸਲਾ ਰਾਖਵਾਂ ਰਖ ਲਿਆ। ਇਹ ਛੇ ਵਿਅਕਤੀ, ਜਿਨ੍ਹਾਂ ਵਿਚ ਇਕ ਔਰਤ ਵੀ ਸ਼ਾਮਲ ਹੈ ਨੂੰ ਉਨ੍ਹਾਂ ਦੀਆਂ ਅਤਿਵਾਦੀ ਸਰਗਰਮੀਆਂ ਲਈ ਗ੍ਰਿਫਤਾਰ ਕੀਤਾ ਗਿਆ ਸੀ। ਇਹ ਛੇ ਵਿਅਕਤੀ ਹਨ ਸਵਰਨ ਦਰਸ਼ਨ ਸਿੰਘ, ਰਣਜੀਤ ਸਿੰਘ, ਬਲਦੇਵ ਸਿੰਘ, ਯਸ਼ ਪਾਲ ਕਸ਼ਯਪ ਤੇ ਮੁਹਿੰਦਰ ਕੌਰ। ਸਰਕਾਰੀ ਵਕੀਲ ਨੇ ਦੋਸ਼ੀਆਂ ਵਿਰੁਧ ਦੋਸ਼ ਲਗਾਇਆ ਕਿ ਇਹਨਾਂ ਖੌਫਨਾਕ ਅਤਿਵਾਦੀਆਂ ਸੁਖੀ, ਕੂਕੀ ਤੇ ਜਿੰਦਾ ਨੂੰ ਪਨਾਹ ਦਿੱਤੀ ਤੇ ਉਹਨਾਂ ਦੇ ਜਾਹਲੀ ਪਾਸਪੋਰਟਾਂ ਰਾਹੀਂ ਦੇਸ਼ ਵਿਚੋਂ ਭੱਜ ਜਾਣ ਲਈ ਪ੍ਰਬੰਧ ਕੀਤਾ।

# ਸਾਬਕਾ ਮੰਤਰੀ ਦੋ ਪੁਤਰਾਂ ਸਮੇਤ ਰੂਪੋਸ਼

ਤਰਨਤਾਰਨ — ਪੰਜਾਬ ਦੇ ਸਾਬਕਾ ਮੰਤਰੀ ਅਤੇ ਕਾਂਗਰਸ (ਆਈ) ਦੇ ਨੇਤਾ ਸ੍ਰੀ ਦਿਲਬਾਗ ਸਿੰਘ ਡਾਲੇਕੇ ਆਪਣੇ ਦੋ ਪੁਤਰਾਂ ਸਮੇਤ ਰੂਪੋਸ਼ ਹੋ ਗਏ ਹਨ। ਦੱਸਿਆ ਗਿਆ ਹੈ ਕਿ ਉਨ੍ਹਾਂ ਨੂੰ ਬਾਬਾ ਗੁਰਬਚਨ ਸਿੰਘ ਮਾਨੋਚਾਹਲ ਦੀ ਜਥੇਬੰਦੀ ਭਿੰਡਰਾਂਵਾਲੇ ਟਾਈਗਰਜ਼ ਫੋਰਸ ਵਲੋਂ ਕੋਈ ਡੇਢ ਮਹੀਨਾ, ਪਹਿਲਾਂ ਇਕ ਚਿੱਠੀ ਮਿਲੀ ਸੀ ਜਿਸ ਵਿਚ ਉਨ੍ਹਾਂ ਤੋਂ ਪੰਜ ਲੱਖ ਰੁਪਏ ਦੀ ਮੰਗ ਕੀਤੀ ਗਈ ਸੀ ਪਰ ਉਨ੍ਹਾਂ ਨੇ ਇਸ ਚਿੱਠੀ ਵੱਲ ਕੋਈ ਖਾਸ ਧਿਆਨ ਨਾ ਦਿੱਤਾ। ਦੁਬਾਰਾ ਧਮਕੀ ਭਰੀ ਚਿੱਠੀ ਮਿਲਣ ਉਤੇ ਸੰਬੰਧਤ ਜਥੇਬੰਦੀ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਗੱਲਬਾਤ ਸਿਰੇ ਨਾ ਚੜ੍ਹੀ ਤਾਂ ਇਸ ਪਿਛੋਂ ਸ੍ਰੀ ਡਾਲੇਕੇ ਆਪਣੇ ਦੋ ਛੋਟੇ ਪੁਤਰਾਂ ਸਮੇਤ ਰੂਪੋਸ਼ ਹੋ ਗਏ।


## ਕਨੇਡੀਅਨ ਪੰਜਾਬੀ ਸਾਹਿਤ ਸਮਾਗਮ



# ਸਾਹਿਤ ਸਮਾਗਮ

ਕੈਨੇਡਾ ਵਿਚ ਪੰਜਾਬੀ ਸਾਹਿਤਕ ਪਰਚਿਆਂ ਉਤੇ
ਵਿਚਾਰ ਵਟਾਂਦਰਾ, ਪ੍ਰਦਰਸ਼ਨੀ ਅਤੇ
ਸਭਿਆਚਾਰਕ ਪ੍ਰੋਗਰਾਮ

**8 ਅਤੇ 9 ਅਗਸਤ, 1987**
**ਸ਼ਨਿਚਰਵਾਰ ਅਤੇ ਐਤਵਾਰ ਨੂੰ**
**ਕਲਾਰਨੀ ਕਮਿਊਨਿਟੀ ਸੈਂਟਰ**
**ਵੈਨਕੂਵਰ, ਬੀ. ਸੀ. ਕੈਨੇਡਾ ਵਿਚ**

**ਪੰਜਾਬੀ ਲੇਖਕ ਮੰਚ ਵੈਨਕੂਵਰ**
P.O.BOX 67344 Stn. 'Q'
VANCOUVER, B.C. CANADA V5W 3T1

## ਸਾਹਿਤ ਸਮਾਗਮ ਦੇ ਉਦੇਸ਼

**ਸਾਹਿਤ ਸਮਾਗਮ ਦੇ ਮੁਖ ਉਦੇਸ਼ ਇਹ ਹਨ :**

(ੳ) ਕੈਨੇਡਾ ਵਿਚ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੀ ਪ੍ਰਫੁੱਲਤਾ ਵਿਚ ਹਿਸਾ ਪਾਉਣਾ।

(ਅ) ਏਥੋਂ ਦੇ ਸਾਡੇ ਸਭਿਆਚਾਰ ਵਿਚ ਪੰਜਾਬੀ ਸਾਹਿਤ ਨੂੰ ਯੋਗ ਸਥਾਨ ਅਤੇ ਮਹੱਤਤਾ ਦੁਆਉਣਾ।

(ੲ) ਕਨੇਡੀਅਨ ਪੰਜਾਬੀ ਸਾਹਿਤ ਨੂੰ ਕੈਨੇਡਾ ਦੇ ਮੁਖ ਧਾਰਾ ਸਾਹਿਤ ਅਤੇ ਸਭਿਆਚਾਰ ਦਾ ਅੰਗ ਬਨਾਉਣਾ।

**ਸਾਹਿਤ ਸਮਾਗਮ ਲਈ ਹੇਠ ਲਿਖੀਆਂ ਮੁਖ ਸਰਗਰਮੀਆਂ ਉਲੀਕੀਆਂ ਗਈਆਂ ਹਨ :**

1. ਪੰਜਾਬੀ ਸਾਹਿਤ ਅਤੇ ਸਭਿਆਚਾਰ ਉਤੇ ਲਿਖਵਾਏ ਗਏ ਪਰਚਿਆਂ ਉਤੇ ਚਾਰ ਸੈਸ਼ਨ ਕੀਤੇ ਜਾਣਗੇ ਜਿੰਨ੍ਹਾਂ ਵਿਚ ਪਰਚਿਆਂ ਉਤੇ ਵਿਚਾਰ ਵਟਾਂਦਰਾ ਕੀਤਾ ਜਾਵੇਗਾ।
2. ਸਵੀਕਾਰਤ ਸਾਰੇ ਪਰਚੇ ਲੇਖਕ ਮੰਚ ਵਲੋਂ ਛਾਪਣ ਦਾ ਪ੍ਰਬੰਧ ਕੀਤਾ ਜਾਵੇਗਾ।
3. ਇਕ ਕਵੀ ਦਰਬਾਰ ਵੀ ਕੀਤਾ ਜਾਵੇਗਾ ਜਿਸ ਵਿਚ ਸਥਾਨਕ ਅਤੇ ਬਾਹਰੋਂ ਆਏ ਕਵੀ ਭਾਗ ਲੈ ਸਕਣਗੇ।
4. ਸਮਾਗਮ ਉਤੇ ਦੋਨੋਂ ਦਿਨ ਪੁਸਤਕਾਂ, ਸਾਹਿਤਕ ਪਰਚਿਆਂ, ਤਸਵੀਰਾਂ ਅਤੇ ਹੋਰ ਕਲਾ ਕਿਰਤਾਂ ਦੀ ਪ੍ਰਦਰਸ਼ਨੀ ਕੀਤੀ ਜਾਵੇਗੀ।
5. ਸਥਾਨਕ ਅਤੇ ਕੈਨੇਡਾ ਦੇ ਹੋਰਨਾਂ ਹਿਸਿਆਂ ਤੋਂ ਆਏ ਲੇਖਕਾਂ ਅਤੇ ਕਲਾਕਾਰਾਂ ਦੇ ਆਪਸੀ ਮੇਲ ਜੋਲ ਵਧਾਉਣ ਅਤੇ ਸਾਹਿਤਕ ਵਿਚਾਰ ਵਟਾਂਦਰਾ ਕਰਨ ਲਈ ਇਕ ਡਿੱਨਰ ਮੀਟਿੰਗ ਦਾ ਪ੍ਰਬੰਧ ਕੀਤਾ ਜਾਵੇਗਾ।

## ਪੰਜਾਬੀ ਲੇਖਕ ਮੰਚ ਵੈਨਕੂਵਰ

ਪੰਜਾਬੀ ਲੇਖਕ ਮੰਚ, ਵੈਨਕੂਵਰ ਅਤੇ ਇਸ ਦੇ ਆਲੇ ਦੁਆਲੇ ਦੇ ਇਲਾਕਿਆਂ ਵਿਚ ਵਸਦੇ ਪੰਜਾਬੀ ਲੇਖਕਾਂ ਦੀ ਜੱਥੇਬੰਦੀ ਹੈ। ਇਹ ਲੇਖਕ ਪਿਛਲੇ ਡੇਢ ਦਹਾਕੇ ਤੋਂ ਸਾਹਿਤਕ ਅਤੇ ਸਭਿਆਚਾਰਕ ਤੌਰ ਤੇ ਸਰਗਰਮ ਹਨ।

ਲੇਖਕ ਮੰਚ ਦੀ ਹਰ ਮਹੀਨੇ ਬਾਕਾਇਦਾ ਸਾਹਿਤਕ ਮੀਟਿੰਗ ਹੁੰਦੀ ਹੈ ਜਿਸ ਵਿਚ ਕਵਿਤਾਵਾਂ, ਕਹਾਣੀਆਂ, ਨਾਟਕ, ਅਨੁਵਾਦ, ਪੁਸਤਕ ਪੜਚੋਲ, ਸਾਹਿਤ ਸਮਾਚਾਰ ਅਤੇ ਸਾਹਿਤ ਸਬੰਧੀ ਹੋਰ ਲਿਖਤਾਂ ਪੜ੍ਹੀਆਂ ਅਤੇ ਵਿਚਾਰੀਆਂ ਜਾਂਦੀਆਂ ਹਨ। ਲੇਖਕ ਮੰਚ ਦਾ ਮੁਖ ਆਸ਼ਾ ਕੈਨੇਡਾ ਵਿਚ ਮੌਲਕ ਪੰਜਾਬੀ ਸਾਹਿਤ ਦੀ ਸਿਰਜਣਾਂ ਨੂੰ ਉਤਸ਼ਾਹਤ ਕਰਨਾ ਹੈ। ਲੇਖਕ ਮੰਚ ਦੀਆਂ ਮੀਟਿੰਗਾਂ ਬਾਰੇ ਸਮੇਂ ਸਮੇਂ ਬਾਹਰੋਂ ਆਏ ਅਤੇ ਦੂਜੀਆਂ ਭਾਸ਼ਾਵਾਂ ਦੇ ਲੇਖਕ ਵੀ ਹਿਸਾ ਲੈਂਦੇ ਰਹੇ ਹਨ। ਮੰਚ ਵਲੋਂ ਕਵੀ ਦਰਬਾਰ, ਰੇਡੀਓ ਕਵਿਤਾ ਪਾਠ, ਪੁਸਤਕ ਸਮਾਰੋਹ ਅਤੇ ਪਰਦਰਸ਼ਨੀਆਂ ਵੀ ਕੀਤੀਆਂ ਜਾਂਦੀਆਂ ਹਨ। ਮੰਚ ਦੇ ਮੈਂਬਰ ਸਮੇਂ ਸਮੇਂ ਅੰਗਰੇਜ਼ੀ ਕਵਿਤਾ ਪਾਠਾਂ ਵਿਚ ਵੀ ਹਿਸਾ ਲੈਂਦੇ ਹਨ।

## ਸਾਹਿਤ ਸਮਾਗਮ ਦਾ ਪ੍ਰਬੰਧ

ਅਗਸਤ 1987 ਵਿਚ ਆਯੋਜਤ ਕੀਤਾ ਜਾ ਰਿਹਾ ਸਾਹਿਤ ਸਮਾਗਮ ਲੇਖਕ ਮੰਚ ਦਾ ਇਸ ਪੱਧਰ ਉਤੇ ਪਹਿਲਾ ਯਤਨ ਹੈ। ਸਮਾਗਮ ਦੀ ਪਾਲਿਸੀ, ਡਾਇਰੈਕਸ਼ਨ ਅਤੇ ਪ੍ਰਬੰਧ ਲੇਖਕ ਮੰਚ ਦੇ ਹੱਥਾਂ ਵਿਚ ਹੋਵੇਗਾ। ਵੱਖਰੇ ਵੱਖਰੇ ਕਾਰਜਾਂ ਲਈ ਮੰਚ ਵਲੋਂ ਛੇ ਕਮੇਟੀਆਂ ਨਿਯੁਕਤ ਕੀਤੀਆਂ ਗਈਆਂ ਹਨ।

ਸਾਹਿਤ ਸਮਾਗਮ ਵਿਚ ਹਿਸਾ ਲੈਣ ਲਈ ਜਾਂ ਹੋਰ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਫੋਨ ਕਰੋ ਜਾਂ ਹੇਠ ਲਿਖੇ ਐਡਰੈਸ ਤੇ ਖਤ ਪੱਤਰ ਕਰੋ :

**ਗੁਰਚਰਨ ਰਾਮਪੁਰੀ : 986-2883 ; ਅਜਮੇਰ ਰੋਡੇ : 276-2735**
**ਸਾਧੂ : 437-9014 ; ਦਰਸ਼ਨ ਗਿੱਲ : 581-4473**
**ਅਮਰਜੀਤ ਸੂਫੀ : 581-7811 ; ਮੱਖਣ ਟੁੱਟ : 437-5666**

**ਪੰਜਾਬੀ ਲੇਖਕ ਮੰਚ ਵੈਨਕੂਵਰ**
P.O. BOX 67344 Stn. 'O'
VANCOUVER, B.C. CANADA V5W 3T1

# ਧੂਤ ਅਤੇ ਕਨੇਡੀਅਨ ਦਾ ਕਾਤਲ ਦਹਿਸ਼ਤਗਰਦ ਮੁਕਾਬਲੇ 'ਚ ਹਲਾਕ

ਚੰਡੀਗੜ੍ਹ — ਪਿਛਲੇ ਦਿਨੀਂ ਪੰਜਾਬ ਪੁਲਸ ਤੇ ਸੁਰੱਖਿਆ ਬਲਾਂ ਦੀ ਇਕ ਗਸ਼ਤੀ ਟੁਕੜੀ ਨਾਲ ਹੋਈ ਮੁਠਭੇੜ ਵਿਚ ਅਤਿਅੰਤ ਖਤਰਨਾਕ ਅਤਿਵਾਦੀ ਗੁਰਦੇਵ ਸਿੰਘ ਹਲਾਕ ਹੋ ਗਿਆ। ਮ੍ਰਿਤਕ ਅਤਿਵਾਦੀ ਗੁਰਦੇਵ ਸਿੰਘ ਉਰਫ ਦੇਬੂ ਦਾ ਸਾਥੀ ਚੰਨਣ ਸਿੰਘ ਧੂਤ ਤੇ ਸਾਥੀ ਕਨੇਡੀਅਨ ਦੇ ਕਤਲ ਵਿਚ ਹੱਥ ਸੀ।

## ਧੂਤ ਤੇ ਕਨੇਡੀਅਨ ਦਾ ਕਾਤਲ ਹਲਾਕ

ਜਲੰਧਰ — ਅਰਬਨ ਐਸਟੇਟ ਖੇਤਰ ਵਿਚ ਸੁਰੱਖਿਆ ਦਸਤਿਆਂ ਅਤੇ ਦੋ ਦਹਿਸ਼ਤਪਸੰਦਾਂ ਵਿਚਕਾਰ ਹੋਏ ਮੁਕਾਬਲੇ ਵਿਚ ਗੁਰਦੇਵ ਸਿੰਘ ਉਰਫ ਦੇਬੂ ਨਾਂਮੀ ਖਤਰਨਾਕ ਦਹਿਸ਼ਤਪਸੰਦ ਮਾਰਿਆ ਗਿਆ ਜਦ ਕਿ ਦੂਜਾ ਹਨੇਰੇ ਦਾ ਲਾਭ ਉਠਾ ਕੇ ਫਰਾਰ ਹੋ ਗਿਆ। ਪੁਲਸ ਨੇ ਮ੍ਰਿਤਕ ਪਾਸੋਂ ਇਕ ਸਕੂਟਰ ਪੀ. ਜੇ. ਕਿਊ 9891, ਇਕ ਚੀਨੀ 7.62 ਕੈਲੀਬਰ ਸਾਲਟ ਆਟੋਮੈਟਿਕ ਰਾਇਫਲ ਅਤੇ ਦੋ ਮੈਗਜ਼ੀਨ ਬਰਾਮਦ ਕੀਤੇ ਹਨ ਜਿਹਨਾਂ ਵਿਚੋਂ ਇਕ ਵਿਚ ਪੰਦਰਾਂ ਅਤੇ ਦੂਜੇ ਵਿਚ 25 ਗੋਲੀਆਂ ਸਨ।

ਉਕਤ ਜਾਣਕਾਰੀ ਦਿੰਦੇ ਹੋਏ ਐਸ ਐਸ ਪੀ ਸ੍ਰੀ ਐਸ ਐਸ ਬੈਂਸ ਨੇ ਦੱਸਿਆ ਕਿ ਮ੍ਰਿਤਕ ਗੁਰਦੇਵ ਸਿੰਘ ਪਿੰਡ ਧੀਰਪੁਰ ਥਾਣਾ ਕਰਤਾਰਪੁਰ ਦਾ ਰਹਿਣ ਵਾਲਾ ਹੈ ਅਤੇ ਉਹ ਵੱਖ ਵੱਖ ਮਾਮਲਿਆਂ ਵਿਚ ਪੁਲਸ ਨੂੰ ਲੋੜੀਂਦਾ ਸੀ। ਸ੍ਰੀ ਬੈਂਸ ਅਨੁਸਾਰ ਸੁਰੱਖਿਆ ਦਸਤੇ ਅਤੇ ਪੰਜਾਬ ਪੁਲਸ ਦੀ ਇਕ ਸਾਂਝੀ ਪਾਰਟੀ ਅਰਬਨ ਸਟੇਟ ਦੀ ਕੋਠੀ ਨੰਬਰ 1005 ਵਿਚ ਇਹ ਸੂਚਨਾ ਮਿਲਨ ਤੇ ਛਾਪਾ ਮਾਰਨ ਜਾ ਰਹੀ ਸੀ ਕਿ ਉਥੇ ਸੁਖਦੇਵ ਸਿੰਘ ਉਰਫ ਸੁਖਾ, ਬਹਾਦਰ ਸਿੰਘ ਅਤੇ ਬੱਬਰ ਖਾਲਸਾ ਖਾੜਕੂ ਜਥੇਬੰਦੀ ਦਾ ਚੀਫ ਅਨੋਖ ਸਿੰਘ ਠਹਿਰਾਇਆ ਹੋਇਆ ਹੈ ਅਤੇ ਰਸਤੇ ਵਿਚ ਇਸ ਪੁਲਸ ਪਾਰਟੀ ਦਾ ਉਕਤ ਦੋ ਸਕੂਟਰ ਸਵਾਰ ਦਹਿਸ਼ਤਪਸੰਦਾਂ ਨਾਲ ਮੁਕਾਬਲਾ ਹੋ ਗਿਆ ਅਤੇ ਗੁਰਦੇਵ ਸਿੰਘ ਮੌਕੇ ਤੇ ਹੀ ਮਾਰਿਆ ਗਿਆ।

ਉਹਨਾਂ ਦੱਸਿਆ ਕਿ ਮ੍ਰਿਤਕ ਗੁਰਦੇਵ ਸਿੰਘ 15/1/87 ਨੂੰ ਕਰਤਾਰਪੁਰ ਵਿਚ ਹੋਈ ਗੋਲੀ ਕਾਂਡ ਜਿਸ ਵਿਚ ਵਿਪਨ ਕੁਮਾਰ ਅਤੇ ਪ੍ਰਤਾਪ ਕੁਮਾਰ ਮਾਰੇ ਗਏ ਤੇ ਚਾਰ ਜ਼ਖਮੀ ਹੋਏ ਸਨ, 32/2/87 ਨੂੰ ਥਾਣਾ ਆਦਮਪੁਰ ਦੇ ਪਿੰਡ ਢੀਂਗਰਾਂ ਵਿਚ ਸੰਤ ਪਾਖਰ ਸਿੰਘ ਦੇ ਡੇਰੇ ਤੇ ਉਸ ਨੂੰ ਜ਼ਖਮੀ ਅਤੇ ਉਸ ਦੇ ਚੇਲੇ ਨੂੰ ਗੋਲੀ ਮਾਰ ਕੇ ਹਲਾਕ ਕਰਨ 19/1/87 ਧਰਮਪਾਲ ਨਾਂਮੀ ਦੁਕਾਨਦਾਰ ਨੂੰ ਜ਼ਖਮੀ ਕਰਨ, 10/3/87 ਨੂੰ ਜਲੰਧਰ ਦੇ ਸੀ. ਆਈ. ਡੀ. ਸਬ ਇਨਸਪੈਕਟਰ ਮਹਿੰਦਰ ਸਿੰਘ ਨੂੰ ਹਲਾਕ ਕਰਨ, 1/4/87 ਨੂੰ ਜਲੰਧਰ ਦੇ ਐਸਿਸਟੈਂਟ ਐਕਸਾਈਜ਼ ਐਂਡ ਐਕਸੇਸ਼ਨ ਦੇ ਦਫਤਰ ਤੋਂ 304354 ਰੁਪਏ ਦੀ ਰਕਮ ਲੁਟਣ, 10/4/87 ਨੂੰ ਜੰਡੂ ਸਿੰਘਾ ਦੇ ਦੇਸੀ ਸ਼ਰਾਬ ਦੇ ਠੇਕੇ ਤੇ ਗੋਲੀ ਚਲਾ ਕੇ ਤਿੰਨ ਵਿਅਕਤੀਆਂ ਨੂੰ ਹਲਾਕ ਕਰਨ, 13/4/87 ਨੂੰ ਕਠਾਰ ਨੇੜੇ ਹੋਏ ਪੁਲਸ ਮੁਕਾਬਲੇ ਵਿਚ ਦੋ ਅਤਿਵਾਦੀ ਫੜੇ ਜਾਣ ਅਤੇ ਤਿੰਨ ਫਰਾਰ ਹੋਣ ਵਾਲਿਆਂ ਵਿਚ ਸ਼ਾਮਲ, 24/3/87 ਨੂੰ ਡਰੋਲੀ ਪਿੰਡ ਵਿਚ ਹਰਜਿੰਦਰ ਸਿੰਘ ਨੂੰ ਕਤਲ ਕਰਨ, ਕਮਿਊਨਿਸਟ ਨੇਤਾਵਾਂ ਦਰਸ਼ਨ ਸਿੰਘ ਕਨੇਡੀਅਨ ਅਤੇ ਚੰਨ ਸਿੰਘ ਧੂਤ ਨੂੰ ਕਤਲ ਕਰਨ ਅਤੇ ਓਜਲਾ ਪਿੰਡ ਵਿਚ ਅਵਿਨਾਸ਼ੀ ਸਿੰਘ ਨੂੰ ਕਤਲ ਕਰਨ ਦੇ ਮਾਮਲਿਆਂ ਵਿਚ ਸ਼ਾਮਲ ਸੀ। ਇਸ ਤੋਂ ਇਲਾਵਾ ਗੁਰਦੇਵ ਸਿੰਘ ਖਾਲਿਸਤਾਨ ਕਮਾਂਡੋ ਫੋਰਸ ਜ਼ਿਲਾ ਹੁਸ਼ਿਆਰਪੁਰ ਦੀ ਯੂਨਿਟ ਦਾ ਏਰੀਆ ਕਮਾਂਡਰ ਸੀ।

ਪੁਲਸ ਦੂਜੇ ਫਰਾਰ ਦਹਿਸ਼ਤਪਸੰਦ ਦੀ ਤਲਾਸ਼ ਕਰ ਰਹੀ ਹੈ।

## ਅਤਿਵਾਦੀਆਂ ਹੱਥੋਂ ਦੋ ਫੱਟੜ

ਪਿਛਲੇ 24 ਘੰਟਿਆਂ ਦੌਰਾਨ ਅਤਿਵਾਦੀਆਂ ਨੇ ਪੰਜਾਬ ਵਿਚ ਵਾਰਦਾਤਾਂ ਕਰਕੇ ਦੋ ਵਿਅਕਤੀਆਂ ਨੂੰ ਗੋਲੀ ਮਾਰ ਕੇ ਜ਼ਖਮੀ ਕਰ ਦਿੱਤਾ।

## ਦੋ ਅਤਿਵਾਦੀ ਫੜੇ ਗਏ

ਅੰਮ੍ਰਿਤਸਰ — ਪੁਲਸ ਨੇ ਇਥੇ ਸ਼ਹਿਰ ਦੇ ਰਾਮਦਾਸ ਇਲਾਕੇ ਵਿਚੋਂ ਦੋ ਖਤਰਨਾਕ ਦਹਿਸ਼ਤਪਸੰਦਾਂ ਗੁਰਨਾਮ ਸਿੰਘ ਉਰਫ ਗਾਮਾ ਤੇ ਕਲਦੀਪ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ।

# ਫਿਲੌਰ ਵਿਚ ਪਾਬੰਦੀਆਂ

ਫਿਲੌਰ — ਫਿਲੌਰ ਵਿਚ ਦਫਾ 144 ਦੀ ਮਿਆਦ 31 ਜੁਲਾਈ ਤਕ ਵਧਾ ਦਿੱਤੀ ਹੈ। ਇਹ ਜਾਣਕਾਰੀ ਸਥਾਨਕ ਐਸ ਡੀ ਐਮ ਸ: ਜਗਜੀਤ ਸਿੰਘ ਨੇ ਜ਼ਿਲਾ ਮੈਜਿਸਟਰੇਟ ਵਲੋਂ ਜਾਰੀ ਇਕ ਹੁਕਮ ਦੇ ਹਵਾਲੇ ਨਾਲ ਦਿੱਤੀ ਹੈ। ਇਸ ਹੁਕਮ ਅਧੀਨ ਕਿਸੇ ਵੀ ਧਾਰਮਕ ਅਸਥਾਨ ਵਿਚ ਬਿਨਾਂ ਆਗਿਆ ਦੇ ਲਾਊਡ ਸਪੀਕਰ ਦੀ ਵਰਤੋਂ ਨਹੀਂ ਹੋ ਸਕੇਗੀ। ਇਸ ਤੋਂ ਬਿਨਾਂ ਕੋਈ ਜਲਸੇ ਬਿਨਾਂ ਆਗਿਆ ਦੇ ਨਹੀਂ ਹੋ ਸਕਦੇ। ਉਹਨਾਂ ਦੱਸਿਆ ਕਿ ਦੁਕਾਨਾਂ ਸ਼ਾਮ ਦੇ 7-45 ਤਕ ਰੈਸਟੋਰੈਂਟ ਤੇ ਢਾਬੇ ਰਾਤ ਦਸ ਵਜੇ ਤੱਕ, ਪੈਟਰੋਲ ਪੰਪ ਦਿਹਾਤੀ ਹਲਕੇ ਵਿਚ ਛੇ ਵਜੇ ਤੱਕ ਸ਼ਹਿਰੀ ਹਲਕੇ ਵਿਚ ਅੱਠ ਵਜੇ ਤੱਕ ਤੇ ਸਿਨਮੇ 9-30 ਵਜੇ ਤੱਕ ਖੁਲੇ ਰਹਿ ਸਕਦੇ ਹਨ।

ਦੂਹਰੀ ਸਵਾਰੀ ਬਾਰੇ ਜ਼ਿਕਰ ਕਰਦਿਆਂ ਉਹਨਾਂ ਆਖਿਆ ਕਿ ਜ਼ਿਲਾ ਮੈਜਿਸਟਰੇਟ ਦੇ ਨਵੇਂ ਹੁਕਮ ਦੇ ਅਨੁਸਾਰ ਦੂਹਰੀ ਸਵਾਰੀ ਸਕੂਟਰ, ਮੋਟਰ ਸਾਈਕਲ ਸਾਢੇ ਤਿੰਨ ਹਾਰਸ ਪਾਵਰ ਤੋਂ ਘੱਟ) ਤੇ ਮੋਪਿਡ ਤੇ ਰਾਤ ਅੱਠ ਵਜੇ ਤੱਕ ਖੁਲ ਹੈ ਪਰ ਸਾਢੇ ਤਿੰਨ ਹਾਰਸ ਪਾਵਰ ਤੇ ਕੇਵਲ ਇਕੱਲੀ ਸਵਾਰੀ ਦੀ ਹੀ ਖੁਲ ਹੈ ਜਦ ਕਿ ਸਕੂਟਰ ਤੇ ਇਕੱਲੀ ਸਵਾਰੀ ਲਈ 24 ਘੰਟੇ ਲਈ ਖੁਲ ਹੈ। ਉਹਨਾਂ ਆਖਿਆ ਕਿ ਜਿਹੜਾ ਵੀ ਵਿਅਕਤੀ ਇਸ ਹੁਕਮ ਦੀ ਉਲੰਘਣਾ ਕਰੇਗਾ ਉਸ ਵਿਰੁਧ ਸਖਤ ਕਾਰਵਾਈ ਕੀਤੀ ਜਾਏਗੀ।

# ਸਮਾਜ ਸੁਧਾਰ ਮੁਹਿੰਮ ਠੁਸ

ਪੰਜਾਬ ਵਿਚ ਚਲਾਈ ਗਈ ਕਥਿਤ ਸਮਾਜ ਸੁਧਾਰ ਮੁਹਿੰਮ ਦੀ ਫੂਕ ਨਿਕਲ ਗਈ ਹੈ। ਇਥੇ ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਸਿਖ ਫੈਡਰੇਸ਼ਨ (ਦੋਵੇਂ ਧੜੇ) ਖਾਲਿਸਤਾਨ ਕਮਾਂਡੋ ਫੋਰਸ ਅਤੇ ਖਾਲਿਸਤਾਨ ਲਿਬਰੇਸ਼ਨ ਫੋਰਸ ਵਰਗੀਆਂ ਜਥੇਬੰਦੀਆਂ ਵਲੋਂ ਮਾਰਚ ਵਿਚੋਂ ਵਿਸ਼ੇਸ਼ ਸੁਧਾਰ ਮੁਹਿੰਮ ਚਲਾਈ ਗਈ ਅਤੇ ਸ਼ਰਾਬ ਦਿਆਂ ਠੇਕੇਦਾਰਾਂ ਨੂੰ 1 ਅਪਰੈਲ 1987 ਤੋਂ ਠੇਕੇ ਬੰਦ ਰਖਣ ਦੀ ਹਦਾਇਤ ਕੀਤੀ। ਉਹਨਾਂ ਕਿਹਾ ਕਿ ਬਠਿੰਡਾ, ਫਿਰੋਜ਼ਪੁਰ ਅਤੇ ਫਰੀਦਕੋਟ ਜ਼ਿਲੇ ਇਸ ਸ਼ਰਾਬ ਵਿਰੋਧੀ ਮੁਹਿੰਮ ਅਧੀਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਏ ਸਨ। ਸਰਕਾਰੀ ਬੁਲਾਰੇ ਨੇ ਕਿਹਾ ਕਿ 484 ਸ਼ਰਾਬ ਦੀਆਂ ਦੁਕਾਨਾਂ ਬੰਦ ਹੋ ਗਈਆਂ ਸਨ ਅਤੇ ਅਪਰੈਲ 87 ਵਿਚੋਂ 179 ਸ਼ਰਾਬ ਦੇ ਠੇਕੇ ਨੀਲਾਮ ਨਾ ਹੋ ਸਕੇ। ਮਾਰਚ 87 ਵਿਚੋਂ 2453 ਵਿਚ ਵਿਚ 2274 ਠੇਕੇ ਨਿਲਾਮ ਹੋਏ ਸਨ। ਰਾਜ ਵਿਚ ਰਾਸ਼ਟਰਪਤੀ ਰਾਜ ਲਾਗੂ ਕਰਨ ਦੇ ਦਿਨ ਤੋਂ 175 ਸ਼ਰਾਬ ਦੀਆਂ ਦੁਕਾਨਾਂ ਦੀ ਨਿਲਾਮੀ ਤੋਂ ਬਿਨੈ ਪਈਆਂ ਸਨ ਅਤੇ 280 ਸ਼ਰਾਬ ਦੀਆਂ ਨਿਲਾਮ ਹੋਈਆਂ ਦੁਕਾਨਾਂ ਬੰਦ ਸਨ। ਬੁਲਾਰੇ ਨੇ ਦਾਅਵਾ ਕੀਤਾ ਕਿ ਹੁਣ ਸਥਿਤੀ ਬਦਲ ਗਈ ਹੈ ਕਿਉਂਕਿ ਰਾਸ਼ਟਰਪਤੀ ਰਾਜ ਲਾਗੂ ਹੋਣ ਨਾਲ ਬਿਨਾਂ ਨਿਲਾਮ ਪਏ ਠੇਕਿਆਂ ਦੀ ਨਿਲਾਮੀ ਹੋ ਚੁਕੀ ਹੈ ਅਤੇ ਸਭ ਆਮ ਹਾਲਤ ਵਿਚ ਕੰਮ ਕਰ ਰਹੇ ਹਨ।

# ਕੈਨੇਡਾ ਆਈ ਭਾਰਤੀ ਪਹਿਲਵਾਨਾਂ ਦੀ ਟੀਮ 'ਚੋਂ ਪੰਜ ਪਹਿਲਵਾਨ ਬਾਹਰ ਕੱਢ ਦਿੱਤੇ

ਓਨਟੇਰੀਓ (ਕੈਨੇਡਾ) ਵਿਚ 7-8 ਜੁਲਾਈ ਨੂੰ ਹੋਏ ਕੁਸ਼ਤੀ ਮੇਲੇ ਲਈ ਭਾਰਤੀ ਟੀਮ ਦੀ ਚੋਣ ਉਪਰ ਇਕ ਵਿਵਾਦ ਉਠ ਖੜਾ ਹੋਇਆ। ਪੰਦਰਾਂ ਮੈਂਬਰੀ ਭਾਰਤੀ ਟੀਮ ਕੈਨੇਡਾ ਆਈ, ਵਿਚੋਂ ਪੰਜ ਉਘੇ ਪਹਿਲਵਾਨਾਂ ਨੂੰ ਕੱਢ ਦਿਤਾ ਗਿਆ ਜਿਹਨਾਂ ਨੂੰ ਪਹਿਲਾਂ ਟੀਮ ਵਿਚ ਸ਼ਾਮਲ ਕੀਤਾ ਜਾ ਚੁਕਿਆ ਸੀ।

ਡਬਲਯੂ, ਐਫ ਆਈ ਦੇ ਇਕ ਬੁਲਾਰੇ ਨੇ ਦਾਅਵਾ ਕੀਤਾ ਕਿ 17-18 ਸਾਲ ਉਮਰ ਗਰੁੱਪ ਨਾਲ ਸੰਬੰਧਿਤ ਕ੍ਰਿਸ਼ਨ ਕੁਮਾਰ, ਅਸ਼ੋਕ ਕੁਮਾਰ, ਗੁਰਦੇਵ ਸਿੰਘ, ਸੁਭਾਸ਼ ਚੰਦਰ ਅਤੇ ਓਮ ਪ੍ਰਕਾਸ਼ ਨੂੰ ਆਖਰੀ ਪਲਾਂ ਵਿਚ ਟੀਮ 'ਚੋਂ ਕੱਢ ਦਿਤਾ ਜਦ ਉਹਨਾਂ ਨੇ ਦੌਰੇ ਲਈ ਸਾਰੀਆਂ ਰਸਮੀ ਕਾਰਵਾਈਆਂ ਪੂਰੀਆਂ ਕਰ ਲਈਆਂ ਸਨ। ਪਹਿਲਵਾਨਾਂ ਦੀ ਇਸ ਟੀਮ ਦਾ ਖਰਚਾ ਝੱਲਣ ਲਈ ਭਾਰਤ ਸਰਕਾਰ ਸਹਿਮਤ ਹੋ ਚੁਕੀ ਸੀ।

ਟੀਮ ਇਸ ਪ੍ਰਕਾਰ ਹੈ — ਪਹਿਲਵਾਨ ਰਵਿੰਦਰ, ਅਤਰਪਾਲ, ਇੰਦਰਜੀਤ, ਕੁਮਾਰ, ਭਗਤ ਸਿੰਘ, ਰਣਬੀਰ ਸਿੰਘ, ਯਸ਼ਵੰਤ ਸਿੰਘ, ਸੁਨੀਲ ਕੁਮਾਰ ਅਤੇ ਰਣਧੀਰ ਸਿੰਘ। ਅਧਿਕਾਰੀ — ਦਾਰਾ ਸਿੰਘ (ਮੈਨੇਜਰ), ਰਣਧੀਰ ਸਿੰਘ ਕੋਚ, ਰਾਜ ਸਿੰਘ, ਰੋਸ਼ਨ ਲਾਲ (ਰੈਫਰੀ), ਰਾਮਫਲ ਠੱਕਰਨ ਕੋਚ, ਆਸ਼ੋਕ ਰਾਜ ਜੈਪਾਲ (ਡਾਕਟਰ)।

## ਇਕ ਅਤਿਵਾਦੀ ਕਾਬੂ

ਪੀਲੀਭੀਤ — ਕੋਤਵਾਲੀ ਪੁਲਸ ਨੇ ਇਕ ਸੰਖੇਪ ਮੁਕਾਬਲੇ ਪਿਛੋਂ ਇਕ ਅਤਿਵਾਦੀ ਸੰਧੂ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਇਸ ਨੇ ਥਾਣਾ ਜਮੀਲ ਦੇ ਇਕ ਸਿਪਾਹੀ ਨੂੰ ਕਤਲ ਕਰਨ ਤੇ ਉਸ ਦੀ ਬੰਦੂਕ ਖੋਹਣ ਦੀ ਘਟਨਾ ਤੋਂ ਇਲਾਵਾ ਕਈ ਹੋਰ ਡਕੈਤੀ ਤੇ ਹਿੰਸਕ ਘਟਨਾਵਾਂ ਕਰਨ ਦੀ ਗੱਲ ਵੀ ਮੰਨੀ ਹੈ।

## ਜੁਡੀਸ਼ੀਅਲ ਰੀਮਾਂਡ ਵਿਚ ਵਾਧਾ

ਨਵੀਂ ਦਿੱਲੀ — ਅਡੀਸ਼ਨਲ ਮੁਖ ਮਹਾਂਨਗਰੀ ਮਜਿਸਟਰੇਟ ਕੰਵਲ ਇੰਦਰ ਨੇ ਤਿੰਨ ਦੋਸ਼ੀਆਂ ਦਾ ਜੁਡੀਸ਼ੀਅਲ ਰੀਮਾਂਡ 23 ਜੁਲਾਈ ਤਕ ਵਧਾ ਦਿੱਤਾ। ਇਹਨਾਂ ਤਿੰਨਾਂ ਜਿਹਨਾਂ ਵਿਚ ਇਕ ਵਕੀਲ ਕਰਤਾਰ ਸਿੰਘ ਨਾਰੰਗ ਵੀ ਸ਼ਾਮਲ ਹੈ, ਉਪਰ 85 ਵਿਚ ਉਤਰ ਪ੍ਰਦੇਸ਼ ਵਿਚ ਕਈ ਬੇਗੁਨਾਹ ਵਿਅਕਤੀਆਂ ਨੂੰ ਕਤਲ ਕਰਨ ਦਾ ਦੋਸ਼ ਹੈ।

ਬੰਬੇ ਸਵੀਟਸ ਮੈਨੂਫੈਕਚਰਰ ਇਨਕ
ਮਠਿਆਈਆਂ ਦੀ ਸਭ ਤੋਂ ਵੱਡੀ ਦੁਕਾਨ!
BOMBAY SWEETS MANUFACTURER INC.
6556 —6560 MAIN (at 49th.Ave.)
VANCOUVER, B.C. V5X 3G9
Tel. (604) 321-1414
Or 874-5722
$2.50 / ਪੌਂਡ ਵਾਲੀਆਂ ਜਲੇਬੀਆਂ $1.49
$2.50 / ਪੌਂਡ ਵਾਲੇ ਲੱਡੂ $1.75
CONTACT:
NARESH SHUKLA & BROS.

VANCOUVER
Bridal International & Wedding Centre
FOR ANYTHING AND EVERYTHING FOR YOUR MARRIAGE NEEDS DON'T MISS TO VISIT YOUR OWN SHOP
Contact : Sukhdev S. Saini
Ph. (604) 435-2421
Open : Mon. Wed. 10.00 a.m. to 6.00 p.m.
Thursday, Friday, Sat. 10.00 a.m. to 8.00 p.m.
Sun. 11.00 a.m. to 6.00 p.m.



- WEDDING ACCESSORIES
- WEDDING CAKES
- WEDDING INIVITATIONS
- CAKE ORNAMENTS
- CAR DECORATIONS
- WEDDING FLOWERS
- GIFTS AND ALLIED ITEMS, etc.

LADIES TAILOR FOR PUNJABI SUITS, SARI BLOUSES & DRESSES



Limousine Service [Daily or Hourly]



3333 KINGSWAY AT JOYCE, VANCOUVER, B.C.

# ਅੱਜ ਰਾਸ਼ਟਰਪਤੀ ਦੀ ਚੋਣ ਦਾ ਐਲਾਨ ਹੋਵੇਗਾ

ਨਵੀਂ ਦਿੱਲੀ — 13 ਜੁਲਾਈ ਨੂੰ ਪਾਰਲੀਮੈਂਟ, ਰਾਜ ਸਭਾ ਅਤੇ ਵਿਧਾਨ ਸਭਾਵਾਂ ਦੇ ਮੈਂਬਰਾਂ ਨੇ ਰਾਸ਼ਟਰਪਤੀ ਦੀ ਚੋਣ ਵਿਚ ਵੋਟਾਂ ਪਾਈਆਂ। ਅੱਜ ਸਾਢੇ ਗਿਆਰਾਂ ਵਜੇ ਵੋਟਾਂ ਦੀ ਗਿਣਤੀ ਆਰੰਭ ਹੋਵੇਗੀ ਤੇ ਸ਼ਾਮ ਤੱਕ ਨਵੇਂ ਰਾਸ਼ਟਰਪਤੀ ਦਾ ਐਲਾਨ ਹੋ ਜਾਵੇਗਾ। ਮੁੱਖ ਮੁਕਾਬਲਾ ਕਾਂਗਰਸੀ ਉਮੀਦਵਾਰ ਤੇ ਉਪ-ਰਾਸ਼ਟਰਪਤੀ ਸ੍ਰੀ ਵੈਂਕਟਾਰਮਨ ਤੇ ਵਿਰੋਧੀ ਧਿਰ ਦੇ ਉਮੀਦਵਾਰ ਸ੍ਰੀ ਕਰਿਸ਼ਨਾ ਆਇਰ ਵਿਚਕਾਰ ਹੈ।

ਨਵੀਂ ਦਿੱਲੀ ਵਿਚ 706 ਪਾਰਲੀਮੈਂਟ ਤੇ ਰਾਜ ਸਭਾ ਦੇ ਮੈਂਬਰਾਂ ਨੇ ਰਾਸ਼ਟਰਪਤੀ ਦੀ ਚੋਣ ਵਿਚ ਹਿਸਾ ਲਿਆ। 38 ਪਾਰਲੀਮੈਂਟ ਤੇ ਰਾਜ ਸਭਾ ਦੇ ਮੈਂਬਰਾਂ ਨੇ ਸੂਬਾਈ ਰਾਜਧਾਨੀਆਂ ਵਿਚ ਵੋਟਾਂ ਪਾਈਆਂ।

### ਭਾਰਤੀ ਜਨਤਾ ਪਾਰਟੀ ਵਲੋਂ ਬਾਈਕਾਟ

ਭਾਰਤੀ ਜਨਤਾ ਪਾਰਟੀ ਦੇ 15 ਮੈਂਬਰਾਂ ਨੇ ਰਾਸ਼ਟਰਪਤੀ ਚੋਣ ਦਾ ਬਾਈਕਾਟ ਕੀਤਾ। ਇਸਦੇ ਆਗੂ ਸ੍ਰੀ ਐਲ. ਕੇ. ਐਡਵਾਨੀ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਨੇ ਭਾਰਤੀ ਜਨਤਾ ਪਾਰਟੀ ਨੂੰ ਉਮੀਦਵਾਰ ਦੀ ਚੋਣ ਸਮੇਂ ਭਰੋਸੇ ਵਿਚ ਨਹੀਂ ਲਿਆ। ਦਰਸ਼ਕਾਂ ਦਾ ਕਹਿਣਾ ਹੈ ਕਿ ਭਾਰਤੀ ਜਨਤਾ ਪਾਰਟੀ ਕਿਉਂਕਿ ਫਿਰਕੂ ਪਾਰਟੀ ਹੈ ਇਸ ਲਈ ਉਸਨੂੰ ਖੱਬੇ-ਪੱਖੀ ਵਿਚਾਰਾਂ ਵਾਲੇ ਸ੍ਰੀ ਕਰਿਸ਼ਨਾ ਆਇਰ ਉਂਞ ਹੀ ਪਸੰਦ ਨਹੀਂ ਸਨ।

### ਚੋਣ ਦਾ ਨਤੀਜਾ

ਵੋਟਾਂ ਪਿਛੋਂ ਰਾਜਧਾਨੀ ਦੇ ਹਲਕੇ ਇਹ ਮਹਿਸੂਸ ਕਰਦੇ ਹਨ ਕਿ ਚੋਣ ਵਿਚ ਸ੍ਰੀ ਵੈਂਕਟਾਰਮਨ ਦਾ ਜਿੱਤਣਾ ਯਕੀਨੀ ਹੈ ਕਿਉਂਕਿ ਪਾਰਲੀਮੈਂਟ ਵਿਚ ਕਾਂਗਰਸੀਆਂ ਦੀ ਭਾਰੀ ਗਿਣਤੀ ਹੈ।

## ਪੰਜਾਬ ਵਿਚ ਰੋਡਵੇਜ਼ ਕਰਮਚਾਰੀਆਂ ਦੀ ਹੜਤਾਲ

ਅੰਮ੍ਰਿਤਸਰ — ਪੰਜਾਬ ਰੋਡਵੇਜ਼ ਦੇ ਅੰਮ੍ਰਿਤਸਰ ਡੀਪੂ ਉਤੇ ਪੁਲਸ ਅਤੇ ਰੋਡਵੇਜ਼ ਦੇ ਕਰਮਚਾਰੀਆਂ ਵਿਚ ਝਗੜੇ ਪਿਛੋਂ ਰੋਡਵੇਜ਼ ਦਾ ਇਕ ਕੰਡਕਟਰ ਮਾਰਿਆ ਗਿਆ ਅਤੇ ਬੱਸ ਡਰਾਈਵਰ ਜ਼ਖਮੀ ਹੋ ਗਿਆ।

ਇਹ ਝਗੜੇ ਦੀ ਖਬਰ ਮਿਲਦਿਆਂ ਹੀ ਰੋਡਵੇਜ਼ ਕਰਮਚਾਰੀਆਂ ਨੇ ਪਹੀਆ ਜਾਮ ਕਰ ਦਿੱਤਾ। ਜਿਸਦੇ ਸਿਟੇ ਵਜੋਂ ਪੰਜਾਬ ਵਿਚ ਕਲ੍ਹ ਪੰਜਾਬ ਰੋਡਵੇਜ਼ ਦੀਆਂ ਬੱਸਾਂ ਬੰਦ ਰਹੀਆਂ।

## ਉਤਰੀ ਬੰਗਲਾ ਦੇਸ਼ ਵਿਚ ਭਾਰੀ ਹੜ੍ਹਾਂ ਵਿਚ ਇਕ ਲੱਖ ਤੋਂ ਵੱਧ ਵਿਅਕਤੀ ਘਿਰੇ, ਪੰਜ ਹਲਾਕ

ਢਾਕਾ — ਇਕ ਲੱਖ ਤੋਂ ਵੱਧ ਵਿਅਕਤੀ ਮੌਨਸੂਨ ਦੇ ਹੜ੍ਹਾਂ ਕਾਰਨ ਆਪਣੇ ਘਰਾਂ ਝੌਂਪੜੀਆਂ ਵਿਚ ਘਿਰ ਕੇ ਰਹਿ ਗਏ ਹਨ। ਇਹ ਖਬਰ ਅੱਜ ਇਥੋਂ ਛਪਣ ਵਾਲੇ ਬੰਗਾਲੀ ਅਖਬਾਰ ਰੋਜ਼ਾਨਾ ਇਤਫਾਕ ਨੇ ਦਿੱਤੀ ਹੈ। ਖਬਰ ਵਿਚ ਕਿਹਾ ਗਿਆ ਹੈ ਕਿ ਉਤਰੀ ਪੂਰਬੀ ਬੰਗਲਾ ਦੇਸ਼ ਦੀਆਂ ਜੈਨਤੀਆਂ ਪਹਾੜੀਆਂ ਵਿਚ ਭਾਰੀ ਮੀਂਹ ਕਾਰਨ ਹੜ੍ਹ ਆ ਗਿਆ ਹੈ। ਹਿੰਦ ਨਾਲ ਲਗਦੀਆਂ ਸਰਹੱਦੀ ਪਹਾੜੀਆਂ ਵਿਚ ਇਸ ਭਾਰੀ ਮੀਂਹ ਕਾਰਨ ਪੰਜ ਵਿਅਕਤੀ ਹਲਾਕ ਹੋਣ ਦੀ ਖਬਰ ਹੈ। ਹੜ੍ਹਾਂ ਨੇ ਕਈ ਸੌ ਘਰਾਂ, ਸੜਕਾਂ, ਸੜਕਾਂ ਤੇ ਸੰਚਾਰ ਸਾਧਨਾਂ ਨੂੰ ਬਰਬਾਦ ਕਰਕੇ ਰੱਖ ਦਿੱਤਾ ਹੈ ਜਿਸ ਕਾਰਨ ਇਸ ਚਾਹ ਉਤਪਾਦਕ ਸਿਲਹੱਟ ਜ਼ਿਲੇ ਦਾ ਦੇਸ਼ ਦੀ ਰਾਜਧਾਨੀ ਢਾਕਾ ਨਾਲ ਕੋਈ ਸੰਪਰਕ ਨਹੀਂ ਰਹਿ ਗਿਆ।

ਬੰਗਲਾ ਦੇਸ਼ ਦੇ ਮੰਤਰੀ ਇਕਬਾਲ ਹਸੈਨ ਚੌਧਰੀ ਨੇ ਦੱਸਿਆ ਕਿ 2000 ਤੋਂ ਵੱਧ ਟੱਬਰਾਂ ਨੇ 11 ਰਾਹਤ ਕੈਂਪਾਂ ਵਿਚ ਸ਼ਰਨ ਲੈ ਰੱਖੀ ਹੈ ਜਦੋਂ ਕਿ ਹੋਰ ਲੋਕ ਕਿਸ਼ਤੀਆਂ ਰਾਹੀਂ ਕੈਂਪਾਂ ਵਿਚ ਪੁਜ ਰਹੇ ਹਨ। ਹੜ੍ਹਾਂ ਨਾਲ ਕੋਈ 500 ਪਿੰਡਾਂ ਵਿਚ ਫਸਲ ਪੂਰੀ ਤਰਾਂ ਬਰਬਾਦ ਹੋ ਗਈ ਹੈ।

## ਠੇਕੇ ਤੇ ਫਾਇਰਿੰਗ

ਜਗਰਾਉਂ — ਜਗਰਾਉਂ ਸਬ-ਡਿਵੀਜ਼ਨ ਦੇ ਅਧੀਨ ਪਿੰਡ ਕਾਉਂਕੇ ਕਲਾਂ ਵਿਖੇ, ਰਾਤ ਨੂੰ ਠੇਕਾ ਸ਼ਰਾਬ ਉਤੇ ਗੋਲੀ ਚਲਣ ਦੀ ਸੂਚਨਾ ਮਿਲੀ ਹੈ। ਗੋਲੀ ਚਲਾਉਣ ਵਾਲਿਆਂ ਦਾ ਅਜੇ ਪਤਾ ਨਹੀਂ ਲਗ ਸਕਿਆ। ਪੰਜ ਰਾਉਂਡ ਫਾਇਰ ਕੀਤੇ ਗਏ। ਯਾਦ ਰਹੇ ਪਿੰਡ ਕਾਉਂਕੇ ਕਲਾਂ ਦਾ ਠੇਕਾ, ਇਸ ਤੋਂ ਪਹਿਲਾਂ ਢਾਹ ਦਿੱਤਾ ਗਿਆ ਸੀ ਤੇ ਮੌਕੇ ਤੇ ਅਕਾਲ ਤਖਤ ਸਾਹਿਬ ਦੇ ਗ੍ਰਿਫਤਾਰ ਜਥੇਦਾਰ ਭਾਈ ਗੁਰਦੇਵ ਸਿੰਘ ਦੀ ਧਰਮ ਪਤਨੀ ਬੀਬੀ ਗੁਰਮੇਲ ਕੌਰ ਦੀ ਅਗਵਾਈ ਵਿਚ ਧਰਨਾ ਦਿਤਾ ਗਿਆ ਸੀ। ਜਦੋਂ ਕਿ ਪਿਛਲੇ ਕੁਝ ਦਿਨਾਂ ਤੋਂ ਠੇਕੇ ਦੇ ਬਾਹਰ ਫਿਰ ਤੋਂ ਸ਼ਰਾਬ ਦੀਆਂ ਬੋਤਲਾਂ ਲਟਕਾ ਦਿਤੀਆਂ ਗਈਆਂ ਹਨ। ਪੁਲਸ ਥਾਣਾ ਜਗਰਾਉਂ ਵਲੋਂ ਮਾਮਲਾ ਦਰਜ ਕਰ ਲਿਆ ਗਿਆ ਹੈ।

## ਬਜ਼ੁਰਗ ਅਕਾਲੀ ਆਗੂ ਧੰਨਾ ਸਿੰਘ ਗੁਲਸ਼ਨ ਸੁਰਗਵਾਸ

ਬਠਿੰਡਾ — 14 ਜੁਲਾਈ ਦੀ ਰਾਤ ਨੂੰ ਬਜ਼ੁਰਗ ਅਕਾਲੀ ਆਗੂ ਅਤੇ ਸਾਬਕਾ ਕੇਂਦਰੀ ਮੰਤਰੀ ਧੰਨਾ ਸਿੰਘ ਗੁਲਸ਼ਨ ਇਥੇ ਸੁਰਗਵਾਸ ਹੋ ਗਏ। ਕੱਲ੍ਹ ਉਨ੍ਹਾਂ ਦਾ ਸਸਕਾਰ ਕਰ ਦਿੱਤਾ ਗਿਆ। ਸ: ਗੁਲਸ਼ਨ ਦਲਿਤ ਸ਼੍ਰੇਣੀ ਨਾਲ ਸਬੰਧਤ ਸਨ ਜਿਨ੍ਹਾਂ ਸਾਰੀ ਆਯੂ ਅਕਾਲੀ ਮੋਰਚਿਆਂ ਵਿਚ ਅਹਿਮ ਹਿਸਾ ਲਿਆ। ਉਹ 1977 ਵਿਚ ਕੇਂਦਰੀ ਸਰਕਾਰ ਵਿਚ ਵਿਦਿਆ ਦੇ ਰਾਜ ਮੰਤਰੀ ਵੀ ਰਹੇ। ਪਾਰਲੀਮੈਂਟ ਦੇ ਮੈਂਬਰ ਵਜੋਂ ਵੀ ਉਹ ਅਕਾਲੀ ਪਾਰਟੀ ਦੇ ਟਿਕਟ ਉਤੇ ਚੋਣਾਂ ਜਿੱਤਦੇ ਰਹੇ।

ਪੰਜਾਬੀ ਦੇ ਸ਼ਾਇਰ ਸੁਲੱਖਣ ਮੀਤ, ਜੋ ਅੱਜ ਕੱਲ੍ਹ ਸਰਕਾਰੀ ਕਾਲਜ, ਸੰਗਰੂਰ ਵਿਚ ਪ੍ਰਿੰਸੀਪਲ ਹਨ, ਉਹ ਧੰਨਾ ਸਿੰਘ ਗੁਲਸ਼ਨ ਹੋਰਾਂ ਦੇ ਦਾਮਾਦ ਹਨ।

## ਸੱਤ ਸੂਬੇ ਦਹਿਸ਼ਤ ਰੋਕਣ ਲਈ ਸਾਂਝੀ ਕਾਰਵਾਈ ਕਰਨਗੇ

ਚੰਡੀਗੜ੍ਹ — ਉਤਰੀ ਭਾਰਤ ਦੇ ਸੱਤ ਸੂਬਗ ਦਹਿਸ਼ਤਗਰਦੀ ਰੋਕਣ ਲਈ ਸਾਂਝੀਆਂ ਕਾਰਵਾਈਆਂ ਕਰਨ ਲਈ ਇਥੇ 11 ਜੁਲਾਈ ਨੂੰ ਸਹਿਮਤ ਹੋ ਗਏ। ਇਸ ਮੀਟਿੰਗ ਦੀ ਪ੍ਰਧਾਨਗੀ ਕੈਬਨਿਟ ਸੈਕਟਰੀ ਨੇ ਕੀਤੀ ਅਤੇ ਪ੍ਰਧਾਨ ਮੰਤਰੀ ਦੀ ਪ੍ਰਿੰਸੀਪਲ ਸਕੱਤਰ ਸ੍ਰੀਮਤੀ ਸਰਲਾ ਗਰੇਵਾਲ ਵਿਸ਼ੇਸ਼ ਸੱਦੇ ਉਤੇ ਸ਼ਾਮਲ ਹੋਈ।

ਰਾਜਿਸਥਾਨ, ਪੰਜਾਬ, ਹਰਿਆਣਾ, ਹਿਮਾਚਲ, ਯੂ. ਪੀ., ਮੱਧ ਪ੍ਰਦੇਸ਼, ਜੰਮੂ ਕਸ਼ਮੀਰ, ਦਿੱਲੀ ਯੂਨੀਅਨ ਟੈਰੀਟਰੀ ਤੇ ਚੰਡੀਗੜ੍ਹ ਟੈਰੀਟਰੀ ਦੇ ਹੋਮ ਸਕੱਤਰ ਵੀ ਮੀਟਿੰਗ ਵਿਚ ਸ਼ਾਮਲ ਸਨ। ਗੁਪਤ ਏਜੰਸੀਆਂ ਅਤੇ ਰੇਲਵੇ ਬੋਰਡ ਦੇ ਚੇਅਰਮੈਨ ਵੀ ਹਾਜ਼ਰ ਸਨ।

ਮੀਟਿੰਗ ਵਿਚ ਫੈਸਲਾ ਹੋਇਆ ਕਿ ਸੱਤੇ ਸੂਬੇ ਇਕ ਦੂਜੇ ਨਾਲ ਗੁਪਤ ਸੂਚਨਾਵਾਂ ਸਾਂਝੀਆਂ ਕਰਕੇ ਸਪੈਸ਼ਲ ਟਰੇਂਡ ਪੁਲਸ ਨੂੰ ਅਤਿਵਾਦੀਆਂ ਤੇ ਦਹਿਸ਼ਤਗਰਦੀ ਕਾਰਵਾਈਆਂ ਰੋਕਣ ਲਈ ਕਦਮ ਚੁਕਣਗੇ। ਪਿੰਡਾਂ ਵਿਚ ਆਤਮ-ਬਚਾਓ ਮੁਹਿੰਮ ਹੋਵੇਗੀ — ਤਾਲਮੇਲ ਚੁਸਤ ਕੀਤਾ ਜਾਵੇਗਾ।

CALL US FIRST

IATA APPROVED OFFICE

**Express Internationl Travel (1986) Ltd.** ATAC

Authorized Ticket Agents for
AIR CANADA,WARDAIR,C P AIR,PAN AM,AIR INDIA,JAPAN AIR LINES,BRITISH AIR WAYS,KLM,EASTERN,AIR CAL,DELTA AIR,LUFTHANSA and many other airlines.

ਭਾਰਤ, ਪਾਕਿਸਤਾਨ, ਲੰਡਨ, ਫੀਜ਼ੀ, ਹਵਾਈ ਤੇ ਦੁਨੀਆਂ ਦੇ ਹਰ ਕੋਨੇ ਵਿਚ

ਸਪੈਸ਼ਲ ਸਰਵਿਸ

ਵੀਜ਼ਾ ਅਤੇ ਪਾਸਪੋਰਟ ਲੈਣ ਵਿਚ ਅਸੀਂ ਬਿਨਾਂ ਮੁਆਵਜ਼ੇ ਦੇ ਤੁਹਾਡੀ ਮੱਦਦ ਕਰਦੇ ਹਾਂ।

**321-8777**

5787 Victoria Drive, VANCOUVER, B.C. V5P 3W5



AJIT KANG

AUTHORIZED CONVERSION CENTER

**WARRANTY**

Auto-Propane conversion components and labour are warranted against defects in workmanship or material on a new or used vehicle for a period of 12 months or 20,000km (whichever comes first) from date of installation

• All conversions must be done by Mohawk Propane authorized personnel

**B. & H. AUTO CARE LTD.**

Convert to Propane & Receive $600.00 Free Propane

ਆਪਣੀਆਂ ਗੱਡੀਆਂ ਨੂੰ ਪਰੋਪੇਨ ਤੇ ਬਦਲਾ ਕੇ 600 ਡਾਲਰ ਦੀ ਮੁਫਤ ਪਰੋਪੇਨ ਲਓ
ਛੇ ਮਹੀਨੇ ਬਿਨਾਂ ਵਿਆਜ਼ ਕਿਸ਼ਤਾਂ ਕਰ ਸਕਦੇ ਹੋ
ਸਪੈਸ਼ਲ ਡਿਸਕਾਊਂਟ ਕੰਪਨੀ ਵਲੋਂ ਸਿਰਫ 31 ਜੁਲਾਈ ਤੱਕ ਹੀ,ਜਲਦੀ ਆ ਕੇ ਫਾਇਦਾ ਉਠਾਓ

6 Month Int. FREE Payment Plan

Balbir (Bill) Bains Phone 581-8844

OFFER TILL JULY31st , 87

10815 - 132 Street, Surrey, B.C.

# ਭਾਰਤੀ ਜਨਤਾ ਪਾਰਟੀ ਨੇ ਵੀ ਕਾਂਗਰਸੀ ਰੁਖ ਅਪਣਾ ਲਿਆ

# 21 ਸ਼ਹਿਰਾਂ ਵਿਚ ਹੜਤਾਲ ਕਰਵਾਈ ਗਈ

ਨਵੀਂ ਦਿੱਲੀ — ਪਿਛਲੇ ਵੀਰਵਾਰ ਭਾਰਤੀ ਜਨਤਾ ਪਾਰਟੀ ਨੇ ਦੇਸ਼ ਭਰ ਦੇ 21 ਵੱਡੇ ਸ਼ਹਿਰਾਂ ਵਿਚ ਆਮ ਹੜਤਾਲ ਦਾ ਸੱਦਾ ਦਿੱਤਾ। ਇਹ ਸੱਦਾ ਪੰਜਾਬ-ਹਰਿਆਣਾ ਸਰਹੱਦ ਉਤੇ 73 ਬੇਗੁਨਾਹਾਂ ਦੇ ਕਤਲਾਂ ਕਾਰਨ ਦਿਤਾ ਗਿਆ।

## ਨਵੀਂ ਦਿੱਲੀ ਵਿਚ ਅੱਗਾਂ

ਭਾਰਤੀ ਜਨਤਾ ਪਾਰਟੀ ਦੇ ਗੁੰਡਾ ਅਨਸਰ ਨੇ ਇਕ ਸਿੱਖ ਗੁਰਦੁਆਰੇ ਉਤੇ ਹਮਲਾ ਕਰਕੇ ਉਸਨੂੰ ਅੱਗ ਲਾ ਦਿੱਤੀ, ਸਿੱਖਾਂ ਦੇ ਘਰਾਂ ਉਤੇ ਹਮਲੇ ਕੀਤੇ ਗਏ, ਦੁਕਾਨਾਂ ਜਾਲੀਆਂ ਗਈਆਂ ਅਤੇ ਕਾਰਾਂ, ਮੋਟਰ ਸਾਈਕਲਾਂ ਤੇ ਸਾਈਕਲ ਸਵਾਰ ਸਿੱਖਾਂ ਉਤੇ ਹਮਲੇ ਕੀਤੇ ਗਏ। ਵੀਰਵਾਰ ਨੂੰ ਦਿੱਲੀ ਵਿਚ ਕਰਫੀਊ ਲਾ ਦਿੱਤਾ ਗਿਆ ਅਤੇ 236 ਗੁੰਡੇ ਗ੍ਰਿਫਤਾਰ ਕੀਤੇ ਗਏ। ਪੁਲਸ ਨੇ ਕਈਆਂ ਥਾਵਾਂ ਉਤੇ ਭੀੜਾਂ ਨੂੰ ਭਜਾਉਣ ਲਈ ਹੰਝੂ ਗੈਸ ਦੀ ਵਰਤੋਂ ਕੀਤੀ। ਨਵੀਂ ਦਿੱਲੀ ਵਿਚ ਪੁਲਸ ਬੁਲਾਰੇ ਨੇ ਕਿਹਾ ਕਿ ਦਸ ਥਾਵਾਂ ਉਤੇ ਹਿਸਾਤਮਕ ਘਟਨਾਵਾਂ ਵਾਪਰੀਆਂ ਪਰ ਕਿਸੇ ਦੇ ਮਾਰੇ ਜਾਣ ਦੀ ਖਬਰ ਨਹੀਂ ਹੈ। ਸ਼ਹਿਰ ਦੇ ਪੁਲਸ ਅਧਿਕਾਰੀ ਰਾਜਿੰਦਰ ਮੋਹਨ ਨੇ ਕਿਹਾ ਕਿ ਜਿੰਨਾ ਨੁਕਸਾਨ ਹੋਇਆ ਉਹ ਜਾਇਦਾਦਾਂ ਦਾ ਹੋਇਆ ਹੈ।

## ਵਪਾਰਕ ਅਦਾਰੇ ਬੰਦ

ਗਲੀਆਂ ਵਿਚ ਇਕੱਠੇ ਹੋਏ ਹਜੂਮ ਨੇ ਸਾਰੀਆਂ ਦੁਕਾਨਾਂ ਬੰਦ ਕਰਵਾ ਦਿੱਤੀਆਂ, ਸਿਨਮੇ ਵੀ ਬੰਦ ਰਹੇ ਅਤੇ ਹੋਟਲ ਰੈਸਟੋਰਾਂ ਵੀ ਆਪਣੇ ਸ਼ਟਰ ਸੁੱਟ ਗਏ। ਸਰਕਾਰੀ ਦਫਤਰਾਂ ਵਿਚ ਵੀ ਹਾਜ਼ਰੀ ਬਹੁਤ ਘੱਟ ਸੀ। ਅਧਿਕਾਰੀਆਂ ਨੇ ਪਹਿਲਾਂ ਹੀ ਸਕੂਲ ਤੇ ਕਾਲਜ ਬੰਦ ਕਰ ਦਿੱਤੇ ਸਨ। ਬੱਸ ਸੇਵਾਵਾਂ ਵੀ ਰੋਕ ਦਿੱਤੀਆਂ ਗਈਆਂ ਸਨ।

## 80,000 ਪੁਲਸ ਤੇ ਹੋਰ ਦਸਤੇ

ਦਿੱਲੀ ਵਿਚ 80,000 ਤੋਂ ਉਤੇ ਪੁਲਸ ਤੇ ਨੀਮ-ਫੌਜੀ ਦਸਤੇ ਤਾਈਨਾਤ ਕਰ ਦਿੱਤੇ ਗਏ ਸਨ ਜਿਨ੍ਹਾਂ ਵਿਚ 18,000 ਪੁਲਸੀਏ ਸਨ।

## ਫੌਜ ਵੀ ਤਿਆਰੀ ਵਿਚ

ਸਾਡੇ ਪੱਤਰ ਪ੍ਰੇਰਕ ਅਨੁਸਾਰ ਜਿਨ੍ਹਾਂ ਥਾਵਾਂ ਉਤੇ 1984 ਵਿਚ ਸਿੱਖਾਂ ਦੀ ਕਤਲੋਗਾਰਤ ਹੋਈ ਸੀ ਉਨ੍ਹਾਂ ਥਾਵਾਂ ਉਤੇ ਸਰਕਾਰ ਨੇ ਪੂਰੀ ਤਿਆਰੀ ਵਿਚ ਫੌਜ ਤਾਈਨਾਤ ਕਰ ਦਿੱਤੀ। ਪੁਲਸ ਅਧਿਕਾਰੀ ਉਮੇਸ਼ ਕੁਮਾਰ ਕਟਕਾ ਨੇ ਕਿਹਾ ਕਿ ਬੇਸ਼ਕ ਫੌਜ ਦੀ ਲੋੜ ਨਹੀਂ ਸੀ ਪਰ ਫਿਰ ਵੀ 1984 ਦੀਆਂ ਘਟਨਾਵਾਂ ਨੂੰ ਦੇਖਦਿਆਂ ਫੌਜ ਨੂੰ ਬੁਲਾ ਲਿਆ ਗਿਆ ਤਾਂ ਕਿ ਜੇ ਲੋੜ ਪਈ ਤਾਂ ਫੌਜ ਨੂੰ ਵਰਤ ਲਿਆ ਜਾਵੇਗਾ।

## ਦੋ ਪੁਲਸੀਏ ਵੀ ਜ਼ਖਮੀ

ਦਿੱਲੀ ਦੀਆਂ ਘਟਨਾਵਾਂ ਵਿਚ ਦੋ ਪੁਲਸੀਆਂ ਦੇ ਜ਼ਖਮੀ ਹੋਣ ਦੀ ਸੂਚਨਾ ਹੈ ਪਰ ਜ਼ਖਮੀਆਂ ਦੀ ਗਿਣਤੀ ਕਿਤੇ ਵੱਧ ਦੱਸੀ ਜਾਂਦੀ ਹੈ। ਲੋਕਾਂ ਵਿਚੋਂ ਜ਼ਖਮੀ ਹੋਣ ਵਾਲਿਆਂ ਦੀ ਗਿਣਤੀ ਵੀ ਸੈਂਕੜਿਆਂ ਵਿਚ ਦੱਸੀ ਜਾਂਦੀ ਹੈ।

---

ਕਿਸ, ਪ੍ਰਾਚੀਨਤਾ ਦੀਆਂ ਇਹ ਲੋਕੀਂ ਗੱਲਾਂ ਕਰਦੇ ?
ਉਸ ਯੁੱਗ ਦੀ ਗਲ ਗਲ ਤੇ ਸਾਖੀ ਭਰਦੇ.
ਮਹਾਨਤਾ ਭਰੀਆਂ ਉਹ ਹਸਤੀਆਂ
ਸਤੀ, ਸਾਵਿਤ੍ਰੀ, ਸੀਤਾ ਮਾਤਾ
ਔਰਤ ਦੇ ਨਾਵਾਂ ਨਾਲ ਜੁੜੀਆਂ

# ਰਿਸ਼ੀਕੇਸ਼ ਵਿਚ ਕਰਫੀਊ ਉਠਾਇਆ — ਹਾਲਾਤ ਕਾਬੂ ਹੇਠ

ਨਵੀਂ ਦਿੱਲੀ — 9 ਜੁਲਾਈ ਨੂੰ ਇਥੇ ਭਾਰਤੀ ਜਨਤਾ ਪਾਰਟੀ ਦੇ ਵਰਕਰਾਂ ਨੇ ਸਿੱਖਾਂ 'ਤੇ ਹਮਲੇ ਕੀਤੇ ਜਿਨ੍ਹਾਂ ਨੂੰ ਦੇਖਦਿਆਂ ਅਧਿਕਾਰੀਆਂ ਨੇ ਕਰਫੀਊ ਲਾ ਦਿੱਤਾ। ਇਥੇ ਦੋ ਵਿਅਕਤੀਆਂ ਦੀ ਮੌਤ ਦੀ ਵੀ ਖਬਰ ਹੈ। ਪਰ ਪਤਾ ਲੱਗਾ ਹੈ ਕਿ ਹੁਣ ਹਾਲਾਤ ਕਾਬੂ ਹੇਠ ਹਨ ਤੇ ਕਰਫੀਊ ਉਠਾ ਦਿੱਤਾ ਗਿਆ। ਇਸੇ ਤਰ੍ਹਾਂ ਪੰਜਾਬ ਤੇ ਹਰਿਆਣਾ ਦੋਵੇਂ ਸੂਬੇ 9 ਤੇ 10 ਜੁਲਾਈ ਨੂੰ ਬੰਦ ਰਹੇ। ਚੰਡੀਗੜ੍ਹ ਵਿਚ ਵਪਾਰਕ ਅਦਾਰੇ ਬੰਦ ਰੱਖੇ ਗਏ।

## ਬੰਬਈ ਬੰਦ

10 ਜੁਲਾਈ ਨੂੰ ਬੰਬਈ ਬੰਦ ਦਾ ਸੱਦਾ ਦਿੱਤਾ ਗਿਆ। 11 ਜੁਲਾਈ ਨੂੰ ਕਲਕੱਤੇ ਵਿਚ ਬੰਦ ਦਾ ਸੱਦਾ ਦਿੱਤਾ ਗਿਆ ਪਰ ਪੱਛਮੀ ਬੰਗਾਲ ਦੇ ਲੋਕਾਂ ਨੇ ਭਾਰਤੀ ਜਨਤਾ ਪਾਰਟੀ ਵੱਲ ਧਿਆਨ ਨਾ ਦਿੰਦਿਆਂ ਬੰਦ ਲਾਗੂ ਹੀ ਨਹੀਂ ਕੀਤਾ।

## ਭਾਰਤੀ ਜਨਤਾ ਪਾਰਟੀ ਰਾਜਸੀ ਲਾਭ ਉਠਾਉਣ ਲੱਗੀ

ਬੰਬਈ ਵਿਚ ਟਰੱਕਾਂ ਨੂੰ ਅੱਗਾਂ ਲਾਉਣ ਦੀ ਕੋਸ਼ਿਸ਼ ਕੀਤੀ ਗਈ ਅਤੇ ਵੱਡੀ ਪੱਧਰ ਉਤੇ ਦੰਗੇ, ਫਸਾਦਾਂ ਦਾ ਪਰੋਗਰਾਮ ਉਲੀਕਿਆ ਗਿਆ ਆਮ ਲੋਕਾਂ ਦਾ ਕਹਿਣਾ ਹੈ ਕਿ ਭਾਰਤੀ ਜਨਤਾ ਪਾਰਟੀ ਹਰਿਆਣੇ ਦੇ 72 ਹਿੰਦੂਆਂ ਦੇ ਕਤਲਾਂ ਤੋਂ ਰਾਜਸੀ ਲਾਭ ਉਠਾਉਣ ਦੀ ਕੋਸ਼ਿਸ਼ ਵਿਚ ਲੱਗੀ ਹੋਈ ਹੈ।

# ਦੇਵੀ ਲਾਲ ਸਮੁੱਚੇ ਪੰਜਾਬ ਸਮਝੌਤੇ ਦੇ ਵਿਰੁੱਧ ਨਹੀਂ

ਚੰਡੀਗੜ੍ਹ — ਹਰਿਆਣਾ ਅਸੈਂਬਲੀ ਵਿਚ ਬੋਲਦਿਆਂ ਮੁਖ ਮੰਤਰੀ ਚੌਧਰੀ ਦੇਵੀ ਲਾਲ ਨੇ ਕਿਹਾ ਕਿ ਉਹ ਸਮੁੱਚੇ ਪੰਜਾਬ ਸਮਝੌਤੇ ਦੇ ਵਿਰੁੱਧ ਨਹੀਂ ਹਨ ਪਰ ਉਨ੍ਹਾਂ ਦੇ ਇਤਰਾਜ਼ ਇਲਾਕਿਆਂ ਦੀ ਵੰਡ ਦੀ ਮੱਦ ਅਤੇ ਪਾਣੀ ਬਾਰੇ ਮੱਦ ਨਾਲ ਹਨ। ਸ੍ਰੀ ਦੇਵੀ ਲਾਲ ਹਰਿਆਣੇ ਦੇ ਗਵਰਨਰ ਦੇ ਭਾਸ਼ਨ ਉਤੇ ਬੋਲ ਰਹੇ ਸਨ।

## ਸਮਝੌਤਾ ਬੁਰਾ ਨਹੀਂ

ਸ੍ਰੀ ਦੇਵੀ ਲਾਲ ਨੇ ਕਿਹਾ ਕਿ ਪੰਜਾਬ ਵਿਚ ਅਮਨ ਹੋਣਾ ਜ਼ਰੂਰੀ ਹੈ ਪਰ ਹਰਿਆਣੇ ਦੇ ਹੱਕਾਂ ਉਤੇ ਛਾਪਾ ਮਾਰ ਕੇ ਇਹ ਅਮਨ ਖਰੀਦਿਆ ਨਹੀਂ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਦਹਿਸ਼ਤਵਾਦ ਕੇਂਦਰ ਸਰਕਾਰ ਦਾ ਪੈਦਾ ਕੀਤਾ ਹੋਇਆ ਹੈ ਜੋ ਫਿਰਕੂ ਜਜ਼ਬਾਤ ਭੜਕਾ ਕੇ ਕੇਂਦਰ ਵਿਚ ਆਪਣਾ ਕਬਜ਼ਾ ਜਾਰੀ ਰੱਖਣਾ ਚਾਹੁੰਦੀ ਹੈ।

## ਹਰਿਆਣੇ ਵਿਚ ਸਥਿਤੀ ਕਾਬੂ ਹੇਠ

ਸ੍ਰੀ ਦੇਵੀ ਲਾਲ ਨੇ ਕਿਹਾ ਕਿ ਹਰਿਆਣੇ ਵਿਚ ਜੋ ਜ਼ੁਲਮ ਦਹਿਸ਼ਤਗਰਦਾਂ ਨੇ ਬੱਸਾਂ ਵਿਚ ਕਤਲ ਕਰਕੇ ਕੀਤਾ ਉਸਦੀ ਨਿੰਦਿਆ ਸਭ ਪਾਰਟੀਆਂ ਨੇ ਕੀਤੀ ਹੈ। ਉਨ੍ਹਾਂ ਕਿਹਾ ਕਿ ਹਰਿਆਣੇ ਵਿਚ ਸਥਿਤੀ ਕਾਬੂ ਹੇਠ ਹੈ। ਜੋ ਜਾਨੀ ਜਾਂ ਮਾਲੀ ਨੁਕਸਾਨ ਹੋਇਆ ਹੈ ਉਹ ਸਰਕਾਰ ਪੂਰਾ ਕਰੇਗੀ।

# ਆਸਟ੍ਰੇਲੀਆਂ ਵਿਚ ਲੇਬਰ ਪਾਰਟੀ ਜਿੱਤੀ

ਸਿਡਨੀ — ਆਸਟਰੇਲੀਆ ਵਿਚ ਲੇਬਰ ਪਾਰਟੀ ਤੀਜੀ ਵਾਰ ਪਾਰਲੀਮੈਂਟਾਂ ਚੋਣਾਂ ਵਿਚ ਸਫਲ ਹੋ ਗਈ ਹੈ ਅਤੇ ਉਸ ਨੇ ਅੱਗੇ ਨਾਲੋਂ ਵੀ ਵੱਧ ਸੀਟਾਂ ਉਤੇ ਕਬਜ਼ਾ ਕਰ ਲਿਆ ਹੈ। ਪ੍ਰਧਾਨ ਮੰਤਰੀ ਬੌਬ ਹਾਕ ਨੇ ਆਸਟਰੇਲੀਆ ਦੇ ਲੋਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਟਰੇਡ ਯੂਨੀਅਨ ਦੀ ਜਿੱਤ ਹੈ।

ਪ੍ਰਧਾਨ ਮੰਤਰੀ ਬੌਬ ਹਾਕ ਪਹਿਲਾਂ ਆਪ ਮਜ਼ਦੂਰ ਯੂਨੀਅਨ ਦੇ ਲੀਡਰ ਰਹਿ ਚੁਕੇ ਹਨ। ਇਹ ਵੋਟਾਂ 148-ਮੈਂਬਰੀ ਪਾਰਲੀਮੈਂਟ ਲਈ ਪਈਆਂ ਹਨ। ਵਿਰੋਧੀ ਕਨਜ਼ਰਵੇਟਿਵ ਪਾਰਟੀ ਦੇ ਨੇਤਾ ਨੇ ਆਪਣੀ ਪਾਰਟੀ ਦੀ ਹਾਰ ਨੂੰ ਕਬੂਲ ਕਰ ਲਿਆ ਹੈ।


## ਧੰਨੂ ਪ੍ਰਿੰਟਿਗ ਕੰਪਨੀ ਲਿਮਿ:

ਵਿਆਹ ਸ਼ਾਦੀਆਂ ਦੇ ਕਾਰਡ ਅਤੇ ਹੋਰ ਹਰ ਕਿਸਮ ਦੀ ਪ੍ਰਿੰਟਿਗ ਲਈ ਫੋਨ ਕਰੋ ਜਾਂ ਦਰਸ਼ਨ ਦਿਓ

**ਭਾਰਤ ਤੋਂ ਆਏ ਨਵੇਂ ਨਵੇਂ ਡੀਜ਼ਾਈਨਾਂ ਅਤੇ ਰੰਗਾਂ ਵਿਚੋਂ ਆ ਕੇ ਆਪਣੀ ਮਨਪਸੰਦ ਦੇ ਕਾਰਡ ਪਸੰਦ ਕਰੋ**

**ਸਪੈਸ਼ਲ**

ਜੁਲਾਈ ਤੇ ਅਗਸਤ ਦੇ ਮਹੀਨੇ ਫਾਰਮਾਂ ਦੇ ਪਿਕਰ ਕਾਰਡ ਛੁਪਾਉਣ ਲਈ **10%** ਡਿਸਕਾਊਂਟ ਦਿਤਾ ਜਾਵੇਗਾ

**ਫ਼ੋਨ : 585-7916**

GM

**WESTMINSTER**

12th. STREET AT QUEENS AVE., NEW WESTMINSTER, B.C.

ਆਪ ਨਵੀਂ ਜਾਂ ਪੁਰਾਣੀ ਕਾਰ ਵੇਚਣੀ ਜਾਂ ਖ੍ਰੀਦਣੀ ਚਾਹੁੰਦੇ ਹੋ ਤਾਂ ਵਧੀਆ ਡੀਲ ਲਈ ਪ੍ਰੋਫੈਸ਼ਨਲ ਸੇਲਜ਼ਮੈਨ

**ਗੁਰਜੀਤ ਬਾਵਾ ਢੀਂਡਸਾ**

ਨੂੰ ਜ਼ਰੂਰ ਮਿਲੋ ਜਾਂ ਫੋਨ ਕਰੋ। ਉਹ ਤੁਹਾਨੂੰ ਵਧੀਆ ਕਾਰ ਵਾਜਬ ਕੀਮਤ ਤੇ ਦਿਵਾਉਣ ਦਾ ਵਾਅਦਾ ਕਰਦੇ ਹਨ।

- ਥੋੜ੍ਹੀ ਜਿਹੀ ਡਾਊਨ ਪੇਮੈਂਟ ਦੇ ਕੇ ਆਸਾਨ ਕਿਸ਼ਤਾਂ ਤੇ ਕਾਰ ਦਿਵਾ ਸਕਦੇ ਹਨ।

WESTMINSTER GM ਵਾਲਿਆਂ ਦੇ ਨਵੇਂ ਸ਼ੋਅਰੂਮ ਵਿਚ 1987 ਦੇ ਮਾਡਲ ਹੁਣ ਪਹੁੰਚ ਗਏ ਹਨ ਤੇ 1986 ਦੇ ਮਾਡਲਾਂ ਤੇ ਸੇਲ ਅਜੇ ਵੀ ਚੱਲ ਰਹੀ ਹੈ। ਨਵੇਂ ਸ਼ੋਅਰੂਮ ਵਿਚ ਆਓ ਤੇ ਸੇਲ ਦਾ ਫਾਇਦਾ ਉਠਾਓ!

**BUS. 521-7731**

**Pager 687-1985 #5531**





ਗੁਰਜੀਤ ਢੀਂਡਸਾ ਬਾਵਾ

## ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਵਿੰਨੀਪੈਗ ਵਲੋਂ

# ਸਭਿਆਚਾਰਕ ਪ੍ਰੋਗਰਾਮ

ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਵਿੰਨੀਪੈਗ ਵਲੋਂ 23 ਮਈ ਸ਼ਾਮ ਨੂੰ ਟੈਕਨੀਕਲ ਵੋਕੇਸ਼ਨ ਸਕੂਲ ਦੇ ਹਾਲ ਵਿਚ ਇਕ ਸਭਿਆਚਾਰਕ ਪਰੋਗਰਾਮ ਪੇਸ਼ ਕੀਤਾ ਗਿਆ।

ਪ੍ਰੋਗਰਾਮ ਦੀ ਸ਼ੁਰੂਆਤ ਲੋਕ ਸਭਿਆਚਾਰਕ ਮੰਚ ਕੈਲਗਿਰੀ ਦੇ ਕਲਾਕਾਰਾਂ ਦੇ ਗੀਤ ਨਾਲ ਹੋਈ। ਇਸ ਤੋਂ ਬਾਅਦ 'ਪੰਜਾਬੀ ਲਿਟਰੇਰੀ ਐਸੋ: ਐਡਮਿੰਟਨ ਦੇ ਕਲਾਕਾਰਾਂ ਵਲੋਂ ਇਕ ਸਮੂਹਗਾਨ ਪੇਸ਼ ਕੀਤਾ ਗਿਆ। ਪ੍ਰੋਗਰਾਮ ਦੌਰਾਨ ਤਿੰਨ ਨਾਟਕ ਖੇਡੇ ਗਏ — ਪਹਿਲਾ ਨਾਟਕ 'ਲੋਕ ਕਲਾ ਕੇਂਦਰ ਵਿਨੀਪੈਗ' ਦੇ ਕਲਾਕਾਰਾਂ ਵਲੋਂ ਖੇਡਿਆ ਗਿਆ, ਜਿਸਨੂੰ ਸੁਖਵੰਤ ਹੁੰਦਲ ਨੇ ਲਿਖਿਆ ਹੈ। ਇਸ ਨਾਟਕ 'ਚ ਸਾਡੇ ਲੋਕਾਂ ਦੇ ਮਨਾਂ 'ਚ ਵਸੇ ਗਤਲ ਪੈਮਾਨੇ ਤੇ ਚੋਟ ਸੀ। ਪੈਮਾਨਾ ਜਿਸ ਨਾਲ ਅਸੀਂ ਵਿਅਕਤੀਗਤ ਅਤੇ ਕਮਿਊਨਿਟੀ ਦੀ ਤਰੱਕੀ ਮਿਣਦੇ ਹਾਂ। ਇਸ ਵਿਚ ਦਰਸਾਇਆ ਗਿਆ ਕਿ ਕਿਸੇ ਕਮਿਊਨਿਟੀ ਦੀ ਤਰੱਕੀ ਉਸਦੇ ਮੈਂਬਰਾਂ ਕੋਲ ਐਸ਼ੋਇਸ਼ਰਤ ਦੀਆਂ ਚੀਜ਼ਾਂ ਮਿਣਕੇ ਨਹੀਂ ਸਗੋਂ ਉਸ ਕਮਿਊਨਿਟੀ ਵਿਚਲੇ ਬਜ਼ੁਰਗਾਂ ਦੀ ਹਾਲਤ, ਔਰਤਾਂ ਦੀ ਆਜ਼ਾਦੀ ਅਤੇ ਬੱਚਿਆਂ ਦੀ ਪਰਵਰਸ਼ ਤੋਂ ਲਾਈ ਜਾਂਦੀ ਹੈ। ਸਾਡੀ ਕਮਿਊਨਿਟੀ ਦੇ ਧਾਰਮਕ ਸਥਾਨਾਂ ਵਿਚਲੇ ਲੀਡਰਾਂ ਉਤੇ ਵੀ ਇਸ ਨਾਟਕ 'ਚ ਵਿਅੰਗ ਸੀ ਕਿ ਕਿਵੇਂ ਉਹ ਸਾਡੇ ਖੂਨ ਪਸੀਨੇ ਦੀ ਕਮਾਈ ਨੂੰ ਅਦਾਲਤਾਂ 'ਚ ਆਪਣੀ ਚੌਧਰ ਖਾਤਿਰ ਰੋਲਦੇ ਹਨ। ਇਸ ਨਾਟਕ 'ਚ ਮਜ਼ਦੂਰਾਂ ਨੂੰ ਅਤੇ ਸਾਰੀ ਕਮਿਊਨਿਟੀ ਨੂੰ ਇਕ-ਮੁੱਠ ਹੋ ਕੇ ਆਪਣੀਆਂ ਸਮੱਸਿਆਵਾਂ ਆਪ ਹੱਲ ਕਰਨ ਲਈ ਵੰਗਾਰ ਸੀ। ਇਸ ਨਾਟਕ ਦੀ ਇਕ ਹੋਰ ਵਿਲੱਖਣਤਾ ਇਹ ਸੀ ਕਿ ਇਹ ਕਲਾਕਾਰਾਂ ਦੀ ਪਲੇਠੀ ਪੇਸ਼ਕਸ਼ ਸੀ ਅਤੇ ਕਿਸੇ ਵੀ ਕਲਾਕਾਰ ਦਾ ਪਹਿਲਾਂ ਕੋਈ ਸਟੇਜੀ ਤਜਰਬਾ ਨਹੀਂ ਸੀ। ਤਕਨੀਕੀ ਅਤੇ ਹੋਰ ਊਣਤਾਈਆਂ ਦੇ ਬਾਵਜੂਦ ਵੀ ਇਹ ਨਾਟਕ ਲੋਕਾਂ ਵਲੋਂ ਬਹੁਤ ਸਲਾਹਿਆ ਗਿਆ।

ਦੂਸਰਾ ਨਾਟਕ 'ਪੰਜਾਬੀ ਲਿਟਰੇਰੀ ਐਸੋ: ਐਡਮਿੰਟਨ ਵਲੋਂ ਖੇਡਿਆ ਗਿਆ ਗੁਰਸ਼ਰਨ ਸਿੰਘ ਦਾ ਲਿਖਿਆ ਇਹ ਨਾਟਕ ਰਾਜਸੀ ਪਾਰਟੀਆਂ ਦੇ ਦੰਭ ਦਾ ਭਾਂਡਾ ਚੌਰਾਹੇ 'ਚ ਭੰਨਦਾ ਸੀ ਕਿ ਕਿਵੇਂ ਇਕ ਧੜਾ ਕੁਰਸੀ ਤੇ ਕਾਬਜ਼ ਹੋ ਜਾਂਦਾ ਹੈ ਅਤੇ ਦੂਸਰਾ ਧੜਾ ਹਾਰ ਜਾਂਦਾ ਹੈ। ਇਹ ਦੋਵੇਂ ਇਕ ਦੂਸਰੇ ਨਾਲ ਰਲਕੇ ਲੋਕਾਂ ਦੀਆਂ ਭਾਵਨਾਵਾਂ ਦਾ ਘਾਣ ਕਰਦੇ ਹਨ। ਲੋਕਾਂ ਦੀਆਂ ਮੁਸ਼ਕਿਲਾਂ ਤੋਂ ਕਿਵੇਂ ਲੋਕਾਂ ਦਾ ਧਿਆਨ ਲਾਂਭੇ ਲੈ ਜਾਂਦੇ ਹਨ ਅਤੇ ਆਪਣੀਆਂ ਸੌੜੀਆਂ ਸਿਆਸੀ ਗਰਜ਼ਾਂ ਲਈ ਲੋਕਾਂ ਨੂੰ ਭਰਾ ਮਾਰ ਲੜਾਈ ਧੱਕਣੋਂ ਵੀ ਗੁਰੇਜ਼ ਨਹੀਂ ਕਰਦੇ। ਪੰਜਾਬ ਮਸਲਾ ਉਪਜਿਆ ਹੀ ਸਿਆਸੀ ਪਾਰਟੀਆਂ ਦੀ ਇਸ ਖੇਡ ਚੋਂ ਹੈ ਅਤੇ ਉਲਝਣ ਦਾ ਕਾਰਣ ਵੀ ਦੋਵੇਂ ਰਾਜਸੀ ਪਾਰਟੀਆਂ ਦੇ ਸੌੜੇ ਸਿਆਸੀ ਹਿਤਾਂ 'ਚੋਂ ਹੈ। ਇਹ ਨਾਟਕ ਲੋਕਾਂ ਵਲੋਂ ਬਹੁਤ ਸਲਾਹਿਆ ਗਿਆ।

ਤੀਸਰਾ ਨਾਟਕ ਲੋਕ ਸਭਿਆਚਾਰਕ ਮੰਚ ਕੈਲਗਿਰੀ ਵਲੋਂ ਪੇਸ਼ ਕੀਤਾ ਗਿਆ — ਇਹ ਨਾਟਕ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਸ਼ਹਾਦਤ (ਤੋਂ ਤੁਰਕੇ ਵਰਤਮਾਨ) ਨੂੰ ਭਾਰਤੀ ਦੀ ਅਜੋਕੀ ਸਥਿਤੀ ਨਾਲ ਜੋੜਦਾ ਸੀ ਕਿ ਭਗਤ ਸਿੰਘ ਅਤੇ ਸਾਥੀਆਂ ਵਲੋਂ ਚਿਤਵੇ ਆਜ਼ਾਦ ਭਾਰਤ, ਜਿਸ ਵਿਚ ਸਭ ਨੂੰ ਜਿਊਣ ਦੇ ਬਰਾਬਰ ਹੱਕ ਹੋਣਗੇ ਇਸ ਅਖੌਤੀ ਆਜ਼ਾਦੀ ਮਿਲਣ ਨਾਲ ਨਹੀਂ ਮਿਲੇ। ਸ਼ਹੀਦਾਂ ਦਾ ਸੁਪਨਾ ਅਜੇ ਅਧੂਰਾ ਹੈ।

ਇਸ ਤੋਂ ਇਲਾਵਾ ਇਸ ਪਰੋਗਰਾਮ ਵਿਚ 'ਪੰਜਾਬੀ ਲਿਟਰੇਰੀ ਐਸੋਸੀਏਸ਼ਨ ਐਡਮਿੰਟਨ' ਦੀ ਪਾਈ ਹੋਈ ਪਿਰਤ ਨੂੰ ਅਗਾਂਹ ਤੋਰਦਿਆਂ ਹੋਇਆਂ 'ਲੋਕ ਕਲਾ ਮੰਚ ਵਿੰਨੀਪੈਗ' ਦੀਆਂ ਭੈਣਾਂ ਵਲੋਂ ਗਿੱਧਾ ਵੀ ਪੇਸ਼ ਕੀਤਾ ਗਿਆ ਜਿਸਨੂੰ ਦਰਸ਼ਕਾਂ ਨੇ ਬਹੁਤ ਹੀ ਸਲਾਹਿਆ। ਇਸ ਵਿਚ ਇਹ ਦਰਸਾਇਆ ਗਿਆ ਕਿ ਗਿੱਧੇ ਨੂੰ ਸਾਡੇ ਸਭਿਆਚਾਰ ਦੇ ਅਖੌਤੀ ਮੁਦੱਈਆਂ ਨੇ ਆਪਣੇ ਨਿਜੀ ਸੁਆਰਥਾਂ ਲਈ ਇਕ ਬਜ਼ਾਰੂ ਚੀਜ਼ ਬਣਾ ਦਿੱਤਾ ਹੈ ਜਦੋਂ ਕਿ ਗਿੱਧਾ ਸਾਡੇ ਸਭਿਆਚਾਰ ਦਾ ਜੀਵਨ ਅਤੇ ਬੋਲੀਆਂ ਇਸ ਦੀ ਧੜਕਦੀ ਰੂਹ ਹਨ। ਇਹ ਗਿੱਧਾ ਹੀ ਹੈ ਜਿਸ ਰਾਹੀਂ ਸਾਡੀਆਂ ਮੁਟਿਆਰਾਂ ਆਪਣੇ ਮਨ ਦੀਆਂ ਖੁਸ਼ੀਆਂ ਅਤੇ ਦਿਲ ਦੇ ਮਰ ਮਿਟੇ ਅਰਮਾਨਾਂ ਦਾ ਪ੍ਰਗਟਾਵਾ ਕਰਦੀਆਂ ਹਨ। ਇਸ ਗਿੱਧੇ ਨੂੰ ਵੇਖ ਕੇ ਇਹ ਅਹਿਸਾਸ ਹੁੰਦਾ ਹੈ ਸੀ ਕਿ ਗਿੱਧਾ ਸਾਡੀ ਰੋਜ਼ਾਨਾ ਜ਼ਿੰਦਗੀ ਨਾਲ ਸੰਬੰਧਤ ਵਧੀਆ ਤੇ ਉਸਾਰੂ ਬੋਲੀਆਂ ਨਾਲ ਵੀ ਪਾਇਆ ਜਾ ਸਕਦਾ ਹੈ ਜਿਵੇਂ :

ਕਿਰਤੀਆਂ ਦਾ ਤੂੰ ਖੂਨ ਪੀਣ ਲਈ ਫਿਰਦੈਂ ਗੁੰਡੇ ਪਾਲੀ
ਵੇ ਰਾਜ ਲੁਟੇਰਾ ਰਹਿਣ ਨਹੀਂ ਦੇਣਾ ਲੋਕਾਂ ਗੱਲ ਉਠਾ ਲਈ
ਸਮੇਂ ਦਿਆ ਹਾਕਮਾਂ ਵੇ
ਔਖੀ ਝੱਲਣੀ ਸੂਰਜ ਦੀ ਲਾਲੀ

ਇਸ ਤੋਂ ਇਲਾਵਾ ਹੋਰ ਉਸਾਰੂ ਗੀਤ ਅਤੇ ਛੋਟੇ ਬੱਚਿਆਂ ਵਲੋਂ ਭੰਗੜਾ ਵੀ ਪੇਸ਼ ਕੀਤਾ ਗਿਆ। ਇਸ ਪਰੋਗਰਾਮ ਨੂੰ ਛੇਅ ਸੌ ਤੋਂ ਵੱਧ ਲੋਕਾਂ ਨੇ ਮਾਣਿਆ ਜਿਨ੍ਹਾਂ ਵਿਚ ਔਰਤਾਂ ਦੀ ਗਿਣਤੀ ਅੱਧੇ ਤੋਂ ਜ਼ਿਆਦਾ ਸੀ। ਪਰੋਗਰਾਮ ਦੌਰਾਨ ਦਰਸ਼ਕਾਂ ਵਲੋਂ ਦਿੱਤੇ ਸਹਿਯੋਗ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ ਜੋ ਕਿ ਇਹ ਸਿਧ ਕਰਦਾ ਹੈ ਕਿ ਜੇਕਰ ਤੁਸੀਂ ਸਟੇਜ ਤੋਂ ਲੋਕਾਂ ਦੀ ਗੱਲ ਕਰਦੇ ਹੋ ਤਾਂ ਉਹ ਤੁਹਾਡਾ ਸਾਥ ਦਿੰਦੇ ਹਨ ਅੰਤ ਵਿਚ ਅਸੀਂ ਉਹਨਾਂ ਸਾਰੇ ਦੋਸਤਾਂ ਦੇ ਧੰਨਵਾਦੀ ਹਾਂ ਜਿਨ੍ਹਾਂ ਆਪਣਾ ਕੀਮਤੀ ਸਮਾਂ ਕੱਢ ਕੇ ਵੱਧ ਤੋਂ ਵੱਧ ਟਿਕਟਾਂ ਵੇਚਣ ਅਤੇ ਇਸ ਪਰੋਗਰਾਮ ਨੂੰ ਕਾਮਯਾਬ ਬਨਾਉਣ ਵਿਚ ਸਾਡੀ ਸਹਾਇਤਾ ਕੀਤੀ।

ਵਲੋਂ : ਪੰਜਾਬੀ ਸਾਹਿਤ ਅਤੇ ਸਭਿਆਚਾਰਕ ਸਭਾ ਵਿੰਨੀਪੈਗ।

# ਜੇਠ ਮਿਲਾਨੀ ਦੇ ਪੱਤਰ ਤੇ ਸਵਾਲ, ਜਿਨ੍ਹਾਂ ਨੇ ਰਾਜੀਵ ਗਾਂਧੀ ਦਾ ਵੱਕਾਰ ਘੱਟੇ ਰੋਲ ਦਿਤਾ

ਨਵੀਂ ਦਿੱਲੀ — ਭਾਰਤ ਦੇ ਉਘੇ ਵਕੀਲ ਤੇ ਸਿਆਸਤਦਾਨ ਸ੍ਰੀ ਰਾਮ ਜੇਠ ਮਿਲਾਨੀ ਵਲੋਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੇ ਨਾਂ ਲਿਖੇ ਪੱਤਰਾਂ ਅਤੇ ਅਖਬਾਰਾਂ ਵਿਚ ਪੁਛੇ ਸਵਾਲਾਂ ਨੇ ਕਾਂਗਰਸ ਦੇ ਦਰਬਾਰੀਆਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਹਾਲਾਂ ਤੱਕ ਰਾਜੀਵ ਗਾਂਧੀ ਨੇ ਇਹਨਾਂ ਸਵਾਲਾਂ ਦਾ ਖੁਲ ਕੇ ਜਵਾਬ ਨਹੀਂ ਦਿੱਤਾ। ਜੇਠ ਮਿਲਾਨੀ ਦੀ ਪਹਿਲੀ ਅਲੋਚਨਾ ਦੇ ਜਵਾਬ ਵਿਚ ਰਾਜੀਵ ਗਾਂਧੀ ਨੇ ਕਿਹਾ ਸੀ "ਕੁਤੇ ਬਹੁਤ ਭੌਂਕਦੇ ਹਨ ਉਹ ਕਿਸ ਕਿਸ ਦਾ ਜਵਾਬ ਦੇਣ। ਸਿਆਸੀ ਹਲਕਿਆਂ ਵਿਚ ਰਾਜੀਵ ਗਾਂਧੀ ਦੇ ਇਹਨਾਂ ਸ਼ਬਦਾਂ ਉਤੇ ਹੈਰਾਨੀ ਪ੍ਰਗਟ ਕੀਤੀ ਗਈ ਅਤੇ ਬਾਦ ਵਿਚ ਰਾਜੀਵ ਗਾਂਧੀ ਦੇ ਸਲਾਹਕਾਰ ਨੇ ਰਾਜੀਵ ਗਾਂਧੀ ਵਲੋਂ ਉਕਤ ਸ਼ਬਦਾਂ ਉਤੇ ਅਫਸੋਸ ਪ੍ਰਗਟ ਕਰ ਦਿੱਤਾ।

ਰਾਜਧਾਨੀ ਦੇ ਸਿਆਸੀ ਹਲਕਿਆਂ ਨੇ ਜੇਠ ਮਿਲਾਨੀ ਵਲੋਂ ਪ੍ਰਧਾਨ ਮੰਤਰੀ ਉਤੇ ਲਾਏ ਭ੍ਰਿਸ਼ਟਾਚਾਰ ਦੇ ਦੋਸ਼ਾਂ ਬਾਰੇ ਰਾਏ ਪ੍ਰਗਟ ਕਰਦਿਆਂ ਕਿਹਾ ਹੈ ਇਕੱਲਾ ਰਾਜੀਵ ਹੀ ਨਹੀਂ ਸਾਰੀ ਜੱਜ ਹੀ ਕੁਪੱਤੀ ਹੈ ਰਾਜੀਵ ਉਤੇ ਦੋਸ਼ ਲਾਣ ਵਾਲੇ ਕਿਸੇ ਹੋਰ ਹਮਾਤ ਵਿਚ ਨੰਗੇ ਹਨ। ਜੇਠ ਮਿਲਾਨੀ ਨੇ ਪ੍ਰਧਾਨ ਮੰਤਰੀ ਤੋਂ ਪੁਛਿਆ ਹੈ — ਕੀ ਸਰਕਾਰ ਨੂੰ ਇਹ ਪਤਾ ਨਹੀਂ ਕਿ ਫੇਅਰਫੈਕਸ ਦਾ ਇਕ ਬਾਕਾਇਦਾ ਦਫਤਰ ਦਿੱਲੀ ਦੇ ਮੋਰੀਆ ਹੋਟਲ ਦੇ ਕਮਰਾ ਨੰਬਰ 1271 ਵਿਚ ਹੈ। ਜਿਥੇ ਕਿ ਕੰਪਨੀ ਦੇ ਤਿੰਨ ਅਫਸਰ ਲਗਾਤਾਰ ਕੰਮ ਕਰਦੇ ਹਨ। ਤੁਹਾਨੂੰ ਇਹ ਵੀ ਗਿਆਨ ਹੋਣਾ ਚਾਹੀਦਾ ਹੈ ਕਿ ਤੁਸੀਂ ਵੀ ਨਹੀਂ ਦੱਸਿਆ ਸਾਬਕ ਰਖਿਆ ਮੰਤਰੀ ਅਤੇ ਭੂਰੇ ਲਾਲ ਪਾਂਡੇ ਨੂੰ ਤਬਦੀਲ ਕਰ ਕੇ ਪੂਰੀ ਐਨਫੋਰਸਮੈਂਟ ਮਸ਼ੀਨਰੀ ਦੇ ਹੌਂਸਲੇ ਢਾਏ ਹਨ। ਤੁਹਾਨੂੰ ਪ੍ਰਧਾਨ ਮੰਤਰੀ ਦੇ ਹੁੰਦੇ ਹੋਏ ਚਾਹੀਦਾ ਸੀ ਕਿ ਇਸ ਚੱਢਾ ਵਿਰੁਧ ਕੇਸ ਦਰਜ ਹੋਣ ਬਾਦ ਤੁਰੰਤ ਹੀ ਬੋਫਰਜ਼ ਦੇ ਦਿਲੀ ਦਫਤਰ ਉਤੇ ਛਾਪਾ ਮਾਰਨਾ ਚਾਹੀਦਾ ਸੀ ਅਤੇ ਉਸ ਦੇ ਮੁਲਾਜ਼ਮਾਂ ਤੋਂ ਪੁਛਗਿਛ ਕੀਤੀ ਜਾਣੀ ਚਾਹੀਦੀ ਸੀ। ਮੋਰੀਆ ਹੋਟਲ ਕੋਈ ਗੁਰਦੁਆਰਾ ਜਾਂ ਮੰਦਰ ਨਹੀਂ ਜਿਥੇ ਪੁਲੀਸ ਦੇ ਜਾਣ ਤੇ ਕੋਈ ਪਾਬੰਦੀ ਹੋਵੇ।


# MINT AUTO BODY LTD.

- Complete Professional Auto Body Repairs and Refinishing on all makes and models
- I.C.B.C. claims handled promptly
- Complete framework ■ UNI - BODY repairs
- All work conditionally guaranteed
- Free estimates ■ Courtesy cars

ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ





Bhupinder(Bob) Sihota

For further information call:

**Bhupinder(Bob) Sihota**

**Ph. 433-1207**

**Mint Auto Body Ltd.**

5590 Lane Street, BURNABY, B.C. V5H 2H5



# ਲੌਂਗੋਵਾਲ ਦੇ ਕਤਲ ਦੀ ਸਾਜ਼ਿਸ਼ ਦਾ ਮੁਖ ਦੋਸ਼ੀ ਗ੍ਰਿਫਤਾਰ

ਜ਼ਿਲਾ ਪੁਲਸ ਨੇ ਦਾਅਵਾ ਕੀਤਾ ਹੈ ਕਿ ਉਸ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਕਤਲ ਕਰਨ ਦੀ ਸਾਜ਼ਿਸ਼ ਰਚਣ ਵਾਲੇ ਖੌਫਨਾਕ ਅਤਿਵਾਦੀ ਵਰਿੰਦਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ । ਇਹ ਜਾਣਕਾਰੀ ਇਥੇ ਸੀਨੀਅਰ ਪੁਲਸ ਕਪਤਾਨ ਆਰ ਐਸ ਗਿੱਲ ਨੇ ਪੱਤਰਕਾਰਾਂ ਨੂੰ ਦਿੱਤੀ । ਉਹਨਾਂ ਕਿਹਾ ਕਿ 'ਖਾਲਿਸਤਾਨ ਲਿਬਰੇਸ਼ਨ ਫੋਰਸ' ਦੇ ਅਖੌਤੀ ਲੈਫਟੀਨੈਂਟ ਜਨਰਲ ਦੀ ਗ੍ਰਿਫਤਾਰੀ ਲਈ ਸਰਕਾਰ ਨੇ 50,000 ਰੁਪੈ ਦਾ ਇਨਾਮ ਰਖਿਆ ਹੋਇਆ ਸੀ ।

ਸ੍ਰੀ ਗਿੱਲ ਨੇ ਦੱਸਿਆ ਕਿ ਇਸ ਗ੍ਰਿਫਤਾਰ ਕੀਤੇ ਗਏ ਅਤਿਵਾਦੀ ਦਾ, ਪਟਿਆਲੇ ਦੇ ਸਬ-ਇਨਸਪੇਕਟਰ ਦੀਦਾਰ ਸਿੰਘ, ਨਿਰੰਕਾਰੀ, ਟਿੱਕਾ ਜਗਜੀਤ ਸਿੰਘ ਤੇ ਸਾਬਕਾ ਸਰਪੰਚ ਸੁਖਜੈਂਟ ਸਿੰਘ ਦੇ ਕਤਲ ਵਿਚ ਹੱਥ ਸੀ । ਇਹਨਾਂ ਦੋਹਾਂ ਨੂੰ ਦਾਖਾ ਵਿਚ ਕਤਲ ਕੀਤਾ ਗਿਆ ਸੀ। ਪੁਲਸ ਨੇ ਉਸ ਦੇ ਕਬਜ਼ੇ ਵਿਚੋਂ ਇਕ ਦੇਸੀ ਪਿਸਤੌਲ ਤੇ ਵੀਹ ਗੋਲੀਆਂ ਬਰਾਮਦ ਕੀਤੀਆਂ ।

ਉਹਨਾਂ ਕਿਹਾ ਕਿ ਪੁਲਸ ਨੇ ਦਾਖੇ ਦੇ ਅਤਿਵਾਦੀ ਸੁਰਿੰਦਰਪਾਲ ਸਿੰਘ ਉਰਫ ਪਾਲੀ ਨੂੰ ਵੀ ਇਕ ਡਾਕੇ ਦੇ ਕੇਸ ਵਿਚ ਗ੍ਰਿਫਤਾਰ ਕਰ ਲਿਆ ਹੈ ਤੇ ਉਸ ਦੇ ਕਬਜ਼ੇ ਵਿਚੋਂ 2500 ਰੁਪਏ ਬਰਾਮਦ ਕੀਤੇ ਹਨ।

ਦੋ ਹੋਰ ਅਤਿਵਾਦੀ ਚਰਨਪਾਲ ਮਾਡਲ ਗਰਾਮ, ਗੁਰਿੰਦਰ ਸਿੰਘ ਉਰਫ ਪਪੂ — ਸਲਿਮ ਤਾਬਰੀ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ। ਇਹਨਾਂ ਉਪਰ ਖਤਰਨਾਕ ਅਤਿਵਾਦੀ ਅਨੋਖ ਸਿੰਘ ਤੇ ਜਲੰਧਰ ਤੇ ਲੁਧਿਆਣਾ ਬੰਬ ਕਾਂਡਾਂ ਨਾਲ ਸੰਬੰਧਤ ਅਤਿਵਾਦੀਆਂ ਨੂੰ ਪਨਾਹ ਦੇਣ ਦਾ ਦੋਸ਼ ਹੈ। ਸੀਨੀਅਰ ਪੁਲਸ ਕਪਤਾਨ ਨੇ ਦਾਅਵਾ ਕੀਤਾ ਕਿ ਪੁਲਸ ਨੇ ਪਿਛਲੇ ਛੇ ਮਹੀਨਿਆਂ ਦੌਰਾਨ 148 ਅਤਿਵਾਦੀ ਤੇ ਲੁਟੇਰਿਆਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਅਤਿਵਾਦੀਆਂ ਨੂੰ ਪਨਾਹ ਦੇਣ ਦੇ ਦੋਸ਼ ਵਿਚ ਕਾਬੂ ਕੀਤੇ ਵੀਹ ਇਸ ਤੋਂ ਅੱਡ ਹਨ ।

16 ਵਿਅਕਤੀਆਂ ਨੂੰ ਨਾਕਾਅਧੀਨ ਨਜ਼ਰਬੰਦ ਕੀਤਾ ਗਿਆ ਹੈ ਇਸੇ ਦੌਰਾਨ ਚਾਰ ਅਤਿਵਾਦੀ ਪੁਲਸ ਮੁਕਾਬਲੇ ਵਿਚ ਹਲਾਕ ਹੋ ਗਏ। ਸੀਨੀਅਰ ਪੁਲਸ ਕਪਤਾਨ ਸ੍ਰੀ ਗਿੱਲ ਨੇ ਅੱਗੇ ਦੱਸਿਆ ਕਿ ਪੁਲਸ ਨੇ ਇਨ੍ਹਾਂ ਗ੍ਰਿਫਤਾਰ ਕੀਤੇ ਅਤਿਵਾਦੀਆਂ ਪਾਸੋਂ ਭਾਰੀ ਮਾਤਰਾ ਵਿਚ ਅਸਲਾ ਬਰਾਮਦ ਕੀਤਾ ਹੈ ਇਸ ਦਾ ਵੇਰਵਾ ਇਹ ਹੈ : ਦੋ ਕਾਰਬਾਈਨਾਂ, ਤਿੰਨ ਸਮਰਿਗ ਫੀਲਡ ਰਫਲਾਂ, ਇਕ ਥੌਮਸਨ ਸਬ-ਮਸ਼ੀਨਗੰਨ, ਬਾਰਾਂ ਬੋਰ ਦੀਆਂ ਗਿਆਰਾਂ ਬੰਦੂਕਾਂ, 92 ਰਿਵਾਲਵਰ, ਦੋ ਐਚ. ਈ. 36 ਹੈਂਡਗਰੇਡ, ਚਾਰ ਦੇਸੀ ਬੰਬ, ਚਾਰ ਕਿਲੋ ਡਾਈਨਾਮਾਈਟ 2716 ਗੋਲੀਆਂ, 600 ਡਿਟੋਨੇਟਰ ਤੇ ਪੰਜ ਚੀਨ ਦੀਆਂ ਬਣੀਆਂ ਅਸਾਲਟ ਰਫਲਾਂ ।

ਪੁਲਸ ਮੁਖੀ ਨੇ ਦੱਸਿਆ ਕਿ ਕਤਲਾਂ ਤੇ ਡਾਕਿਆਂ ਨਾਲ ਸੰਬੰਧਤ ਅਤਿਵਾਦੀਆਂ ਦੀ ਪਹਿਚਾਨ ਕਰ ਲਈ ਗਈ ਹੈ । ਇਨ੍ਹਾਂ ਵਿਚੋਂ ਜ਼ਿਆਦਾ ਦਾ ਸਬੰਧ ਬੱਬਰ ਖਾਲਸਾ ਤੇ ਜਰਨੈਲ ਸਿੰਘ ਹਲਵਾਰਾ ਦੇ ਗਿਰੋਹਾਂ ਨਾਲ ਸੀ ।

ਪੰਜਾਬ ਦੇ ਸਾਬਕਾ ਮੰਤਰੀ ਜੋਗਿੰਦਰ ਪਾਲ ਪਾਂਡੇ ਦੇ ਚਾਰੋਂ ਕਾਤਲ ਤੇ ਮਹਾਂ ਪੰਜਾਬ ਆਗੂ ਡਾ. ਕਾਲੀਚਰਨ, ਅਮਰਜੀਤ ਸਿੰਘ, ਅਕਾਲੀ (ਲੌਂ) ਵਿਧਾਇਕ, ਹਰਭਜਨ ਕੌਰ ਅਕਾਲ (ਲ) ਆਗੂ ਤੇ ਪੰਜਾਬ ਹਿਂਦੂ ਸ਼ਿਵ ਸੈਨਾ ਦੇ ਸੀਨੀਅਰ ਮੀਤ ਪ੍ਰਧਾਨ ਕ੍ਰਿਸ਼ਨ ਮਹਾਂਜਨ ਦੇ ਦੋ ਦੋ ਕਾਤਲ ਵੀ ਪਹਿਚਾਨ ਲਏ ਗਏ ਹਨ । ਸ੍ਰੀ ਗਿੱਲ ਨੇ ਅਖੀਰ ਵਿਚ ਕਿਹਾ ਕਿ ਇਨ੍ਹਾਂ ਸਾਰਿਆਂ ਨੂੰ ਜਲਦੀ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ ।

# ਦਿੱਲੀ ਵਿਚ ਫਾਇਰਿੰਗ

## ਅਤਿਵਾਦੀ ਕਾਰਾ ਨਹੀਂ

ਨਵੀਂ ਦਿੱਲੀ — ਪੁਲਸ ਨੇ ਕਿਹਾ ਹੈ ਕਿ ਪੱਛਮੀ ਦਿੱਲੀ ਦੀ ਮਾਇਆਪੁਰੀ ਕਾਲੋਨੀ ਵਿਚ ਹੋਈ ਗੋਲੀ ਦੀ ਘਟਨਾ ਦਾ ਅਤਿਵਾਦ ਨਾਲ ਕੋਈ ਸੰਬੰਧ ਨਹੀਂ। ਹਰਿੰਦਰ ਸਿੰਘ ਬਜਾਜ ਨਾਂ ਦੇ ਇਕ ਸਨਅਤਕਾਰ ਨੇ ਪੁਲਸ ਪਾਸ ਰੀਪੋਰਟ ਦਰਜ ਕਰਾਈ ਸੀ ਕਿ ਰਾਤ ਦੇ ਗਿਆਰਾਂ ਵਜੇ ਦੇ ਕਰੀਬ ਮੋਟਰ ਸਾਈਕਲ ਸਵਾਰ ਅਤਿਵਾਦੀਆਂ ਨੇ ਉਹਨਾਂ ਉਪਰ ਗੋਲੀ ਚਲਾਈ ਜਦੋਂ ਉਹ ਕਾਰ ਰਾਹੀਂ ਘਰ ਪਰਤ ਰਹੇ ਸਨ ਸੀਨੀਅਰ ਪੁਲਸ ਅਧਿਕਾਰੀਆਂ ਨੇ ਦਸਿਆ ਕਿ ਪੁਲਸ ਰੀਪੋਰਟ ਦੀ ਸਚਾਈ ਦਾ ਪਤਾ ਲਗਾ ਰਹੀ ਹੈ ਕਿਉਂਕਿ ਗੋਲੀ ਚਲਣ ਦੀ ਇਸ ਘਟਨਾ ਦਾ ਕੋਈ ਵੀ ਸਬੂਤ ਨਹੀਂ ਹੈ ।

# ਅਕਾਲੀ ਆਗੂ ਦਾ ਕਾਤਲ ਫੜਿਆ

ਹੁਸ਼ਿਆਰਪੁਰ — ਪੁਲਸ ਨੇ ਜਥੇਦਾਰ ਨਿਰਮਲ ਸਿੰਘ ਬਡਾਲਾ ਦੇ ਕਤਲ ਦੇ ਸੰਬੰਧ ਵਿਚ ਅਤਿਵਾਦੀ ਗੁਰਵਿੰਦਰ ਸਿੰਘ, ਪਿੰਡ ਰਾਮਗੜ੍ਹੀਆਂ ਨੂੰ ਗ੍ਰਿਫਤਾਰ ਕਰ ਲਿਆ ਹੈ । ਹੁਸ਼ਿਆਰਪੁਰ ਮਾਰਕਿਟ ਕਮੇਟੀ ਦੇ ਚੇਅਰਮੈਨ ਤੇ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ: ਬਡਾਲਾ ਨੂੰ ਉਨ੍ਹਾਂ ਦੇ ਘਰ 26 ਜੂਨ ਨੂੰ ਅਤਿਵਾਦੀਆਂ ਨੇ ਗੋਲੀਆਂ ਮਾਰਕੇ ਹਲਾਕ ਕਰ ਦਿੱਤਾ ਸੀ ।

# ਤਿੰਨ ਲੁਟੇਰੇ, ਪੰਜ ਅਤਿਵਾਦੀ ਕਾਬੂ

ਅੰਮ੍ਰਿਤਸਰ — ਪੁਲਸ ਨੇ ਲੁਟੇਰਿਆਂ ਦੇ ਇਕ ਤਿੰਨ ਮੈਂਬਰੀ ਗਿਰੋਹ ਦਾ ਸਫਾਇਆ ਕਰਨ ਤੇ ਪੰਜ ਅਤਿਵਾਦੀਆਂ ਨੂੰ ਕਾਬੂ ਕਰਨ ਦਾ ਦਾਅਵਾ ਕੀਤਾ ਹੈ। ਪੁਲਸ ਨੇ ਲੁਟੇਰੇ ਮਨਰਾਜ ਸਿੰਘ, ਤਜਿੰਦਰ ਸਿੰਘ ਤੇ ਸਤਨਾਮ ਸਿੰਘ ਨੂੰ ਉਸ ਸਮੇਂ ਕਾਬੂ ਕਰ ਲਿਆ ਜਦੋਂ ਉਹ ਡਾਕਾ ਮਾਰਨ ਦੀਆਂ ਸਕੀਮਾਂ ਤਿਆਰ ਕਰ ਰਹੇ ਸਨ । ਪੁਲਸ ਨੇ ਉਹਨਾਂ ਪਾਸੋਂ ਦੋ ਪਿਸਤੌਲ ਗਿਆਰਾਂ ਕਾਰਤੂਸ ਤੇ ਦੋ ਸਕੂਟਰ ਬਰਾਮਦ ਕੀਤੇ ਹਨ । ਇਸ ਤੋਂ ਇਲਾਵਾ ਪੁਲਸ ਨੇ ਅਤਿਵਾਦੀ ਪਿਆਰਾ ਸਿੰਘ, ਬਲਵਿੰਦਰ ਸਿੰਘ, ਸੰਤੋਖ ਸਿੰਘ, ਲਖਬੀਰ ਸਿੰਘ ਤੇ ਬਲਦੇਵ ਸਿੰਘ ਨੂੰ ਵੀ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ ।

# ਇਕ ਅਤਿਵਾਦੀ ਫੜਿਆ

ਬੰਗਾ — ਪੁਲਸ ਨੇ ਤੰਡੀਪੁਰ ਪਿੰਡ ਵਿਚੋਂ ਬਲਜੀਤ ਸਿੰਘ ਨਾਂ ਦੇ ਇਕ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਉਸਦੇ ਕਬਜ਼ੇ ਵਿਚੋਂ ਇਕ ਪਿਸਤੌਲ ਤੇ ਪੰਜ ਗੋਲੀਆਂ ਬਰਾਮਦ ਕੀਤੀਆਂ ਹਨ । ਪੁਲਸ ਨੇ ਕੇਸ ਦਰਜ ਕਰਕੇ ਤਫਤੀਸ਼ ਸ਼ੁਰੂ ਕਰ ਦਿੱਤੀ ਹੈ ।

# ਜ਼ਫਨਾ ਵਿਚ 70 ਮਰੇ — 10 ਫੌਜੀ ਹਲਾਕ

ਕੋਲੰਬੋ — ਸ੍ਰੀ ਲੰਕਾ ਵਿਚ ਜ਼ਫਨਾ ਦੇ ਇਲਾਕੇ ਵਿਚ ਫੌਜੀ ਅਮਲੇ ਤੇ ਤਾਮਿਲ ਗੁਰੀਲਿਆਂ ਵਿਚਕਾਰ ਝੜਪਾਂ ਵਿਚ 70 ਬੰਦੇ ਮਰੇ ਜਿਨ੍ਹਾਂ ਵਿਚ 10 ਫੌਜੀ ਵੀ ਸ਼ਾਮਲ ਹਨ ਜੋ ਸੁਰੰਗਾਂ ਵਿਛਾਈਆਂ ਹੋਣ ਕਾਰਨ ਗੁਰੀਲਿਆਂ ਨੇ ਉਡਾ ਦਿੱਤੇ । ਪਿਛਲੇ ਤਿੰਨਾਂ ਦਿਨਾਂ ਵਿਚ ਇਹ ਸਭ ਤੋਂ ਭਿਆਨਕ ਲੜਾਈ ਸੀ ।

ਇਸੇ ਦੌਰਾਨ ਭਾਰਤ ਦੇ ਹਾਈ ਕਮਿਸ਼ਨਰ ਪ੍ਰਧਾਨ ਜੈਵਰਧਨੇ ਨੂੰ ਮਿਲੇ।

# ਹਥਿਆਰਾਂ ਤੇ ਚੋਰੀ ਦੇ ਸਕੂਟਰ ਸਮੇਤ ਦੋ ਕਾਬੂ

ਬੱਸੀ ਪਠਾਣਾ — ਪਿੰਡ ਮਾਰਵਾ ਦੇ ਨੇੜੇ ਪੁਲਸ ਪਾਰਟੀ ਵਲੋਂ ਕੀਤੀ ਗਈ ਨਾਕਾਬੰਦੀ ਦੇ ਦੌਰਾਨ ਦੋ ਸਕੂਟਰ ਸਵਾਰਾਂ ਨੂੰ ਗ੍ਰਿਫਤਾਰ ਕੀਤੇ ਜਾਣ ਦੀ ਸੂਚਨਾ ਮਿਲੀ ਹੈ । ਪ੍ਰਾਪਤ ਜਾਣਕਾਰੀ ਦੇ ਅਨੁਸਾਰ ਸਕੂਟਰ ਸਵਾਰਾਂ ਦੀ ਤਲਾਸ਼ੀ ਲੈਣ ਤੇ ਇਹਨਾਂ ਦੇ ਪਾਸੋਂ ਬਾਰਾਂ ਬੋਰ ਦਾ ਪਿਸਤੌਲ ਦੋ ਕਾਰਤੂਸ ਤੇ ਚੋਰੀ ਦਾ ਇਕ ਸਕੂਟਰ ਮਿਲਿਆ । ਪੁਲਸ ਸੂਤਰਾਂ ਅਨੁਸਾਰ ਇਹਨਾਂ ਦੇ ਨਾਂ ਦਰਸ਼ਨ ਸਿੰਘ ਰਾਮਪੁਰ ਨਡਿਆਲ ਤੇ ਗੁਰਦੇਵ ਸਿੰਘ (ਉਚਾ ਬੋਹਿਣ) ਹਨ ਤੇ ਇਹ ਸਤਲੁਜ ਯਮਨਾ ਲਿੰਕ ਨਹਿਰ ਦੇ ਇਕ ਠੇਕੇਦਾਰ ਨੂੰ ਲੁਟਣ ਲਈ ਜਾ ਰਹੇ ਸਨ ਕਿ ਪੁਲਸ ਦੇ ਕਾਬੂ ਆ ਗਏ

# ਅਤਿਵਾਦੀ ਕਾਬੂ

ਫੀਰੋਜ਼ਪੁਰ — ਮੁਲਾਂਵਾਲੀ ਪੁਲਸ ਨੇ ਇਕ ਖਤਰਨਾਕ ਅਤਿਵਾਦੀ ਹਰੀ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਕਥਿਤ ਦੋਸ਼ੀ ਜ਼ਿਲਾ ਅੰਮ੍ਰਿਤਸਰ ਦੇ ਖੇਮਕਰਨ ਹਲਕੇ ਦਾ ਰਹਿਣ ਵਾਲਾ ਹੈ ।

# ਇਕ ਸਮਗਲਰ ਹਲਾਕ, ਦੂਜਾ ਜ਼ਖਮੀ, 27 ਲੱਖ ਦਾ ਸੋਨਾ ਬਰਾਮਦ

ਅੰਮ੍ਰਿਤਸਰ — ਬੀ. ਐਸ. ਐਫ. ਦੇ ਇਕ ਬੁਲਾਰੇ ਨੇ ਦੱਸਿਆ ਕਿ ਬਦਨਾਮ ਸਮਗਲਰ ਜੋਗਿੰਦਰ ਸਿੰਘ ਸਰਹੱਦੀ ਚੌਕੀ ਕੱਕੜ ਤੇ ਹੋਏ ਮੁਕਾਬਲੇ ਵਿਚ ਹਲਾਕ ਹੋ ਗਿਆ। ਉਸ ਦਾ ਸਾਥੀ ਬਚ ਕੇ ਪਾਕਿਸਤਾਨ ਪਰਤਣ ਵਿਚ ਸਫਲ ਹੋ ਗਿਆ । ਦੂਜਾ ਮੁਕਾਬਲਾ ਬੀ ਐਸ ਐਫ ਦੀ ਧਾਰੀਵਾਲ ਚੌਕੀ ਲਾਗੇ ਹੋਇਆ ਜਿਸ ਵਿਚ ਇਕ ਸਮਗਲਰ ਭਾਰਤ ਵਿਚ ਦਾਖਲ ਹੋਣ ਦੀ ਕੋਸ਼ਿਸ਼ ਕਰਦਾ ਜ਼ਖਮੀ ਹੋ ਗਿਆ । ਬੁਲਾਰੇ ਨੇ ਦੱਸਿਆ ਕਿ ਮਿਰਤਕ ਪਾਸੋਂ 27 ਲੱਖ ਰੁਪਏ ਦਾ ਸੋਨਾ ਫੜਿਆ ਗਿਆ ਜਦੋਂ ਕਿ ਉਸਦਾ ਦੂਜਾ ਸਾਥੀ ਪਾਕਿਸਤਾਨ ਨੂੰ ਭੱਜ ਗਿਆ ਹੈ ।

- **ਫਾਇਦਾ**

ਡਾਕਟਰ (ਅਮੀਰ ਰੋਗੀ ਨੂੰ)—ਜਾਪਦਾ ਏ ਤੁਹਾਨੂੰ ਮੇਰੇ ਇਲਾਜ ਤੋਂ ਫਾਇਦਾ ਹੋ ਰਿਹਾ ਏ ।"

ਰੋਗੀ—ਪਰ ਉਨਾ ਨਹੀਂ ਹੋ ਰਿਹਾ, ਜਿੰਨਾ ਤੁਹਾਨੂੰ ਮੇਥੋਂ ਹੋ ਰਿਹਾ ਏ ।


London from $625.00 Toronto from $318.00

Montreal from $329.00 San Jose from $179.00

Los Angles from $269.00 San Fransisco from $209.00



ਭਾਰਤ, ਪਾਕਿਸਤਾਨ, ਫੀਜ਼ੀ, ਲੰਡਨ, ਸ੍ਰੀ ਲੰਕਾ, ਡਿਜ਼ਨੀਲੈਂਡ, ਹਵਾਈ ਜਾਂ ਦੁਨੀਆਂ ਦੇ ਹੋਰ ਕਿਸੇ ਵੀ ਹਿੱਸੇ ਵਿਚ ਜਾਣ ਲਈ

ਘੱਟ ਤੋਂ ਘੱਟ ਕਿਰਾਏ

ਜੇਕਰ ਤੁਸੀਂ ਲੰਡਨ ਰਾਹੀਂ ਜਾ ਰਹੇ ਹੋ ਤਾਂ ਤੁਸੀਂ 2 ਸੂਟਕੇਸ ਆਪਣੇ ਨਾਲ ਲਿਜਾ ਸਕਦੇ ਹੋ

CALL TOLL FREE 1-800-663-6699 (B.C. & ALBERTA)

BAINS TRAVEL SERVICE

6364 Fraser Street, Vancouver, B.C. Ph. 324-2277

935 Marine Drive Capilano Mall, N. Vancouver

1710 Douglas St. Victoria, B.C. Ph. 386-6363



ਪੰਜਾਬੀ ਮਾਰਕਿਟ ਵਿਚ

ਮਾਨ ਸ਼ੂਅ ਸਟੋਰ

ਆਦਮੀਆਂ, ਔਰਤਾਂ, ਅਤੇ ਬੱਚਿਆਂ ਦੇ ਜੋੜੇ, ਚਮੜੇ ਦੇ ਅਟੈਚੀ, ਪਰਸ ਅਤੇ ਹੋਰ ਸਾਮਾਨ

MENS, LADIES & CHILDRENS' SHOES AND LEATHER LUGGAGE & ACCESSORIES

Mohinder Singh Mann

ਮੁਹਿੰਦਰ ਸਿੰਘ ਮਾਨ

321-4353

MANN SHOE STORE

6570 MAIN ST., VANCOUVER, B.C.

# The Manitoba Mirror
# ਮੈਨੀਟੋਬਾ ਦਰਪਣ



## Dino's at the New Location
ਡੀਨੋਜ਼ ਨਵੀਂ ਥਾਂ ਉਤੇ

## DINO'S GROCERY MART

460 NOTRE DAME AVE. WINNIPEG, MAN. R3B 1R5

**Ph. 942-1526**

**ਵਿੰਨੀਪੈਗ ਦਾ ਸਭ ਤੋਂ ਵੱਡਾ ਭਾਰਤੀ ਗਰੌਸਰੀ ਸਟੋਰ**

ਜੋ ਹਫਤੇ ਦੇ ਸੱਤੇ ਦਿਨ ਖੁੱਲ੍ਹਾ ਰਹਿੰਦਾ ਹੈ

ਅਸੀਂ ਹੇਠ ਲਿਖੀਆਂ ਵਸਤਾਂ ਦੇ ਸਪੈਸ਼ਲਿਸਟ ਹਾਂ

- ਈਸਟ ਇੰਡੀਅਨ ਗਰੌਸਰੀ
- ਹਿੰਦੀ - ਪੰਜਾਬੀ - ਪਾਕਿਸਤਾਨੀ ਫਿਲਮਾਂ
- ਭਾਰਤੀ ਰੀਕਾਰਡ - ਕੈਸਟਾਂ ਤੇ ਭਾਂਡੇ
- ਤਾਜ਼ਾ ਸਬਜ਼ੀਆਂ
- ਤਾਜ਼ਾ ਬੱਕਰੇ ਦਾ ਮੀਟ
- ਗੁਰਦੁਆਰਿਆਂ, ਮੰਦਰਾਂ, ਵਿਆਹਾਂ, ਪਾਰਟੀਆਂ ਅਤੇ ਇਕੱਠੀ ਗਰੌਸਰੀ ਖ਼੍ਰੀਦਣ ਉਤੇ ਡਿਸਕਾਊਂਟ
- ਵਿੰਨੀਪੈਗ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਮੇਲ ਆਰਡਰ ਉਤੇ ਗਰੌਸਰੀ ਭੇਜੀ ਜਾਂਦੀ ਹੈ
- ਈਸਟ ਇੰਡੀਅਨ ਅਖਬਾਰ ਅਤੇ ਰਸਾਲੇ

**ਡੀਨੋਜ਼ ਉਤੇ ਇਕੋ ਸਮੇਂ ਸਾਰੀ ਸ਼ਾਪਿੰਗ ਕਰੋ ! ਵਧੀਆ ਕੁਆਲਟੀ, ਘੱਟ ਕੀਮਤਾਂ, ਤੇਜ਼ੀ ਨਾਲ ਸਰਵਿਸ ਅਤੇ ਦੋਸਤਾਨਾ ਮਾਹੌਲ**

**ਡੀਨੋ ਦੇ ਸਟੋਰ ਉਤੇ "ਤੁਹਾਡੀ ਤਸੱਲੀ ਸਾਡਾ ਬਿਜ਼ਨਿਸ ਹੈ"**



## GIL'S NEW & USED
### Furniture & Appliances Warehouse

All kinds of New and Used Furniture — Color TV — Stereos — Major Appliances — Refrigerators — —Air Conditioners

**WE BUY SELL TRADE**

ਹਰ ਤਰ੍ਹਾਂ ਦਾ ਨਵਾਂ ਤੇ ਪੁਰਾਣਾ ਫਰਨੀਚਰ ਖ਼੍ਰੀਦਣ ਲਈ ਮਿਲੋ ਜਾਂ ਫੋਨ ਕਰੋ :

**582-8726**

121 SALTER STREET WINNIPEG, MAN.



## REDWOOD MOTORS LTD.

**ਕਾਰਾਂ ਦੀ ਜਨਰਲ ਮੁਰੰਮਤ — ਬਰੇਕਾਂ ਦੀ ਸਪੈਸ਼ਲ ਸਰਵਿਸ**



**ਟੈਕਸੀਆਂ ਦੀ ਰੀਪੇਅਰ ਉਤੇ ਸਪੈਸ਼ਲ ਡਿਸਕਾਊਂਟ**

ਹਰ ਤਰ੍ਹਾਂ ਦੀ ਕਾਰ ਦੀ ਮੁਰੰਮਤ ਜਲਦੀ ਕਰਵਾਉਣ ਲਈ ਰੈਡਵੁੱਡ ਮੋਟਰਜ਼ ਉਤੇ ਪਹੁੰਚੋ



**PH. 582-7138**

600 - Redwood Ave. WINNIPEG, MAN.



## Locations Realty Inc.

36, Roslyn Road, WINNIPEG, MAN. R3L 0G6



ਆਪਣਾ ਘਰ ਖ਼੍ਰੀਦਣ ਜਾਂ ਵੇਚਣ ਲਈ, ਕਮਰਸ਼ਲ, ਇੰਡਸਟਰੀਅਲ ਪ੍ਰਾਪਰਟੀ, ਜ਼ਮੀਨ ਜਾਂ ਹੋਰ ਰੀਅਲ ਇਸਟੇਟ ਸਬੰਧੀ ਪ੍ਰੋਫੈਸ਼ਨਲ ਰਾਇ ਲੈਣ ਲਈ ਵਿਨੀਪੈੱਗ ਵਿਚ ਤੁਹਾਡੀ ਸੇਵਾ ਲਈ ਹਾਜ਼ਰ ਹਨ

**ਪਾਲ ਬਾਹੀਆ**

ਪ੍ਰਾਪਰਟੀ ਬਾਰੇ ਜਾਣਕਾਰੀ ਲਈ ਫੋਨ ਕਰੋ :

**(204) 477-4600** (24 hrs.)

**Res. 694-3550**

LOCATIONS
REALTY INC.

# The Manitoba Mirror

# ਮੈਨੀਟੋਬਾ ਦਰਪਣ


## V.I.P. SUPERMARKET

**Ph. 774-8671**

(ਨਵੇਂ ਪ੍ਰਬੰਧ ਹੇਠ)

ਸਟੇਨਲੈਸ ਸਟੀਲ ਦੇ ਬਰਤਨ ਖ਼੍ਰੀਦਣ ਲਈ ਸਭ ਤੋਂ ਵੱਡਾ ਗਰੌਸਰੀ ਸਟੋਰ

**ਭਾਰਤੀ ਗਰੌਸਰੀ, ਤਾਜ਼ੀਆਂ ਸਬਜ਼ੀਆਂ, ਬੱਕਰੇ ਦਾ ਤਾਜ਼ਾ ਮੀਟ, ਨਵੇਂ ਗਾਣਿਆਂ ਦੀਆਂ ਟੇਪਾਂ ਖ਼੍ਰੀਦੋ**

ਗੋਲਗੱਪੇ ਅਤੇ ਸਮੋਸਾ ਮੇਕਰ ਤੁਹਾਨੂੰ ਵੀ. ਆਈ. ਪੀ. ਸੁਪਰਮਾਰਕੀਟ ਤੋਂ ਹੀ ਮਿਲ ਸਕਦੇ ਹਨ

**V.I.P. SUPERMARKET**
739, Elice Ave. WINNIPEG, MAN.



## AMAN REALTY

1223 MARICHAM ROAD, WINNIPEG, MAN. R3T 4B1

ਹਰ ਤਰ੍ਹਾਂ ਦੀ ਜਾਇਦਾਦ ਜਿਵੇਂ : ਮਕਾਨ, ਅਪਾਰਟਮੈਂਟ ਬਲਾਕ, ਕੋਈ ਭੀ ਬਿਜਨਿਸ, ਕਮਰਸ਼ਲ ਪ੍ਰਾਪਰਟੀ, ਜ਼ਮੀਨ, ਹੋਟਲ ਜਾਂ ਮੋਟਲ

- ਖ਼੍ਰੀਦਣੀ ਜਾਂ ਵੇਚਣੀ ਹੋਵੇ
- ਮਾਰਗੇਜ਼ ਦਾ ਪ੍ਰਬੰਧ ਕਰਨਾ ਹੋਵੇ
- ਕੋਈ ਸਲਾਹ ਮਸ਼ਵਰਾ ਲੈਣਾ ਹੋਵੇ

ਤਾਂ ਸਾਡੇ 9 ਸਾਲਾਂ ਦੇ ਤਜਰਬੇ ਦਾ ਫਾਇਦਾ ਉਠਾਓ

**ਨੋਟ : ਕੋਈ ਭੀ ਪ੍ਰਾਪਰਟੀ ਵੇਚਣ ਵੇਲੇ 7% ਕਮਿਸ਼ਨ ਦੇਣਾ ਕੋਈ ਜ਼ਰੂਰੀ ਨਹੀਂ**

**CALL : Bus. 269-4411, Res. 261-7598, Pager 942-0141 Code 5697**

Member : WPG Real Estate Board, Manitoba Real Estate Assoc. Canadian Real Estate Association



BALDEV S. BEDI M.A. B.A. (Hons.)
BROKER AND COMMISSIONER FOR OATHS
in and for the Province of Manitoba



## NORTH AMERICAN LIFE ASSURANCE CO.

**To Your Needs Which You Can Afford**

ਕੇਵਲ ਤਿੰਨ ਜਾਂ ਚਾਰ ਜਾਂ ਪੰਜ ਸਾਲਾਂ ਵਿਚ ਆਪਣੀ ਜ਼ਿੰਦਗੀ ਭਰ ਦੀ ਇਨਸ਼ੋਰੈਂਸ ਖ਼੍ਰੀਦਣ ਲਈ



**Sukhjinder S. Dhillon**
**Res: 669-2573**

**ਰਾਜ ਸਿੰਘ ਮਾਨ**

ਜਾਂ

**ਸੁਖਜਿੰਦਰ ਸਿੰਘ ਢਿੱਲੋਂ**

ਨੂੰ ਮਿਲੋ

- ਲਾਈਫ ਇਨਸ਼ੋਰੈਂਸ
- ਗਰੁੱਪ ਇਨਸ਼ੋਰੈਂਸ
- ਮਾਰਗੇਜ ਇਨਸ਼ੋਰੈਂਸ
- ਬੱਚਿਆਂ ਦੀ ਪੜ੍ਹਾਈ ਦੀ ਇੰਨਸ਼ੋਰੈਂਸ

■ Personal ■ Children's ■ Group ■ Annuities

**Ph. 943-1526**

1507 - 330 Portage Ave. WINNIPEG, MAN. R3C 0C4



**Raj Singh Maan** Sales Manager
**Res. 694-0731**
Commissioner for oaths

# ਗੁਰਮਤਿ ਤੇ ਰਹਿਤ ਮਰਯਾਦਾ

ਮੇਹਰ ਸਿੰਘ ਸੰਧੂ, ਵੈਨਕੂਵਰ

ਗੁਰਮਤਿ ਅਤੇ ਗੁਰਬਾਣੀ ਵਿਚ ਭੇਦ ਨਹੀਂ । ਗੁਰਬਾਣੀ ਹੀ ਗੁਰਮਤਿ ਹੈ । ਗੁਰਮਤਿ, ਗੁਰਬਾਣੀ ਤੋਂ ਵੱਖਰੀ ਨਹੀਂ । ਗੁਰਮਤਿ ਅਤੇ ਮਰਯਾਦਾ, ਸ਼ਰੀਅਤ, ਸੰਜਮ, ਰਹੁ-ਰੀਤੀਆਂ ਆਦਿ ਵਿਚ ਫਰਕ ਹੈ । ਕਿਸੇ ਮਰਯਾਦਾ, ਰਹੁ ਰੀਤੀ, ਜਾਂ ਹੋਰ ਕਰਮ ਧਰਮ ਨੂੰ ਗੁਰਮਤਿ ਕਹਿਣਾ ਭੁਲ ਹੈ ।

ਗੁਰਬਾਣੀ ਤੇ ਗੁਰਮਤਿ ਸਦੀਵੀ ਤੇ ਅਟਲ ਹਨ ਪਰ ਹਰ ਮਰਯਾਦਾ, ਰਹੁ ਰੀਤੀ ਦਾ ਆਦਿ ਅਤੇ ਅੰਤ ਲਾਜ਼ਮੀ ਹੁੰਦਾ ਹੈ। ਇਹ ਦੇਸ ਕਾਲ ਦੇ ਪ੍ਰਭਾਵ ਹੇਠਾਂ ਗੁਰਮਤਿ ਦੇ ਪਾਲਣ ਵਿਚ ਸਹਾਇਤਾ ਲਈ ਮਿਥੀਆਂ ਜਾਂਦੀਆਂ ਹਨ । ਇਨ੍ਹਾਂ ਦੀ ਆਪਣੇ ਆਪ ਵਿਚ ਕੋਈ ਵੁੱਕਤ ਨਹੀਂ ਹੈ। ਕਿਸੇ ਜ਼ਰੂਰੀ ਤੋਂ ਜ਼ਰੂਰੀ ਮਰਯਾਦਾ ਰਹੁ ਰੀਤੀ ਵਿਚ ਵੀ ਕਿਸੇ ਦੇ ਪਾਪ ਖੰਡਨ ਜਾਂ ਜੀਵਨ ਮਰਣ ਤੋਂ ਮੁਕਤ ਕਰਾ ਸਕਣ ਦੀ ਸ਼ਕਤੀ ਨਹੀਂ । ਸਗੋਂ ਭਾਈ ਗੁਰਦਾਸ ਜੀ ਅਨੁਸਾਰ —

ਸ਼ਰੈ ਸ਼ਰੀਅਤਿ ਆਖੀਐ ਤਰਕ ਤਰੀਕਤ ਰਾਹ ਸਿਞਾਣੇ

ਜੇ ਇਨ੍ਹਾਂ ਦੀ ਯੋਗ ਵਰਤੋਂ ਨ ਕੀਤੀ ਜਾਵੇ ਤਾਂ ਇਹ ਸਿਰ ਤੇ ਚੜ੍ਹ ਕੇ ਨੱਚਣ ਲੱਗ ਪੈਂਦੀਆਂ ਹਨ ਅਤੇ ਕਠੋਰਤਾ, ਮੁਤੱਸਬ ਆਦਿ ਦਾ ਕਾਰਨ ਹੋ ਸਕਦੀਆਂ ਹਨ ।

ਬਚਿਤਰ ਨਾਟਕ ਵਿਚ —

ਪਾਪ ਕਰੇ ਪਰਮਾਰਥ ਕੇ ਜਿਹ ਪਾਪਨ ਤੇ ਅਤਿ ਪਾਪ ਲਜਾਈ

ਇਨ੍ਹਾਂ ਸੰਬੰਧੀ ਹੀ ਲਿਖਿਆ ਹੈ ।

ਨਾ ਹਮ ਹਿੰਦੂ ਨ ਮੁਸਲਮਾਨ
ਅਲਹ ਰਾਮ ਕੇ ਪਿੰਡੁ ਪਰਾਨ (1136)
ਅਤੇ
ਹਿੰਦੂ ਅੰਨਾ ਤੁਰਕੂ ਕਾਣਾ, ਦੁਹਾਂ ਤੇ ਗਿਆਨੀ ਸਿਆਣਾ (875)

ਗੁਰੂ ਸਾਹਿਬਾਨ ਦੇ ਸਮੇਂ ਦੀਆਂ ਦੋ ਵੱਡੀਆਂ ਕੌਮਾਂ, ਹਿੰਦੂ ਮੁਸਲਮਾਨਾਂ ਤੋਂ ਉਪਰੰਤ ਕਿਸੇ ਨਵੇਂ ਤੀਸਰੇ ਪੰਥ ਦਾ ਐਲਾਨ ਨਹੀਂ ਸੀ ।

ਜੋ ਲੋਕ ਫੋਕਟ ਰਹੁ-ਰੀਤੀਆਂ, ਖਾਲੀ ਸ਼ਰੀਅਤ ਆਦਿ ਨੂੰ ਹੀ ਧਰਮ ਸਮਝੀ ਬੈਠੇ ਸਨ,
ਉਨ੍ਹਾਂ ਨੂੰ ਉਪਦੇਸ਼ ਸੀ ।
ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫਰਮਾਨ ਹੈ —

ਸ਼ਰੈ ਸ਼ਰੀਅਤਿ ਕਰਹਿ ਬੀਚਾਰੁ ।
ਬਿਨੁ ਬੂਝੇ ਕੈਸੇ ਪਾਵਹਿ ਪਾਰੁ । (84)

ਖਾਲੀ ਸ਼ਰਾ ਸ਼ਰੀਅਤ, ਰਹਿਤ ਮਰਯਾਦਾ ਨਾਲ ਪਾਰ ਉਤਾਰਾ ਨਹੀਂ, ਪਾਰ ਉਤਾਰਾ ਉਸ ਪਰਮ ਜੋਤ ਨੂੰ ਅਨੁਭਵ ਕਰਨ ਨਾਲ ਹੀ ਹੋ ਸਕਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ ਹਨ ਕਿ ਗੁਰਸਿੱਖ ਦੀ ਨਾਮ ਦੀ ਕਮਾਈ ਵਿਚ ਹੀ ਸਾਰੀ ਸ਼ਰਾ ਸ਼ਰੀਅਤ, ਰਹਿਤ ਮਰਯਾਦਾ ਆ ਜਾਂਦੀ ਹੈ —

ਸ਼ਰਾ ਸ਼ਰੀਅਤ ਲੇ ਲੇ ਕੰਮਾਵਹੁ (1083)

ਇਕ ਹੋਰ ਫਰਮਾਨ ਹੈ —

ਆਚਾਰਿ ਤੂ ਵੀਚਾਰਿ ਆਪੇ
ਹਰਿਨਾਮੁ ਸੰਜਮ ਜਪ ਤਪੋ (1113)

ਇਸ ਦਾ ਅਰਥ ਹੈ ਕਿ ਨਾਮ ਜਪਣਾ ਹੀ ਧਾਰਮਕ ਮਰਯਾਦਾ ਵਿਚ ਚਲਣਾ ਹੈ ।

ਸਾਰੀਆਂ ਧਾਰਮਿਕ ਵੇਸਾਂ, ਪਹਿਰਾਵਿਆਂ, ਚਿੰਨ੍ਹਾਂ ਦਾ ਸੰਬੰਧ ਸਰੀਰ ਨਾਲ ਹੈ । ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫਰਮਾਨ ਹੈ —

ਕਾਇਆ ਬ੍ਰਹਮਾ ਮਨੁ ਹੈ ਧੋਤੀ ।
ਗਿਆਨੁ ਜਨੇਊ ਧਿਆਨੁ ਕੁਸਪਾਤੀ । (1355)

ਅਰਥ — ਸਰੀਰ ਬ੍ਰਾਹਮਣ ਹੈ, ਮਨ ਧੋਤੀ ਹੈ, ਗਯਾਨ ਜਨੇਊ ਹੈ , ਧਯਾਨ ਦੱਭ ਦੇ ਪੱਤੇ ਦਾ ਬਣਿਆ ਛੱਲਾ ।

ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ,
ਧੋਤੀ ਟਿਕਾ ਨਾਮੁ ਸਮਾਲਿ । (355)

ਭਾਵ : ਜਿੰਨਾ ਚਿਰ ਜੋਤ ਸਰੀਰ ਵਿਚ ਹੈ ਤਦ ਤੱਕ ਬਾਹਰ ਜਨੇਊ ਤੇ ਟਿਕਾ ਹੈ। ਚਿੰਨ੍ਹ ਭੀ ਸਰੀਰ ਦੇ ਬਾਹਰ ਹੀ ਧਾਰਨ ਹੁੰਦੇ ਹਨ। ਇਹਨਾਂ ਦੀ ਥਾਂ ਪ੍ਰਭੂ ਦਾ ਨਾਮ ਸਿਮਰ ਜੋ ਐਥੇ ਉਥੇ ਨਾਲ ਨਿਭੇ। ਨਾਮ ਤੋਂ ਬਿਨਾਂ ਹੋਰ ਕਰਮਾਂ ਨੂੰ ਨਾ ਪਿਆ ਢੂੰਡ ।

ਗੁਰੂ ਨਾਨਕ ਨੇ ਜੰਞੂ ਦਾ ਖੰਡਨ ਕੀਤਾ ਅਤੇ ਦਇਆ, ਸੰਤੋਖ, ਜਤ ਤੇ ਸਤ ਦੇ ਜੰਞੂ ਦੀ ਸਿਖਿਆ ਦਿਤੀ । ਕੀ ਇਹ ਯੋਗ ਨਹੀਂ ਕਿ ਅਸੀਂ ਵੀ ਦਇਆ, ਸੰਤੋਖ ਅਤੇ ਜਤ ਸਤ ਦਾ ਕੜਾ ਪਹਿਣੀਏ ?

ਗੁਰੂ ਸਾਹਿਬ ਨੇ ਜੋ ਜੰਞੂ ਸੰਬੰਧੀ ਉਪਦੇਸ਼ ਕੀਤਾ, ਉਹ ਕੜੇ ਤੇ ਵੀ ਘਟਦਾ ਹੈ। ਕੜਾ ਵੀ ਛੋਟਾ ਹੋ ਜਾਨ ਤੇ ਕਟ ਕੇ ਨਵਾਂ ਪਾ ਲਈਦਾ ਹੈ। ਜੇ ਹੋਰ ਵੀ ਸੋਚਿਆ ਜਾਵੇ ਤਾਂ ਕੰਘਾ ਤਰਖਾਣ ਬਨਾਂਦਾ ਹੈ, ਕੜਾ ਲੋਹਾਰ ਅਤੇ ਕਛਹਿਰਾ ਦਰਜੀ ਸੀਉਂਦਾ ਹੈ। ਜੇ ਕੜਾ ਜਾਂ ਕਛਹਿਰਾ ਛੋਟਾ ਹੋ ਜਾਵੇ ਤਾਂ ਨਵਾਂ ਪਾ ਲਈਦਾ ਹੈ ।

ਜੇ ਕਕਾਰਾਂ ਵਿਚ ਜੋਰ ਹੋਵੇ ਤਾਂ ਨ ਟੁੱਟਣ ਤੇ ਨ ਹੀ ਸੜਨ ।

ਫਰੀਦਾ ਮੈ ਭੋਲਾਵਾ ਪਗ ਦਾ ਮਤੁ ਮੈਲੀ ਹੋਇ ਜਾਇ
ਗਹਿਲਾ ਰੂਹੁ ਨ ਜਾਣਈ ਸਿਰੁ ਭੀ ਮਿਟੀ ਖਾਇ (26)

ਪਰਲੋਕ ਵਿਚ ਨਾਮ ਦੀ ਪੁਛ ਹੋਵੇਗੀ । ਕੇਸਾਂ ਬਾਕੀ ਕਕਾਰਾਂ ਤੇ ਹੋਰ ਰਹਿਤ ਮਰਯਾਦਾ ਦੀ ਨਹੀਂ। ਇਸੇ ਕਰਕੇ ਗੁਰੂ ਨਾਨਕ ਦੀ ਸਿਖਿਆ ਹੈ

ਤੇਸੀ ਵਸਤ ਵਿਸਾਹੀਐ ਜੇਸੀ ਨਿਬਹੈ ਨਾਲਿ ।
ਆਗੈ ਸਾਹੁ ਸੁਜਾਣ ਹੈ ਲੈਸੀ ਵਸਤੁ ਸਮਾਲਿ । (22)

ਸ੍ਰੀ ਗੁਰੂ ਅਰਜਨ ਦੇਵ ਜੀ ਸਲਾਹ ਦੇਂਦੇ ਹਨ —

ਤਿਸ ਸਿਉ ਨ ਲਾਈਐ ਹੀਤੁ ।
ਜਾ ਕੋ ਕਿਛੁ ਨਾ ਹੀ ਬੀਤੁ
ਅੰਤ ਕੀ ਬਾਰ ਓਹੁ ਸੰਗਿ ਨ ਚਾਲੈ । (678)

ਬੀਤ ਦਾ ਅਰਥ ਹੈ ਹੈਸੀਅਤ, ਕਦਰ, ਵਿੱਤ ।

ਹੋਰ ਫਰਮਾਨ ਹੈ —

ਚਲਦਿਆਂ ਨਾਲ ਚਲੈ ਸੋ ਕਿਉਂ ਸੰਜੀਐ । (708)

ਹਰੀ ਦੇ ਨਾਮ ਤੋਂ ਬਿਨਾਂ ਬਾਹਰਲੀ ਸਜ ਧਜ ਵੇਸ ਪਹਿਰਾਂਵਿਆਂ ਦਾ ਕੋਈ ਲਾਭ ਨਹੀਂ —

ਨਾਨਕ ਸਚੇ ਨਾਮ ਬਿਨੁ
ਕਿਆ ਟਿਕਾ ਕਿਆ ਤਗੁ (467)

ਇਕ ਸਿੱਖ ਵਿਦਵਾਨ ਲਿਖਦਾ ਹੈ ਸਿਖੋਂ ਕੋ ਆਪਣੇ ਕਕਾਰ ਅਤੇ ਨਿਸ਼ਾਨ ਭੀ ਇਸੀ ਤਰ੍ਹਾਂ ਦੇਖੇ ਜਾਨੇ ਚਾਹੀਦੇ ਹਨ ਜਿਸ ਤਰ੍ਹਾਂ ਕਿ ਗੁਰੂ ਨਾਨਕ ਜੀ ਨੇ ਹਿੰਦੂ ਨਿਸ਼ਾਨੋਂ, ਜੰਞੂ ਬਗੈਰਾ ਕੋ ਦੇਖਾ ਹੈ ।

(ਅਕਾਲੀ ਪੱਤਰਕਾ ਜਲੰਧਰ ,1967)

## ਇਕ ਵਿਚਾਰ

ਭਾਈ ਕਾਨ੍ਹ ਸਿੰਘ ਜੀ ਨਾਭਾ ਨੇ "ਗੁਰਮਤ ਸੁਧਾਕਰ" ਦੇ ਪੰਨਾ 11 ਦੇ ਫੁਟ ਨੋਟ ਵਿਚ

ਸਭ ਕਰਮ ਫੋਕ ਜਾਨ ।
ਸਭ ਧਰਮ ਨਿਹਫਲ ਮਾਨ ।
ਬਿਨ ਏਕ ਨਾਮ ਅਧਾਰ ।
ਸਭ ਕਰਮ ਭਰਮ ਬਿਚਾਰ । (ਅਕਾਲ ਉਸਤਤਿ)

ਤੁਕਾਂ ਲਿਖ ਕੇ ਕਿਹਾ ਹੈ ਕਿ "ਜਿੰਨ੍ਹਾਂ ਕਰਮਾਂ ਵਿਚ ਵਾਹਿਗੁਰੂ ਦਾ ਪ੍ਰੇਮ ਮੁਖ ਨਹੀਂ, ਉਹ ਸਭ ਆਪਣੇ ਜਨਮ ਨੂੰ ਬਿਰਥਾ ਖੋ ਰਹੇ ਹਨ ।"

ਦੱਸਿਆ ਜਾਂਦਾ ਹੈ ਕਿ ਦਸਮੇਸ਼ ਜੀ ਦੇ ਸਮੇਂ ਸਿੰਘ ਜੰਗਲਾਂ ਵਿਚ ਰਹਿੰਦੇ ਸਨ । ਉਨ੍ਹਾਂ ਨੂੰ ਹਮੇਸ਼ਾਂ ਜੰਗ ਲਈ ਤਿਆਰ ਰਹਿਣਾ ਜ਼ਰੂਰੀ ਸੀ। ਇਸੇ ਕਰਕੇ ਮੰਨਿਆ ਜਾਂਦਾ ਹੈ ਕਿ ਸਿੰਘ ਨੂੰ ਸਦਾ ਸ਼ਸਤਰ ਧਾਰੀ ਰਹਿਣ ਦਾ ਹੁਕਮ ਮਿਲਿਆ । ਕੰਘੇ ਦੀ ਲੋੜ ਕੇਸਾਂ ਦੇ ਸਾਫ ਰੱਖਣ ਲਈ ਹੈ। ਜੇ ਭਾਈ ਕਾਨ੍ਹ ਸਿੰਘ ਜੀ ਦੀ ਕਸਵਟੀ ਤੇ ਇਨ੍ਹਾਂ ਕਕਾਰਾਂ ਨੂੰ ਪਰਖਿਆ ਜਾਵੇ ਤਾਂ ਅਸੀਂ ਔਖਿਆਈ ਵਿਚ ਪੈਂਦੇ ਹਾਂ। ਕਛਹਿਰੇ ਵਿਚੋਂ ਇਕ ਪੈਰ ਕੱਢਣ ਤੇ ਦੂਜਾ ਪਾਣ, ਕੱਛਾ ਗੋਡੇ ਤੱਕ ਹੋਵੇ ਜਾਂ ਛੋਟਾ, ਸ਼ਸਤਰ ਦਾ ਦਿਨ ਰਾਤ ਸਰੀਰ ਨਾਲ ਰੱਖਣਾ, ਕਿਸੇ ਸਰੋਵਰ ਵਿਚ ਇਸ਼ਨਾਨ ਵੇਲੇ ਸਿਰ ਤੇ ਦਸਤਾਰ ਨਾਲ ਬੰਨ ਲੈਣ ਆਦਿਕ ਦਾ ਨਾਮ ਦੀ ਕਮਾਈ ਨਾਲ ਘਟ ਹੀ ਸਬੰਧ ਜਾਪਦਾ ਹੈ। ਜੇ ਕਛਹਿਰੇ ਤੇ ਕਿਰਪਾਨ ਦੀ ਲੋੜ ਦਸਮ ਗੁਰੂ ਦੇ ਸਮੇਂ ਜੰਗਾਂ ਕਰਕੇ ਸੀ ਤਾਂ ਹੁਣ ਲੋਕਾਂ ਨੂੰ ਸ਼ਹਿਰਾਂ ਕਸਬਿਆਂ ਦੀਆਂ ਗਲੀਆਂ ਮਹਲਿਆਂ ਵਿਚ ਰਹਿੰਦਿਆਂ ਬਹੁਤਾ ਲਾਭ ਨਹੀਂ ।

ਨੋਟ : ਗੁਰਬਾਣੀ ਦੀਆਂ ਤੁਕਾਂ ਦੇ ਅੰਤ ਉਤੇ ਬਰੇਕਟਾਂ ਵਿਚ ਜੋ ਅੰਕ ਦਿਤੇ ਹਨ ਉਹ ਗੁਰੂ ਗ੍ਰੰਥ ਸਾਹਿਬ ਦੇ ਪੰਨੇ ਹਨ ।


'ਕੈਨੇਡਾ ਦਰਪਣ' ਦੇ
ਚੰਦੇ ਦਾ ਫ਼ਾਰਮ
SUBSCRIPTION FORM

To The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name.........................................................
Address.....................................................
City...........................................................
Province....................................................
Postal code.................................................
PHONE.

| | |
|---|---|
| One Year .................... | 25 dollars |
| Two Year .................... | 45 dollars |
| Three year .................. | 65 dollars |
| Life membership.......... | 300 dollars |
| ASIA............................ | 100 dollars[a year] |
| U.S.A. ......................... | 30 dollars [a year] |
| Europe ........................ | 100 dollars[a year] |
| Africa ......................... | 100 dollars [a year] |


ਇਨਸਾਨੀਅੱਤ ਸਭਨਾਂ
ਧਰਮਾਂ ਤੋਂ ਉਪਰ ਹੈ—
ਇਨਸਾਨ ਬਣੋਂ


A Lifetime of Memories

ਵਿਆਹ ਅਤੇ ਪਾਰਟੀਆਂ ਅਤੇ ਹੋਰ ਯਾਦਗਾਰੀ ਮੌਕਿਆਂ ਲਈ
ਪੋਰਟਰੇਟ ਖਾਸ ਰਿਆਇਤ ਤੇ
ਹੋਰ ਹਰ ਤਰ੍ਹਾਂ ਦੀ ਫੋਟੋਗਰਾਫੀ ਲਈ ਸਸਤੇ ਰੇਟ

Portraits by
Andrew W. Simpson
Master of Photographic Arts

Clearbrook Photographic Arts Inc.
2623 Cedar Park Place Clearbrook, B.C. V2J 3S4

Ph. 859-4222



Large Selection of
Punjabi Books
For Sale

SARI PALACE

Airline Tickets to
Anywhere in the World
Passport • Visas

ਸੂਟਾਂ ਦਾ ਕੱਪੜਾ, ਸਾੜ੍ਹੀਆਂ, ਦੁਪੱਟੇ, ਭਾਰਤੀ ਗਰੋਸਰੀ, ਹਿੰਦੀ ਪੰਜਾਬੀ ਵੀਡੀਓ ਫਿਲਮਾਂ ਅਤੇ ਗੀਤਾਂ ਦੀਆਂ ਭਰੀਆਂ ਟੇਪਾਂ ਬਹੁਤ ਹੀ ਵਾਜ਼ਬ ਕੀਮਤਾਂ ਤੇ ਮਿਲਦੀਆਂ ਹਨ । ਪੈਪਸੀ ਕੋਲਾ, ਸੈਵਨ ਅਪ ਤੇ ਹੋਰ ਹਰ ਤਰ੍ਹਾਂ ਦਾ ਸੌਦਾ ਤੁਹਾਨੂੰ ਸਾੜ੍ਹੀ ਫੈਸ਼ਨ ਤੋਂ ਮਿਲ ਸਕਦਾ ਹੈ ।

East Indian and Pakistani Grocieries.
We rent Hindi and Punjabi movies on V.H.S.
Have large selection of pre-recorded
Punjabi and Hindi cassette tapes & fabrics

News Papers Like
India West, Canada DarPan,
Also Sold Here
EVERY WEEK

(916) 671-3105

472 Palora Ave.
Yuba City
Calif. 95991



# ਦੇਵਿੰਦਰ ਸ

ਮੁਲਾਕਾਤ :

## ਸਤਿਆਰਥੀ ਨਾਲ

ਗੁਲ ਚੌਹਾਨ

— ਸਤਿਆਰਥੀ ਜੀ ਕਿਸੇ ਦਿਨ ਤੁਹਾਡੇ ਨਾਲ 'ਖੁੱਲ੍ਹੀਆਂ ਗੱਲਾਂ' ਕਰਨੀਆਂ ਹਨ।

— ਹਾਂ, ਹਾਂ ਦੱਸੋ ਕਦੋਂ ?

ਜਵਾਬ ਵਿਚ ਸਤਿਆਰਥੀ ਦੀ ਅਠੱਤਰ ਸਾਲਾ ਆਵਾਜ਼ ਸੁਨਣ ਨੂੰ ਮਿਲਦੀ ਹੈ। ਇਸ ਉਮਰ ਵਿਚ ਜਦੋਂ ਕਿ ਆਦਮੀ ਚੁੱਕ ਜਾਂਦਾ ਹੈ। ਘਰ ਜਾਂ ਘਾਟਾਂ ਦਾ ਪਾਣੀ ਉਸ ਨੂੰ ਨੱਕ ਤੱਕ ਆਪਣੇ ਵਿਚ ਡੁਬੋ ਚੁੱਕਿਆ ਹੁੰਦਾ ਹੈ। ਉਹ ਘਟੀਆ ਕਿਸਮ ਦੇ ਦੁਹਰਾ ਦਾ ਸ਼ਿਕਾਰ ਹੋਇਆ ਲਿਖਦਾ ਤਾਂ ਹੈ ਪਰ ਬਹੁਤ ਵੇਰ ਉਸ ਦੀ ਲਿਖਤ...ਇਸ ਦੀਆਂ ਬਹੁਤ ਮਿਸਾਲਾਂ ਮਿਲ ਸਕਦੀਆਂ ਹਨ ਪਰ ਸਤਿਆਰਥੀ ਦਾ ਹੱਠ, ਉਸ ਦੀ ਲਗਨ, ਉਸ ਦੀ ਤਲਾਸ਼ ਓਸੀ ਦੀ ਓਸੀ ਹੈ। ਲਿਖਦਾ, ਸੁਣਾਉਂਦਾ ਤੇ ਸੋਧਦਾ। ਮਹਿਫਿਲ ਵਿਚ ਕਿਸੇ ਹੰਢੇ ਤੇ ਮੰਜੇ ਹੋਏ ਸ਼ਿਕਾਰੀ ਵਾਂਗ ਮੌਜੂਦ, ਸ਼ਬਦਾਂ ਦੇ ਤਿੱਤਰ ਪਕੜਦਾ ਤੇ ਫਿਰ ਉਨ੍ਹਾਂ ਨੂੰ ਆਪਣੀਆਂ ਤਲੀਆਂ 'ਤੇ ਚੋਗ ਚੁਗਾਉਂਦਾ।

? ਐਤਵਾਰ।

— ਨਹੀਂ ਉਸ ਦਿਨ ਮੈਂ ... ਮੇਰੀ ਬੀਵੀ ਕੁਝ ਠੀਕ ਨਹੀਂ ਹੈ। ਡਾਕਟਰ ਨੂੰ ਦਿਖਾਉਣਾ ਹੈ। ਸੋਮਵਾਰ ਨਹੀਂ। ਸਮਾਂ, ਜਿਹੜਾ ਤੁਹਾਨੂੰ ਸੂਟ ਕਰਦਾ ਹੋਵੇ ? ਹੁਣ ਕੀ ਹਾਲ ਹੈ ਮਿਸਿਜ਼ ਸਤਿਆਰਥੀ ਦਾ।

— ਜੀ ਵੇਖੋ ਸਾਰੀ ਉਮਰ ਤਾਂ ਅਣਗਹਿਲੀ ਕੀਤੀ ਹੈ, ਮੈਂ ਕਿਹਾ ਇਸ ਉਮਰ 'ਚ ਹੀ ਕੁਝ ਖਿਆਲ ਕਰ ਲਈਏ ...।

ਸਤਿਆਰਥੀ ਇਹ ਗੱਲ ਕਹਿ ਰਿਹਾ ਇਸ ਤਰ੍ਹਾਂ ਮੁਸਕਰਾ ਰਿਹਾ ਹੁੰਦਾ ਹੈ ਜਿਵੇਂ ਆਪਣੀ ਇਸ ਜ਼ਿਮੇਵਾਰੀ ਨਾਲ ਆਪਣੀ ਆਵਾਰਗੀ ਤੇ ਹਰਫ਼ ਆ ਜਾਣ ਤੋਂ ਡਰ ਰਿਹਾ ਹੋਵੇ। ਸਤਿਆਰਥੀ ਅਤੇ ਉਸ ਦੀ ਆਵਾਰਗੀ ਦੇ ਕਿੱਸੇ ਓਨੇ ਲੋਕਾਂ ਨੇ ਈਜਾਦ ਨਹੀਂ ਕੀਤੇ ਜਿੰਨੇ ਸਤਿਆਰਥੀ ਨੇ ਖੁਦ। ਆਵਾਰਗੀ ਦੇ ਨਾਲ ਨਾਲ ਸਤਿਆਰਥੀ ਦਾ ਸੁਨਾਉਣਾ ਵੀ ਮਸ਼ਹੂਰ ਹੈ। ਕੋਈ ਰਚਨਾ ਤੁਹਾਨੂੰ ਸੁਣਾ ਰਿਹਾ ਹੋਵੇਗਾ। ਤੁਸੀਂ ਕੋਈ ਸ਼ਬਦ ਜਾਂ ਵਾਕ ਕੱਟਣ ਜਾਂ ਬਦਲਣ ਲਈ ਕਹੋਗੇ, ਝੱਟ ਬਦਲ ਦੇਵੇਗਾ। ਫਿਰ ਕਿਸੇ ਹੋਰ ਦੇ ਕਹੇ ਉਸ 'ਤੇ ਚੇਪੀ ਲਗਾ ਕੇ ਕੋਈ ਹੋਰ ਸ਼ਬਦ ਜਾਂ ਵਾਕ ਲਿਖ ਦੇਵੇਗਾ। ਫਿਰ ਕੋਈ ਹੋਰ, ਜਿੰਨੀ ਦੇਰ ਉਹ ਸ਼ਬਦ ਜਾਂ ਵਾਗ ਨਹੀਂ ਸੁਝ ਜਾਂਦਾ ਜਿਹੜਾ ਅਸਲ ਵਿਚ ਚਾਹੀਦਾ ਹੁੰਦਾ ਹੈ। ਦੱਸਦਾ ਹੈ—ਕਾਗਜ਼ ਗੱਤਾ ਬਣਦਾ ਚਲਾ ਜਾਏਗਾ।

— ਇਥੇ ਇਕ ਵਾਰ ਕਾਂਗ ਆਇਆ ਸੀ। ਉਸ, ਉਸ ਦਿਨ ਤਿੱਲੇ ਵਾਲੀ ਜੁੱਤੀ ਪਾਈ ਹੋਈ ਸੀ। ਕਹਿਣ ਲੱਗਾ, "ਆਪ ਲਿਖਤੇ ਕੈਸੇ ਹੈਂ ?" ਹੁਣ ਹਰ ਆਦਮੀ ਦੇ ਅੰਦਰ ਇਕ ਕਲਾਊਨ ਵੀ ਤਾਂ ਹੁੰਦੈ। ਮੈਂ ਗੋਰਕੀ ਦੀ ਉਹ ਕਹਾਣੀ ਪੜ੍ਹੀ ਹੋਈ ਸੀ How The folk Song was made. ਅਗੇ ਮੈਂ ਕਿਹਾ ਇਕ ਅੱਧੀ ਲਾਈਨ ਆਪ ਲਿਖ ਲਈਦੀ ਹੈ। ਫਿਰ ਸੁਣਦੇ ਸੁਣਾਉਂਦੇ ਉਸ ਵਿਚ ਹੋਰ ਜੋੜਦੇ ਰਹੀਦਾ ਹੈ। ਉਸ ਨੂੰ ਕੱਟਦੇ ਵੱਢਦੇ ਰਹੀਦਾ ਹੈ। ਤੇ ਜਦੋਂ ਉਹ ਮੇਰੀ ਲਿਖੀ ਇਕ ਲਾਈਨ ਵੀ ਮੇਰੀ ਨਾ ਰਹਿ ਜਾਏ, ਮੈਂ ਸਮਝਨਾਂ ਕਿ ਹੁਣ ਇਹ ਮੁਕੰਮਲ ਹੈ। ਲੋਕ ਤਾਂ ਵੇਖੋ ਨਾ ਹੁਣ ਮਜ਼ਾਕ ਵੀ ਨਹੀਂ ਸਮਝਦੇ। ਲੋਕ ਤਾਂ ਕਹਿੰਦੇ ਨੇ—ਸਾਹਿਬ ਮੈਂਨੇ ਯੂੰ ਮੁਹੱਬਤ ਕੀ ਹੈ, ਆਪ ਭੀ ਯਹੀਂ ਤਰੀਕਾ ਅਪਨਾਈਏ। ਹਰ ਮੁਹੱਬਤ ਦਾ ਸ਼ੁਰੂ ਤੇ ਅੰਤ ਅਲੱਗ ਹੁੰਦਾ ਹੈ।

ਸਤਿਆਰਥੀ ਬੋਲਦਾ ਹੈ ਤਾਂ ਗੱਲ ਕਿਤੋਂ ਦੀ ਕਿਤੇ ਜਾ ਨਿਕਲਦੀ ਹੈ। ਜੋ ਕੁਝ ਉਸ ਨੇ ਜੀਵਿਆ ਹੈ। ਆਪਣੇ ਵਿਚ ਜਜ਼ਬ ਕੀਤਾ ਹੈ। ਉਸ ਦੀ ਜੀਣ ਦਾ ਅੰਦਾਜ਼ ਹਾਰੀ ਸਾਰੀ ਦੇ ਵੱਸ ਦੀ ਗੱਲ ਨਹੀਂ ਹੈ — ਜਦੋਂ ਉਹ ਆਪਣੀ ਸ਼ਾਦੀ ਤੋਂ ਬਾਦ ਹੀ ਆਪਣੇ ਸ਼ੌਕ ਨੂੰ ਪਹਿਲ ਦੇਂਦਾ ਲੋਕ-ਗੀਤਾਂ ਦੀ ਤਲਾਸ਼ ਵਿਚ ਤਨ-ਤਨਹਾ ਘਰੋਂ ਨਿਕਲ ਤੁਰਦਾ ਹੈ। ਤੇ ਜਾ ਕੇ ਕਿਤੇ ਦੋ ਸਾਲਾਂ ਬਾਦ ਪਰਤਦਾ ਹੈ। ਅਗਲੀ ਯਾਤਰਾ ਤੇ ਬੀਵੀ ਵੀ ਉਸ ਦੇ ਨਾਲ ਹੋ ਲੈਂਦੀ ਹੈ।

ਪੁੱਛਦਾ ਹਾਂ —

? ਸਤਿਆਰਥੀ ਜੀ ਤੁਸੀਂ ਆਪਣੀਆਂ ਯਾਤਰਾਵਾਂ ਵਿਚ ਰੁਪਏ ਪੈਸੇ ਦਾ ਪ੍ਰਬੰਧ ਕਿਵੇਂ ਕਰਦੇ ਰਹੇ ਹੋ ?

— ਉਦੋਂ ਮਹਿਗਾਈ ਨਹੀਂ ਸੀ। ਐਨੀ ਕੁ ਅਕਲ ਵੀ ਆ ਗਈ ਸੀ ਕਿ ਪ੍ਰਾਪੇਗੰਡਾ ਵੈਲਯੂ ਤਾਂ ਜ਼ਰੂਰੀ ਹੈ। ਹੁਣ ਕਿਸੇ ਨੂੰ ਇਹ ਯਕੀਨ ਕਿਵੇਂ ਦਿਵਾਇਆ ਜਾਵੇ ਕਿ ਜਿਹੜਾ ਕੰਮ ਮੈਂ ਕਰ ਰਿਹਾਂ ਉਹ ਜ਼ਰੂਰੀ ਹੈ। ਇਸ ਲਈ ਮੇਰੇ ਕੋਲ ਮਹਾਤਮਾ ਗਾਂਧੀ ਹੋਰਾਂ ਦਾ ਸਰਟੀਫਿਕੇਟ ਸੀ। ਟੈਗੋਰ, ਮਦਨ ਮੋਹਨ, ਮਾਲਵੀਯ ਦਾ ਲਿਖਿਆ ਸੀ। ਸਕੂਲਾਂ ਕਾਲਜਾਂ ਵਿਚ ਜਾਣਾ। ਉਥੇ ਭਾਸ਼ਨ ਕਰਨਾ। ਤੇ ਡਿਮਾਂਡ ਕੁਝ ਨਹੀਂ — ਬਸ ਅਗਲੇ ਸਟੇਸ਼ਨ ਤੱਕ ਦਾ ਟਿਕਟ। ਤੇ ਇਹ ਕਿਸੇ ਲਈ ਮੁਸ਼ਕਿਲ ਨਹੀਂ ਸੀ ਹੁੰਦਾ।

ਇਨ੍ਹਾਂ ਸਫਰਾਂ ਦਾ ਸਿੱਟਾ ਹੈ ਕਿ ਸਤਿਆਰਥੀ ਦੀ ਲਿਖਤ ਵਿਚ

ਬਾਕੀ ਪੰਨਾ 18 'ਤੇ



ਦੇਵਿੰਦਰ ਸਤਿਆਰਥੀ 'ਕੈਨੇਡਾ ਦਰਪਣ' ਪੜ੍ਹਦੇ ਹੋਏ

# ਆਰਥੀ ਸਪਲੀਮੈਂਟ

## ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟਰੱਸਟ (ਕੈਨੇਡਾ) ਵਲੋਂ

### ਸੱਤਵੇਂ ਮਨਜੀਤ ਯਾਦਗਾਰੀ ਐਵਾਰਡ ਨਾਲ

# ਦੇਵਿੰਦਰ ਸਤਿਆਰਥੀ ਸਨਮਾਨਤ

ਨਵੀਂ ਦਿੱਲੀ — 28 ਜੂਨ ਨੂੰ ਇਥੇ ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟਰਸਟ (ਕੈਨੇਡਾ) ਵਲੋਂ ਪੰਜਾਬੀ ਦੇ ਪ੍ਰਸਿਧ ਸਾਹਿਤਕਾਰ ਸ੍ਰੀ ਦੇਵਿੰਦਰ ਸਤਿਆਰਥੀ ਨੂੰ ਸੱਤਵਾਂ ਮਨਜੀਤ ਯਾਦਗਾਰੀ ਐਵਾਰਡ ਪ੍ਰਦਾਨ ਕੀਤਾ ਗਿਆ। ਹਿੰਦੀ ਤੇ ਸੰਸਕ੍ਰਿਤ ਦੇ ਪ੍ਰਸਿਧ ਵਿਦਵਾਨ ਸ੍ਰੀ ਚੰਦਰ ਕਾਂਤ ਬਾਲੀ ਨੇ 500 ਡਾਲਰ ਨਕਦ ਸ੍ਰੀ ਸਤਿਆਰਥੀ ਨੂੰ ਭੇਟਾ ਕੀਤੇ। ਟਰਸਟ ਦੇ ਜਨਰਲ ਸਕੱਤਰ ਸ੍ਰੀ ਦਰਸ਼ਨ ਗਿੱਲ ਨੇ ਸ੍ਰੀ ਸਤਿਆਰਥੀ ਨੂੰ ਸਨਮਾਨ-ਪੱਤਰ ਭੇਟਾ ਕੀਤਾ।

ਸ੍ਰੀ ਚੰਦਰ ਕਾਂਤ ਬਾਲੀ ਨੇ ਦੇਵਿੰਦਰ ਸਤਿਆਰਥੀ ਦੀ ਸਾਹਿਤ ਨੂੰ ਦੇਣ ਬਾਰੇ ਬੋਲਦਿਆਂ ਕਿਹਾ ਕਿ ਉਨ੍ਹਾਂ ਹਿੰਦੀ ਸਾਹਿਤ ਤੇ ਪੰਜਾਬੀ ਸਾਹਿਤ ਦੋਵਾਂ ਵਿਚ ਹੀ ਨਵੀਆਂ ਪਿਰਤਾਂ ਪਾਈਆਂ ਹਨ। ਹਿੰਦੀ ਵਿਚ ਉਨ੍ਹਾਂ ਨਾਵਲ, ਨਿਬੰਧ, ਰੇਖਾ-ਚਿਤਰ, ਆਤਮ-ਕਥਾ, ਸੰਪਾਦਨ ਅਤੇ ਲੋਕ-ਯਾਨ ਉਤੇ ਵਡਮੁੱਲਾ ਕੰਮ ਕੀਤਾ ਹੈ।

ਟਰਸਟ ਦੇ ਮੀਤ-ਪ੍ਰਧਾਨ ਕਹਾਣੀਕਾਰ ਗੁਰਬਚਨ ਸਿੰਘ ਭੁੱਲਰ ਨੇ ਕਿਹਾ ਕਿ ਸ੍ਰੀ ਸਤਿਆਰਥੀ ਨੇ ਆਪਣੀ ਜਵਾਨੀ ਦੇ ਵਰ੍ਹੇ, ਲੋਕ-ਗੀਤ ਇਕੱਠੇ ਕਰਨ ਉਤੇ ਲਾਏ ਤੇ ਸਾਰੀ ਉਮਰ ਉਹ ਭਾਰਤ, ਲੰਕਾ, ਪਾਕਿਸਤਾਨ, ਬਰਮਾ ਆਦਿ ਦੇਸ਼ਾਂ ਵਿਚ ਭਰਮਣ ਕਰਕੇ ਸਾਹਿਤ ਲਈ ਮੋਤੀਆਂ ਦੀ ਭਾਲ ਵਿਚ ਰੁੱਝੇ ਰਹੇ। ਉਨ੍ਹਾਂ ਕਿਹਾ ਕਿ ਸਤਿਆਰਥੀ ਦੀ ਪੰਜਾਬੀ ਨੂੰ ਦੇਣ ਵਡਮੁੱਲੀ ਹੈ।

ਦਿੱਲੀ ਦੀ ਪੰਜਾਬੀ ਟੀਚਰਜ਼ ਐਸੋਸੀਏਸ਼ਨ ਦੇ ਪ੍ਰਧਾਨ ਤੇ ਪੰਜਾਬੀ ਕਹਾਣੀਕਾਰ ਸ੍ਰੀ ਜਗਦੀਸ਼ ਕੌਸ਼ਲ ਨੇ ਕਿਹਾ ਕਿ ਟਰਸਟ ਨੇ ਸ੍ਰੀ ਦੇਵਿੰਦਰ ਸਤਿਆਰਥੀ ਦੀ ਚੋਣ ਕਰਕੇ ਆਪਣਾ ਹੀ ਨਹੀਂ ਸਗੋਂ ਪੰਜਾਬੀ ਸਾਹਿਤ ਦਾ ਮਾਣ ਵਧਾਇਆ ਹੈ।

ਸ੍ਰੀ ਦਰਸ਼ਨ ਨੱਤ, ਟਰਸਟ ਮੈਂਬਰ ਨੇ ਸਰੋਤਿਆਂ ਨੂੰ ਦੱਸਿਆ ਕਿ ਇਹ ਐਵਾਰਡ 1980 ਵਿਚ ਸਥਾਪਤ ਕੀਤਾ ਗਿਆ ਸੀ ਤੇ ਹੁਣ ਤੱਕ ਸ੍ਰੀ ਸੰਤ ਸਿੰਘ ਸੇਖੋਂ, ਗਿਆਨੀ ਕੇਸਰ ਸਿੰਘ, ਸੋਹਣ ਸਿੰਘ ਜੋਸ਼, ਸੰਤੋਖ ਸਿੰਘ ਧੀਰ, ਗੁਰਸ਼ਰਨ ਸਿੰਘ ਤੇ ਪ੍ਰਿੰਸੀਪਲ ਸੁਜਾਨ ਸਿੰਘ ਨੂੰ ਦੇਣ ਪਿਛੋਂ 1986 ਲਈ ਸ੍ਰੀ ਸਤਿਆਰਥੀ ਨੂੰ ਦਿਤਾ ਗਿਆ ਹੈ। ਉਨ੍ਹਾਂ ਕਿਹਾ ਕਿ ਚੋਣ ਸਮੇਂ ਟਰਸਟ ਸਾਹਿਤਕਾਰ ਦੀ ਪੰਜਾਬੀ ਸਾਹਿਤ ਨੂੰ ਸਮੁੱਚੀ ਦੇਣ ਉਪਰ ਵਿਚਾਰ ਕਰਕੇ ਹੀ ਯੋਗ ਸਾਹਿਤਕਾਰ ਦੀ ਚੋਣ ਕਰਦਾ ਹੈ। ਸ੍ਰੀ ਨੱਤ ਨੇ ਕਿਹਾ ਕਿ ਟਰਸਟ ਨੇ ਹੁਣ ਤੱਕ ਜਿਨ੍ਹਾਂ ਸਾਹਿਤਕਾਰਾਂ ਨੂੰ ਪੁਰਸਕਾਰ ਦਿਤੇ ਹਨ ਉਨ੍ਹਾਂ ਦੀ ਪੰਜਾਬੀ ਸਾਹਿਤ ਨੂੰ ਦੇਣ ਨੂੰ ਪੁਸਤਕ ਰੂਪ ਵਿਚ ਵੀ ਪ੍ਰਕਾਸ਼ਤ ਕੀਤਾ ਹੈ।

ਅੰਤ ਉਤੇ ਸ੍ਰੀ ਸਤਿਆਰਥੀ ਨੇ ਟਰਸਟ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਮੇਰਾ ਸਤਿਕਾਰ ਨਹੀਂ ਸਗੋਂ ਪੰਜਾਬੀ ਸਾਹਿਤ ਦਾ ਸਤਿਕਾਰ ਹੈ।



ਪ੍ਰਸਿੱਧ ਵਿਦਵਾਨ ਚੰਦਰ ਕਾਂਤ ਬਾਲੀ ਚੈੱਕ ਪੇਸ਼ ਕਰਦੇ ਹੋਏ — ਨਾਲ ਹਨ ਗੁਰਬਚਨ ਸਿੰਘ ਭੁੱਲਰ, ਦਰਸ਼ਨ ਗਿੱਲ



ਸਨਮਾਨ ਪੱਤਰ ਪੇਸ਼ ਕਰਦੇ ਸ੍ਰੀ ਬਾਲੀ ਤੇ ਦਰਸ਼ਨ ਗਿੱਲ, ਨਾਲ ਖੜ੍ਹੇ ਹਨ ਸ੍ਰੀ ਜਗਦੀਸ਼ ਕੌਸ਼ਲ



ਦਰਸ਼ਨ ਗਿੱਲ, ਦਰਸ਼ਨ ਨੱਤ, ਦੇਵਿੰਦਰ ਸਤਿਆਰਥੀ, ਗੁਰਬਚਨ ਸਿੰਘ ਭੁੱਲਰ, ਜਗਦੀਸ਼ ਕੌਸ਼ਲ

## ਦਰਿਆ ਤੇ ਨਦੀ ਦੀ ਖੇਡ

**ਕੁਮਾਰ ਵਿਕਲ**

(ਦੇਵਿੰਦਰ ਸਤਿਆਰਥੀ ਲਈ)



ਹਰ ਸਫ਼ਰ ਤੋਂ ਪਰਤਣ ਪਿਛੋਂ
ਦੇਵਿੰਦਰ ਸਤਿਆਰਥੀ ਕਹਿੰਦਾ ਹੈ
ਕਿ ਇਸ ਵਾਰ ਵੀ ਇਸ ਦਾ ਕੋਈ ਸੁਰਾਗ ਨਹੀਂ ਮਿਲਿਆ
ਉਹ ਤਾਂ ਇਕ ਸ਼ਰਾਰਤੀ ਨਦੀ ਹੈ
ਜੋ ਅਕਸਰ ਰਾਹ ਬਦਲਦੀ ਰਹਿੰਦੀ ਹੈ।

ਸਤਿਆਰਥੀ —
ਜੋ ਖ਼ੁਦ ਇਕ ਚਲਾਕ ਦਰਿਆ ਹੈ।
ਨਦੀਆਂ ਦੇ ਰਾਹ ਭਲੀ-ਭਾਂਤ ਜਾਣਦਾ ਹੈ
ਕਈ ਨਦੀਆਂ ਉਸ ਦੇ ਕੋਟ ਦੀ ਜੇਬ 'ਚੋਂ
ਹੋ ਕੇ ਲੰਘਦੀਆਂ ਹਨ
ਜਿਹਨਾਂ 'ਤੇ ਉਹ ਲਫ਼ਜ਼ਾਂ ਦੇ ਪੁਲ ਬਣਾਉਂਦਾ ਹੈ
ਪਰ ਉਹ ਤਾਂ ਹਮੇਸ਼ਾਂ ਇਕ ਸ਼ਰਾਰਤੀ ਨਦੀ ਹੈ
ਚਲਾਕ ਦਰਿਆ ਦੀ ਪਕੜ ਵਿਚ ਨਹੀਂ ਆਉਂਦੀ
ਦਰਿਆ ਦਿਸ਼ਾਵਾਂ ਬਦਲ-ਬਦਲ ਕੇ ਭਟਕਦਾ ਰਹਿੰਦਾ ਹੈ
ਤੇ ਜਿੱਥੇ-ਜਿੱਥੇ ਵੀ ਜਾਂਦਾ ਹੈ
ਰਾਤ-ਰਾਤ ਭਰ ਉਸ ਨੂੰ
ਇਕ ਨਦੀ ਦੇ ਗੁਣਗੁਣਾਉਣ ਦੀ ਆਵਾਜ਼ ਆਉਂਦੀ ਹੈ
ਕਿ ਜਿਸ ਨਦੀ ਨੂੰ ਤੂੰ ਕਦੇ ਵੇਖਿਆ ਨਹੀਂ
ਕਿਉਂ ਉਸ ਦਾ ਰਾਹ ਲਭਦਾ ਰਹਿੰਦਾ ਹੈਂ ?

ਪੰਨਾ 16 ਦੀ ਬਾਕੀ

ਹਿੰਦੁਸਤਾਨ ਆਪਣੀ ਸਮੁੱਚਤਾ ਵਿਚ ਹਾਜ਼ਰ ਹੈ। ਤੁਸੀਂ ਉਸ ਦੀ ਲਿਖਤ ਦੀ ਦਰਸ਼ਨੀ ਡਿਉੜੀ ਇਕ ਵਾਰ ਪਾਰ ਕਰ ਜਾਓ, ਬਸ। ਤੇ ਇਹੀ ਕੰਮ ਔਖਾ ਹੈ। ਸਤਿਆਰਥੀ ਨੂੰ ਪੜ੍ਹਨ ਲਈ ਇਕ ਖਾਸ ਤਰ੍ਹਾਂ ਦਾ ਸ਼ੌਕ ਅਤੇ ਸਲੀਕਾ ਲੋੜੀਦਾ ਹੈ। ਉਸ ਦੀ ਸੋਚ ਦੇ ਨਾਲ ਉਸ ਦੀ ਭਾਸ਼ਾ ਦੀਆਂ ਬਾਹਾਂ ਵੀ ਬੜੀਆਂ ਲੰਮੀਆਂ ਚੌੜੀਆਂ ਹਨ।

— ਸਾਡੇ ਲੋਕ ਪੜ੍ਹਦੇ ਨਹੀਂ। ਤੇ ਜੀ ਜਿਹੜੀ ਹਉਮੈਂ ਹੈ ਨਾ ....।

? ਸਤਿਆਰਥੀ ਜੀ, ਜਦੋਂ ਤੁਸੀਂ 'ਸੱਪ ਤੇ ਆਦਮੀ' ਜਾਂ 'ਇਕੰਨੀ' ਵਰਗੀਆਂ ਬਹੁਤ ਮਕਬੂਲ ਕਹਾਣੀਆਂ ਲਿਖੀਆਂ, ਇਹ ਕਿਸ ਤਰ੍ਹਾਂ ਦੀ ਜ਼ਰੂਰਤ ਸੀ ਜਿਸ ਨੇ ਤੁਹਾਡੇ ਕੋਲੋਂ 'ਰਾਵਣ ਦਾ ਦਸਵਾਂ ਸਿਰ' ਵਰਗੀ ਕਹਾਣੀ ਲਿਖਵਾਈ।

— ਆਦਮੀ ਜੋ ਪਹਿਲਾਂ ਕਰ ਚੁੱਕਿਆ ਹੈ ਉਸ ਦੀ ਕਾਰਬਨ ਕਾਪੀ ਕਿਉਂ ਬਣੇ। ਫਿਰ ਟੈਕਨੀਕ ਦੀ ਗੱਲ ਹੈ। ਜੋ ਫਿਲਮਾਂ ਵਿਚ ਹੁੰਦਾ ਹੈ ਤਾਂ ਇਸ ਤਰ੍ਹਾਂ ਲਿਖਤ ਵਿਚ ਕਿਉਂ ਮੁਮਕਿਨ ਨਹੀਂ ਹੋ ਸਕਦਾ। ਸਵਾਲ ਹੈ—ਰਤਾ ਕੁ ਹੋ ਜਾ ਨਾਲ। ਇਸ ਲਈ ਬੰਗਾਲ ਦਾ ਭੁੱਖਾ ਹੋਣਾ ਵੀ ਜ਼ਰੂਰੀ ਹੈ। (ਸਤਿਆਰਥੀ ਦੀ ਬੰਗਾਲ ਦੇ ਅਕਾਲ ਬਾਰੇ ਲਿਖੀ ਕਵਿਤਾ ਦੇ ਹਵਾਲੇ ਨਾਲ)

? ਸਤਿਆਰਥੀ ਜੀ ਤੁਹਾਡੀ ਕਵਿਤਾ, ਤੁਹਾਡੇ ਦੌਰ 'ਚ ਲਿਖੀ ਗਈ ਕਵਿਤਾ ਤੋਂ ਬੜੀ ਹਟ ਕੇ ਤੇ ਨਵੀਂ ਸੀ। ਇਕ ਤਰ੍ਹਾਂ ਨਾਲ ਉਸ ਨੂੰ ਨਵੀਂ ਪੰਜਾਬੀ ਕਵਿਤਾ ਦੀ ਸ਼ੁਰੂਆਤ ਕਿਹਾ ਜਾ ਸਕਦਾ ਹੈ। ਉਸ ਤੋਂ ਬਾਅਦ ਤੁਸੀਂ ਨਾਵਲ ਕਹਾਣੀਆਂ ਲਿਖੇ ....।

— ਪ੍ਰੋਜ਼ ਕਵਿਤਾ ਦਾ ਕੰਮ ਦੇ ਸਕਦੀ ਹੈ। ਸਤਿਆਰਥੀ ਦੀ ਸਾਹਿਤ-ਯਾਤਰਾ ਬਾਰੇ ਪ੍ਰਸ਼ਨ ਦੇ ਉਤਰ ਵਿਚ ਸਤਿਆਰਥੀ ਆਖਦਾ ਹੈ।

— 1908 ਦਾ ਮੇਰਾ ਜਨਮ ਹੈ। 1934 ਵਿਚ ਅੰਮ੍ਰਿਤ ਬਾਜ਼ਾਰ ਪਤ੍ਰਿਕਾ ਵਿਚ ਛਪਿਆ Indian folk Songs ਮੇਰਾ ਪਹਿਲਾ ਆਰਟੀਕਲ ਸੀ ਮੈਂ ਸੋਚਦਾ ਹੁੰਦਾ ਸਾਂ ਲਿਖਣ ਲਈ ਅੰਗਰੇਜ਼ੀ ਤੋਂ ਚੰਗੀ ਕੋਈ ਭਾਸ਼ਾ ਨਹੀਂ ਅਤੇ ਪਰਚਾ ਚੁਣਿਆ ਮਾਡਰਨ ਰੀਵੀਊ। ਗੱਲ ਕਰਦਾ ਕਰਦਾ ਸਤਿਆਰਥੀ ਰੁਕ ਜਾਂਦਾ ਹੈ। ਆਪਣੀ ਯਾਦ ਦੇ ਅਜਾਇਬ ਘਰ 'ਚੋਂ ਥੋੜ੍ਹੀ ਦੇਰ ਬਾਦ ਵਾਪਸ ਪਰਤਦਾ ਹੈ ਤਾਂ ਸੁਣਾਈ ਦਿੰਦਾ ਹੈ।

— ਵਿਸ਼ਾਲ ਭਾਰਤੀ ਵਿਚ ਮੇਰਾ ਆਰਟੀਕਲ ਛਪਿਆ ਸੀ। ਉਹ ਗੁਰੂਦੇਵ ਟੈਗੋਰ ਤੱਕ ਵੀ ਪੁੱਜ ਗਿਆ। ਮੈਂ ਸ਼ਾਂਤੀ ਨਿਕੇਤਨ ਗਿਆ ਤਾਂ ਗੁਰੂਦੇਵ ਕਹਿਣ ਲੱਗੇ, "ਮੈਂ ਤੁਹਾਡਾ ਆਰਟੀਕਲ ਵੇਖਿਆ ਹੈ but You have Wasted it ਫਿਰ ਉਹ ਮਾਡਰਨ ਰੀਵੀਊ ਵਿਚ ਛਪਿਆ ਸੀ। ... ਮੈਨੂੰ ਖਿਆਲ ਆਇਆ ਕਿ ਪੰਜਾਬੀ ਵਿਚ ਵੀ ਲਿਖਣਾ ਚਾਹੀਦਾ ਹੈ। ਮੈਂ ਉਹੀ ਆਰਟੀਕਲ ਨਰਿੰਜਨ ਸਿੰਘ ਤਾਲਬ ਕੋਲ ਲੈ ਗਿਆ। ਉਸ ਦੀ ਲਿਪੀ ਦੇਵਨਾਗਰੀ ਸੀ। ਮੈਂ ਕਿਹਾ ਕਿ ਮੇਰੀ ਪੰਜਾਬੀ ਬੜੀ ਕੱਚੀ ਹੈ ...। ਉਸ ਕਿਹਾ ਕਿ ਬੋਲ ਕੇ ਸੁਣਾ। ਮੈਂ ਸੁਣਾ ਰਿਹਾ ਸਾਂ। ਨਾਲ ਨਾਲ ਕਹਿ ਰਿਹਾ ਸਾਂ ਜਿਹੜਾ ਸ਼ਬਦ ਠੀਕ ਨਾ ਹੋਵੇ ਉਹ ਬਦਲ ਦੇਵੇ। ਉਥੇ ਇਕ ਵਿਅਕਤੀ ਸੀ ਜਿਹੜਾ ਉਨ੍ਹਾਂ ਦਿਨਾਂ ਵਿਚ ਅੰਡਰ ਗਰਾਉਂਡ ਸੀ। ਮੈਂ ਸੁਣਾ ਰਿਹਾ ਸਾਂ ਤਾਂ ਇਕ ਆਵਾਜ਼ ਆਈ—ਓਏ ਤਾਲਬਾ, ਏਸ ਮੁੰਡੇ ਦੀਆਂ ਗੱਲਾਂ ਵਿਚ ਨਾ ਆਈਂ। ਇਹ ਜੋ ਬੋਲ ਰਿਹੈ, ਠੀਕ ਬੋਲ ਰਿਹੈ। ਇਹੀ ਲਿਖ ...।

ਉਸ ਵਿਚ ਇਕ ਲੋਕ ਬੋਲੀ ਸੀ—"ਤੇਰੀ ਸੱਜਰੀ ਪੈੜ ਦਾ ਰੇਤਾ ਚੁਕ ਚੁਕ ਲਾਵਾਂ ਹਿਕ ਨੂੰ ....।"

ਇਸ ਤੇ ਜੀ ਬੜਾ ਵਾਵੇਲਾ ਮਚਾਇਆ ਗਿਆ ਕਿ ਇਹ ਠੀਕ ਨਹੀਂ ਹੈ। ਮੈਂ ਕਿਹਾ, ਇਹੋ ਗੱਲ ਬੰਗਾਲ ਵਿਚ, ਹਿੰਦੀ ਵਿਚ ਅੰਗਰੇਜ਼ੀ ਵਿਚ ਛਪੀ ਤਾਂ ਕਿਸੇ ਔਰਤ ਨੂੰ ਇਤਰਾਜ਼ ਨਹੀਂ ਹੋਇਆ। ਪੰਜਾਬੀ ਵਿਚ ਛਾਪਣ ਨਾਲ ਕਿਉਂ ਹੋਵੇਗਾ ਜਦੋਂ ਕਿ ਇਹ ਗੱਲ ਹੀ ਪੰਜਾਬੀ ਔਰਤ ਦੀ ਹੈ ...। ਉਹ ਆਰਟੀਕਲ ਫਿਰ ਗੁਰਬਖਸ਼ ਸਿੰਘ ਪ੍ਰੀਤਲੜੀ ਹੋਰਾਂ ਨੇ ਦੇਸ਼ ਦਰਪਨ ਦਾ ਹਵਾਲਾ ਦੇ ਕੇ ਪ੍ਰੀਤਲੜੀ ਵਿਚ ਛਾਪਿਆ ਸੀ। ਮੇਰੀ ਪੰਜਾਬੀ ਵਿਚ ਦਾਰ ਜੀ ਦਾ ਬਹੁਤ ਹਿਸਾ ਹੈ। ਇਕ ਮਾਸਟਰ ਆਤਮਾ ਸਿੰਘ ਹੁੰਦੇ ਸਨ। ਉਹ ਕਹਿੰਦੇ ਹੁੰਦੇ ਸਨ ਤੈਨੂੰ ਹਿੰਦੀ 'ਚ ਕਿਸੇ ਨਹੀਂ ਸੁਨਣਾ। ਅੰਗਰੇਜ਼ੀ ਵਿਚ ਤਾਂ ਬਿਲਕੁਲ ਨਹੀਂ। ਤੂੰ ਪੰਜਾਬੀ ਵਿਚ ਲਿਖਿਆ ਕਰ। ਹੀਰਾ ਸਿੰਘ ਦਰਦ ਹੋਰਾਂ ਦੀ ਪ੍ਰੇਰਨਾ ਵੀ ਮਿਲੀ, ਉਨ੍ਹਾਂ ਦਾ 'ਫੁਲਵਾੜੀ' ਨਿਕਲਦਾ ਹੁੰਦਾ ਸੀ ਉਨੀ ਦਿਨੀਂ। ਭਾਈ ਵੀਰ ਸਿੰਘ ਹੋਰਾਂ ਨੂੰ ਵੀ ਮਿਲੇ ...।

? ਪੂਰਨ ਸਿੰਘ ਹੋਰਾਂ ਨੂੰ।

— ਮੈਂ ਉਨ੍ਹਾਂ ਦੀ ਕੋਠੀ ਉਨ੍ਹਾਂ ਨੂੰ ਮਿਲਣ ਹੀ ਗਿਆ ਸਾਂ ਪਰ ਉਦੋਂ ਤੱਕ ਉਨ੍ਹਾਂ ਦੀ ਡੈਥ ਹੋ ਚੁੱਕੀ ਸੀ।

ਖਿਆਲ ਆਉਂਦਾ ਹੈ ਸਤਿਆਰਥੀ ਦੀਆਂ ਹਿੰਦੀ ਵਿਚ ਏਨੀਆਂ ਕਿਤਾਬਾਂ ਛਪ ਚੁਕੀਆਂ ਹਨ ਉਰਦੂ ਵਿਚ ਵੀ। ਪੰਜਾਬੀ ਵਿਚ ਉਸ ਦੀਆਂ ਕਹਾਣੀਆਂ ਅਤੇ 'ਘੋੜਾ ਬਾਦਸ਼ਾਹ' ਵਰਗਾ ਨਾਵਲ ਪਰ ਉਸ ਦਾ ਜ਼ਿਕਰ ਸਿਰਫ ਲੋਕ-ਗੀਤ ਦੇ ਸੰਗ੍ਰਹਿਕ ਵਜੋਂ ਹੀ ਪੜ੍ਹਨ ਨੂੰ ਮਿਲਦਾ ਹੈ ਸਵਾਲ ਕਰਦਾ ਹਾਂ — ਤੁਸੀਂ ਬਹੁਤ ਅਮੀਰ ਪ੍ਰੰਪਰਾ ਦਾ ਹਿਸਾ ਰਹੇ ਹੋ, ਕਦੀ ਤੁਹਾਨੂੰ ਇਸ ਤਰ੍ਹਾਂ ਲੱਗਾ ਹੋਵੇ ਕਿ ... ਹੁਣ ਸਾਹਿਤਕ ਅਕਾਦਮੀ ਦਾ ਐਵਾਰਡ ਹੀ ਲੈ ਲਵੋ ਜਿਹੜਾ ਕਿ ਤੁਹਾਡੇ ਦੋਹਤਰਿਆਂ ਪੋਤਰਿਆਂ ਨੂੰ ਤਾਂ ਮਿਲ ਗਿਐ ...?

— ਇਹੀ ਚੀਜ਼ ਹੈ। ਜਿਹੜਾ ਸ਼ਾਸਤਰਾਂ ਦਾ ਅਧਿਅਨ ਹੈ ਨਾ ਜੀ। ਮੇਰਾ ਜਨਮ ਆਰੀਆ ਸਮਾਜੀ ਪਰਿਵਾਰ ਦਾ ਹੈ। ਲੋਕ-ਸਾਹਿਤ 'ਚੋਂ ਵੀ ਮੈਨੂੰ ਆਤਮ ਵਿਸ਼ਵਾਸ ਮਿਲਿਐ।

— ਕਿਸੇ ਨੇ ਕਿਹੈ ਕਿ — ਨਹੀਂ ਲਿਖਤ ਵਿਚ 95 ਪ੍ਰਤੀਸ਼ਤ ਮਿਹਨਤ ਹੈ ਤੇ 5 ਪ੍ਰਤੀਸ਼ਤ ਪ੍ਰਤਿਭਾ। ਮੇਰੀ ਤਾਂ ਜੀ ਸੈਂਟ ਪ੍ਰਸੈਂਟ ਹੀ ਮਿਹਨਤ ਹੈ।

ਵਿਲਿਅਮ ਫਾਕਨਰ ਦੇ ਹਵਾਲੇ ਨਾਲ ਸਤਿਆਰਥੀ ਦੱਸਦਾ ਹੈ ਕਿ — ਉਸ ਲਿਖਿਐ ਕਿ ਕਾਗਜ਼ ਆਦਮੀ ਦੇ ਹੱਥ 'ਚ ਹੋਵੇ ਤਾਂ ਉਸ ਨੂੰ ਪੈਨਸਿਲ ਤੋਂ ਸਿਵਾ ਹੋਰ ਕੁਝ ਨਹੀਂ ਚਾਹੀਦਾ। ... ਉਸ ਹੀ ਲਿਖਿਐ ਕਿ ਕਿਸੇ ਲੇਖਕ ਨੂੰ ਕੋਈ ਪੇਸ਼ਾ ਜੇ ਸੂਟ ਕਰਦਾ ਹੈ ਤਾਂ ਉਹ ਹੈ ਕਿਸੇ ਰੰਡੀਖਾਨੇ ਦੀ ਮੈਨੇਜਰਸ਼ਿਪ, ਇਹ ਹੈ ਕਿ ਜਦੋਂ ਸਾਰੇ ਜਾਗ ਰਹੇ ਹੁੰਦੇ ਹਨ ਤੁਸੀਂ ਸੌਂ ਸਕਦੇ ਹੋ ਤੇ ਜਦੋਂ ਸਾਰੇ ਸੌਂ ਰਹੇ ਹੋਣ, ਤੁਸੀਂ ਜਾਗ।

— ਇਕ ਛੋਟੀ ਜਿਹੀ ਗੱਲ ਤੁਹਾਨੂੰ ਜ਼ਰੂਰ ਦੱਸਣੀ ਹੈ। ਮੇਰੇ ਨਾਨਕੇ ਜ਼ਿਲਾ ਫਿਰੋਜ਼ਪੁਰ ਦੇ ਪਿੰਡ ਵੱਡਾ ਘਰ ਵਿਚ ਸਨ। ਸਨ ਤਾਂ ਉਹ ਖਤਰੀ, ਕਰਦੇ ਵਾਹੀ ਸਨ। ਮੈਨੂੰ ਇਕ ਵਾਰ ਮੇਰੀ ਮਾਂ ਉਥੇ ਲੈ ਕੇ ਗਈ ਤਾਂ ਮੇਰੇ ਨਾਨਾ ਕਹਿਣ ਲੱਗੇ — ਊ ਦੇਵ ਨੂੰ ਮੇਰੇ ਕੋਲ ਛੱਡ ਜਾ। ਮੈਂ ਇਸ ਨੂੰ ਜੱਟ ਬਣਾਵਾਂਗਾ। ਮੈਂ ਸਮਝਨਾ ਕਿ ਕਾਗਜ਼ ਵੀ ਇਕ ਖੇਤ ਹੈ ਜਿਸ 'ਤੇ ਲੇਖਕ ਹਲ ਚਲਾਉਂਦਾ ਹੈ। ਉਸ ਦੀ ਕਲਮ ਹਲ ਵੀ ਹੈ, ਤੇ ਦਾਤਰੀ ਵੀ।

... ਕਮਰਸ਼ੀਅਲ ਹੋਣ ਨੂੰ ਮੈਂ ਜਾਇਜ਼ ਨਹੀਂ ਸਮਝਦਾ। ਕਦੀ ਰੇਡੀਓ ਤੇ ਕੋਈ ਟਾਕ ਦੇਣੀ ਹੁੰਦੀ ਹੈ। ਪਹਿਲਾਂ ਤਾਂ ਡਾਇਰੈਕਟ ਹੁੰਦੀ ਸੀ। ਹੁਣ ਜਦੋਂ ਰਿਕਾਰਡ ਕਰਵਾਉਣੀ ਹੁੰਦੀ ਹੈ ਤਾਂ ਵਾਈਫ ਨੇ ਦੋ ਪਿੰਨ, ਇਕ ਕਾਰਬਨ ਲਿਆ ਕੇ ਰੱਖਿਆ ਹੁੰਦੈ। ਟਾਕ ਲਿਖ ਦੇਈਦੀ ਹੈ। ਮੈਂ ਉਸ ਨੂੰ ਕਦੀ ਇਸ ਕਾਬਲ ਨਹੀਂ ਸਮਝਿਆ ਕਿ ਉਸ ਨੂੰ ਛਪਵਾਇਆ ਜਾਵੇ। ਉਸ ਦਿਨ ਬੀਵੀ ਸਮਝਦੀ ਹੈ ਕਿ ਇਹ ਵੀ ਰਾਈਟਰ ਹੈ। ਕਿਉਂਕਿ ਚੈਕ ਆ ਗਿਐ।

— ਤੁਸੀਂ 'ਅੱਜ ਕੱਲ੍ਹ' ਦੇ ਸੰਪਾਦਕ ਰਹੇ ਹੋ ਇਹ ਤਾਂ ਮੈਨੂੰ ਪਤਾ ਹੈ ਇਸ ਤੋਂ ਪਹਿਲਾਂ ਜਾਂ ਪਿਛੋਂ ਕਦੀ ਕੋਈ ਹੋਰ ਨੌਕਰੀ ?

— ਪਹਿਲੀ ਨੌਕਰੀ ਮੈਂ ਅਜਮੇਰ ਸ਼ਰੀਫ ਵਿਚ ਕੀਤੀ ਸੀ। ਪਰੂਫ ਰੀਡਰ ਦਾ ਕੰਮ ਸੀ। ਪੰਜੀ ਰੁਪਏ ਮਹੀਨੇ 'ਤੇ। ਮੈਂ ਮਾਲਕ ਨੂੰ ਕਹਿਣਾ ਕਿ ਮੈਨੂੰ ਪਰੂਫ ਰੀਡਰ ਦਾ ਕੰਮ ਨਹੀਂ ਆਉਂਦਾ ਤਾਂ ਉਸ ਆਖਣਾ — ਆ ਜਾਏਗਾ ਖਰਬੂਜੇ ਨੂੰ ਵੇਖ ਕੇ ਖਰਬੂਜਾ ਰੰਗ ਪਕੜ ਲੈਂਦਾ ਹੈ। ਉਥੇ ਜਦੋਂ ਸਾਰੇ ਛੁੱਟੀ ਕਰ ਜਾਂਦੇ ਤਾਂ ਜਾ ਕੇ ਮੇਰਾ ਕੰਮ ਸ਼ੁਰੂ ਹੁੰਦਾ ਸੀ। ਮਾਲਕ ਨੇ ਪੁੱਛਣਾ ਕਿ ਫਲਾਣਾ ਮੇਰੇ ਬਾਰੇ ਕੀ ਆਖਦਾ ਸੀ, ਧਿਙਾਣਾ ਕੀ ਕਹਿੰਦਾ ਸੀ। ਮੈਂ ਸੋਚਿਆ ਮੈਂ ਪਰੂਫ ਰੀਡਰ ਬਣਨ ਆਇਆਂ, ਇਹ ਮੈਨੂੰ ਚੁਗਲਖੋਰ ਬਣਾ ਰਿਹੈ।

— ਸਤਿਆਰਥੀ ਜੀ ਤੁਹਾਡੇ ਬਾਰੇ ਜਿਹੜੇ ਲਤੀਫੇ ਸੁਣਦੇ ਹਨ ਉਨ੍ਹਾਂ ਵਿਚ ਤੁਹਾਡੇ ਕੈਮਰੇ ਦਾ ਵੀ ਜ਼ਿਕਰ ਮਿਲਦੈ। ਕੀ ਨਾ ਸੀ ਉਸ ਦਾ ਰੋਲੀਫਲੈਕਸ। ਉਹ ਅਜੇ ਵੀ ਕੰਮ ਕਰਦੈ।

— ਨਹੀਂ ਹੁਣ ਫੋਟੋਗਰਾਫੀ ਤਾਂ ਨਹੀਂ ਕੀਤੀ ਕਦੀ। ਪਰ ਉਹ ਮੇਰੇ ਪਾਸ ਹੈ। ਤੇ ਉਸ ਦਾ ਲੈਨਜ਼ ਵੀ ਕੰਮ ਕਰਦੈ।

? ਸਤਿਆਰਥੀ ਜੀ ਉਸ ਵਕਤ ਸਾਹਿਤ ਸਭਾਵਾਂ ਦਾ ਮਾਹੌਲ ਕਿੰਝ ਦਾ ਹੁੰਦਾ ਸੀ।

— ਕਲਕੱਤੇ ਸੀ, ਫਿਰ ਮੈਂ ਲਾਹੌਰ ਵਾਪਸ ਆ ਗਿਆ। ਸੋਚਿਆ ਖਾਨਾਬਦੋਸ਼ੀ ਵੀ ਕੀਤੀ ਜਾਵੇ ਪਰ ਕੋਈ ਟਿਕਾਣਾ ਵੀ ਹੋਵੇ। ਟਿਕਣ ਲਈ ਮੈਂ ਲਾਹੌਰ ਨੂੰ ਚੁਣਿਆ। ਉਥੇ ਅਰਬਾਬੇ-ਏ-ਜ਼ੌਕ ਸੀ। ਉਹ ਤਿੰਨ ਮਹੀਨੇ ਦਾ ਪਰੋਗਰਾਮ ਬਣਾਇਆ ਕਰਦੇ ਸਨ — ਡਾ. ਤਾਸੀਰ, ਫੈਜ਼, ਬੇਦੀ, ਕ੍ਰਿਸ਼ਨ ਚੰਦਰ, ਕਦੀ ਕਦੀ ਛੁੱਟੀ ਆਇਆ ਹੋਵੇ ਤਾਂ ਮੰਟੋ ਵੀ ਆਇਆ ਕਰਦਾ ਸੀ। ਉਥੇ ਪਤਾ ਲੱਗਾ ਕਿ ਛਿਲ ਕਿਵੇਂ ਲਹਿੰਦੀ ਹੈ। ... ਉਰਦੂ ਵਿਚ ਮੇਰੀ ਪਹਿਲੀ ਕਿਤਾਬ ਸੀ 'ਮੈਂ ਹੂੰ ਖਾਨਾ - ਬਦੋਸ਼'। ਆਪਣੀ ਲਿਖਤ ਸੁਣਾ ਕੇ ਦਸ ਲੈਣ ਦੇ ਆਪਣੇ ਖੱਬਤ ਨੂੰ ਲੈ ਕੇ ਸਤਿਆਰਥੀ ਆਖਦਾ ਹੈ —

— ਮੇਰੀ ਬੱਚੀ ਪਾਰੂਲ ਦੀ ਸ਼ਾਦੀ ਸੀ। ਮੈਂ ਕ੍ਰਿਸ਼ਨਾ ਸੋਬਤੀ ਨੂੰ ਵਿਆਹ ਦਾ ਕਾਰਡ ਦੇਣ ਗਿਆ ਤਾਂ ਉਸ ਕਿਹਾ ਸਤਿਆਰਥੀ ਜੀ ਚਲੋ ਅਜ ਤਾਂ ਤੁਹਾਡੇ ਕੋਲੋਂ ਕੁਝ ਸੁਨਣਾ ਨਹੀਂ ਪਏਗਾ। ਤਾਂ ਮੈਂ ਕਿਹਾ — ਜੀ ਮੈਂ ਤਾਂ ਨਾਵਲ ਦਾ ਚੈਪਟਰ ਔਹ ਵੇਖੋ ਨਾਲ ਲੈ ਕੇ ਆਇਆਂ। ਇਹ ਦਿਖਾਵਾ ਨਹੀਂ ਹੁੰਦਾ ਮਜ਼ਬੂਰੀ ਹੁੰਦੀ ਹੈ।

? ਤੁਹਾਨੂੰ ਪਦਮ ਸ਼੍ਰੀ ਦਾ ਖਿਤਾਬ ਮਿਲਿਐ ਕੁਝ ਉਸ ਬਾਰੇ ?

— ਠੀਕ ਹੈ ..... ਬਾਇਓਗਰਾਫੀ ਵਿਚ ਇਕ ਇਹ ਵੀ ਨੋਟ ਆ ਗਿਐ।

? ਤੁਹਾਨੂੰ ਕਦੀ ਬਜ਼ੁਰਗਾਂ ਵਿਚ ਬੈਠੇ ਜਾਂ ਬੈਠੇ ਹੋਏ ਤਸੱਲੀ ਅਨੁਭਵ ਕਰ ਰਹੇ ਨਹੀਂ ਵੇਖਿਆ —।

— ਮੇਰੀ ਬੀਵੀ ਵੀ ਕਈ ਵਾਰ ਇਹੀ ਸ਼ਿਕਾਇਤ ਕਰਦੀ ਹੈ ਕਿ ਆਪਣੀ ਉਮਰ ਦੇ ਲੋਕਾਂ ਵਿਚ ਬੈਠਿਆ ਉਠਿਆ ਕਰੋ। ਜਦੋਂ ਵੇਖੋ ਮੁੰਡੇ ਖੁੰਡਿਆਂ ਵਿਚ ਬੈਠੋਂਗੇ ਤੇ ਉਹ ਵੀ ਉਹ, ਜਿਨ੍ਹਾਂ 'ਚੋਂ ਕਿਸੇ ਦੀ ਬੀਵੀ ਭੱਜ ਗਈ ਹੋਵੇ। ਜਾਂ ਜਿਨ੍ਹਾਂ 'ਚ ਕੋਈ ਕਿਸੇ ਦੀ ਬੀਵੀ ਭਜਾ ਲੈ ਜਾਣ ਦੇ ਤਿਆਰੀ ਵਿਚ ਹੋਵੇ। ਮੈਂ ਕਹਿਨਾ—ਉਨਾਂ 'ਚ ਵੀ ਬੈਠੀ ਦਾ ਹੈ, ਉਦੋਂ ਤੂੰ ਨਾਲ ਨਹੀਂ ਨਾ ਹੁੰਦੀ।

ਸਤਿਆਰਥੀ ਦੀ ਗੱਲਬਾਤ ਵੀ ਉਸ ਦੀਆਂ ਲਿਖਤਾਂ ਵਾਂਗ ਹੈ। ਜਿਹੜੀਆਂ ਹਾਊਸਿੰਗ ਬੋਰਡ ਦੇ ਮਕਾਨਾਂ ਵਰਗੀਆਂ ਨਾ ਹੋ ਕੇ ਬਹੁ-ਮੰਜ਼ਲੀਆਂ ਪ੍ਰਾਈਵੇਟ ਇਮਾਰਤਾਂ ਜਿਹੀਆਂ ਹਨ।

ਮੈਂ ਸੋਚਦਾਂ ਜੇ ਕਦੀ ਸਤਿਆਰਥੀ ਨੇ ਕੁਝ ਪੇਂਟ ਕਰਨਾ ਹੋਵੇ ਤਾਂ ਪ੍ਰਾਪਤ ਰੰਗਾਂ ਨਾਲ ਕਦੀ ਕੁਝ ਪੇਂਟ ਨਹੀਂ ਕਰ ਸਕੇਗਾ। ਉਸ ਨੂੰ ਅਜਿਹੇ ਰੰਗ ਚਾਹੀਦੇ ਹਨ ਜਿਹੜੇ ਕੈਨਵਸ 'ਤੇ ਤੁਰ ਫਿਰ ਸਕਦੇ ਹੋਣ, ਨਿਰੰਤਰ ਬਦਲ ਸਕਦੇ ਹੋਣ। ਜਿਹੜੇ ਹਰ ਵਾਰ ਦਰਸ਼ਕ ਨੂੰ ਪਿਛੇ ਛੱਡ ਕੇ ਅੱਗੇ ਲੰਘ ਜਾਣ।

# ਸਾਹਿਤ-ਸ਼ਿਲਪੀ

**ਸਾਹਿਰ ਲੁਧਿਆਨਵੀ**

**ਯੂਨੀਵਰਸਿਟੀ** ਦੇ ਇਮਤਿਹਾਨਾਂ ਤੋਂ ਬਾਅਦ ਮੈਂ ਲੁਧਿਆਣੇ ਆ ਗਿਆ ਤੇ ਚਾਰ-ਪੰਜ ਮਹੀਨੇ ਘਰ ਹੀ ਰਿਹਾ। ਉਹਨੀਂ ਦਿਨੀਂ ਪ੍ਰੀਤ ਨਗਰ ਵਿਚ ਹੋਣ ਵਾਲੀ ਸਾਲਾਨਾ ਕਾਨਫਰੰਸ ਵਿਚ ਸਤਿਆਰਥੀ ਨਾਲ ਅਚਾਨਕ ਫੇਰ ਮੇਰੀ ਮੁਲਾਕਾਤ ਹੋ ਗਈ।

ਕਾਨਫਰੰਸ ਵਿਚ ਕੋਈ ਅੱਠ-ਦਸ ਹਜ਼ਾਰ ਲੋਕਾਂ ਦੀ ਭੀੜ ਸੀ। ਪੰਜਾਬ ਦੇ ਹਰ ਹਿੱਸੇ 'ਚੋਂ ਲੋਕ ਉਸ ਅਜੀਬ ਬਸਤੀ ਨੂੰ ਵੇਖਣ ਲਈ ਆਏ ਹੋਏ ਸਨ, ਜਿਸ ਵਿਚ ਮਸਜਿਦ, ਮੰਦਿਰ, ਗੁਰਦਵਾਰਾ ਜਾਂ ਗਿਰਜਾ ਬਣਾਉਣ ਦੀ ਇਜਾਜ਼ਤ ਨਹੀਂ ਸੀ, ਤੇ ਜਿਥੋਂ ਦੇ ਲੋਕ ਸਾਂਝੀ ਰਸੋਈ ਵਿਚ ਖਾਣਾ ਖਾਂਦੇ ਸਨ, ਤੇ ਜਿਥੋਂ ਦੀਆਂ ਤੀਵੀਆਂ ਆਜ਼ਾਦੀ ਤੇ ਬੇਬਾਕੀ ਨਾਲ ਘੁੰਮਦੀਆਂ ਫਿਰਦੀਆਂ ਸਨ।

ਸਤਿਆਰਥੀ ਜਦ ਪੰਡਾਲ ਵਿਚ ਦਾਖਲ ਹੋਇਆ, ਤਾਂ ਭੀੜ 'ਚੋਂ ਬਹੁਤ ਸਾਰੇ ਆਦਮੀਆਂ ਨੇ ਉਠ ਕੇ ਉਸ ਦੇ ਹੱਥ ਚੁੰਮੇ, ਤੇ ਤੀਵੀਆਂ ਨੇ ਉਸ ਦੇ ਪੈਰ ਛੋਹੇ। ਸਤਿਆਰਥੀ ਨੇ ਉਹਨਾਂ ਨੂੰ ਆਸ਼ੀਰਵਾਦ ਦਿੱਤਾ ਤੇ ਲੋਕਾਂ ਦੀਆਂ ਸ਼ਰਧਾ ਤੇ ਉਤਾਵਲ ਭਰੀਆਂ ਨਜ਼ਰਾਂ 'ਚੋਂ ਲੰਘਦਾ ਹੋਇਆ ਸਟੇਜ ਕੋਲ ਜਾ ਕੇ ਬੈਠ ਗਿਆ।

ਪਰੋਗਰਾਮ ਵਿਚ ਪਹਿਲਾਂ ਇਕ ਨਾਟਕ ਪੇਸ਼ ਕੀਤਾ ਗਿਆ, ਜਿਸ ਵਿਚ ਪ੍ਰੀਤ ਨਗਰ ਦੇ ਵਿਦਿਆਰਥੀ ਮੁੰਡਿਆਂ-ਕੁੜੀਆਂ ਨੇ ਹਿਸਾ ਲਿਆ ਨਾਟਕ ਤੋਂ ਬਾਅਦ ਉਰਦੂ ਮੁਸ਼ਾਇਰੇ ਤੋਂ ਪਹਿਲਾਂ ਕਵੀ-ਦਰਬਾਰ ਸ਼ੁਰੂ ਹੋਇਆ, ਜਿਸ ਵਿਚ ਸਤਿਆਰਥੀ ਨੇ ਵੀ ਇਕ ਕਵਿਤਾ ਸੁਣਾਈ :

## ਹਿੰਦੁਸਤਾਨ

ਓ ਹਿੰਦੁਸਤਾਨ !
ਤੇਰੇ ਹਲ ਨੇ ਲਹੂ-ਲੁਹਾਨ
ਓ ਹਿੰਦੁਸਤਾਨ !

ਤੇਰੇ ਲੀੜੇ ਲੀਰਾਂ-ਲੀਰਾਂ
ਤੇਰੇ ਪੈਰੀਂ ਟੁੱਟੇ ਛਿੱਤਰ
ਤੇਰਾ ਢਿੱਡ ਕਬਰ ਸਦੀਆਂ ਦੀ
ਓ ਹਿੰਦੁਸਤਾਨ !

'ਬਹੁਤਾ ਅਨਾਜ ਉਪਜਾਓ !'
ਇਹ ਇਸ਼ਤਿਹਾਰ ਸਰਕਾਰੀ
ਪਰ ਕਣਕਾਂ ਦੇ ਪਿਓ ਅਨਪੜ੍ਹ
ਓ ਹਿੰਦੁਸਤਾਨ !

ਮੈਂ ਕਾਲੀਦਾਸ ਨੂੰ ਆਖਾਂ
ਅੱਜ ਮੇਘਦੂਤ ਨੂੰ ਠੱਪ ਲੈ
ਦੱਸ ਭੁੱਖ ਨੇੜੇ ਕਿ ਬਿਰਹੋਂ ?
ਓ ਹਿੰਦੁਸਤਾਨ

ਮੈਨੂੰ ਮਹਾਂਨਦੀ ਨੇ ਦੱਸਿਆ
ਪੂਰੇ ਛੀ ਵੀਹਾਂ ਬੰਦੇ
ਅੱਜ ਮਿੱਟੀ ਫੱਕ-ਫੱਕ ਮੋਏ !
ਓ ਹਿੰਦੁਸਤਾਨ !

ਨਾਚ ਅਜੰਤਾ-ਜੁਗ ਦੇ
ਕਿਉਂ ਨੱਚਦਾ ਏਂ ਉਦੇ ਸ਼ੰਕਰ ?
ਅੱਜ ਭੁੱਖਾ ਏ ਬੰਗਾਲ !
ਓ ਹਿੰਦੁਸਤਾਨ !

ਮੇਰੀ ਅੱਵ ਆਸਾਮ 'ਚ ਪਹੁੰਚੀ
ਮੈਂ ਵੇਖੇ ਲੱਖਾਂ ਪਿੰਜਰ
ਅੱਜ 'ਬਿ ਹੂ' ਨਾਚ ਵੀ ਮੇਲ੍ਹਿਆਂ !
ਓ ਹਿੰਦੁਸਤਾਨ !

ਸਦੀਆਂ ਦੀ ਬੁੱਢੀ ਠੇਰੀ
ਬੇਸ਼ਰਮ ਵੰਝਲੀ ਵਜ-ਵਜ
ਤੇਰੇ ਬੁੱਲ੍ਹਾਂ 'ਤੇ ਮੋਈ !
ਓ ਹਿੰਦੁਸਤਾਨ !
ਤੇਰਾ ਢਿੱਡ ਕਬਰ ਸਦੀਆਂ ਦੀ
ਓ ਹਿੰਦੁਸਤਾਨ !

ਸਟੇਜ ਤੇ ਖੜੋਤਾ ਉਹ ਕੋਈ ਅੱਲੋਕਾਰ ਬੰਦਾ ਦਿਸ ਰਿਹਾ ਸੀ, ਜਿਸ ਦੀ ਸ਼ਖਸੀਅਤ ਕਿਸੇ ਚਿੰਤਕ, ਸੰਨਿਆਸੀ ਤੇ ਕਵੀ ਦਾ ਰਲਵਾਂ ਪ੍ਰਭਾਵ ਪਾ ਰਹੀ ਸੀ। ਉਹ ਆਪਣੀ ਕਵਿਤਾ ਵਿਚ ਹਿੰਦੁਸਤਾਨ ਦੇ ਵੱਖ-ਵੱਖ ਇਲਾਕਿਆਂ ਦਾ ਜ਼ਿਕਰ ਇੰਜ ਸਹਿਜ-ਸੁਭਾਵਕ ਢੰਗ ਨਾਲ ਕਰ ਰਿਹਾ ਸੀ ਕਿ ਸੁਣਨ ਵਾਲੇ ਆਪਣੇ ਆਪ ਨੂੰ ਉਹਨਾਂ ਇਲਾਕਿਆਂ ਵਿਚ ਸਾਹ ਲੈਂਦੇ ਮਹਿਸੂਸ ਕਰ ਰਹੇ ਸਨ। ਇਹ ਕਾਮਯਾਬ ਬਿਆਨ ਸਤਿਆਰਥੀ ਦੀ ਵਰ੍ਹਿਆਂ ਦੀ ਸਾਧਨਾ ਤੇ ਸਾਰਾ ਮੁਲਕ ਗਾਹੁਣ ਦਾ ਨਤੀਜਾ ਸੀ। ਮੈਨੂੰ ਲੱਗਾ ਕਿ ਹਿੰਦੁਸਤਾਨ ਦਾ ਕੋਈ ਕਵੀ ਚਾਹੇ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ, ਉਹ ਆਪਣੇ ਦੇਸ਼ ਦੀ ਆਤਮਾ ਨੂੰ ਰੂਪਮਾਨ ਕਰਨ ਵਿਚ ਸਤਿਆਰਥੀ ਦੀ ਬਰਾਬਰੀ ਨਹੀਂ ਕਰ ਸਕਦਾ।

ਪੰਜਾਬੀ ਕਵੀ-ਦਰਬਾਰ ਖਤਮ ਹੋਣ 'ਤੇ ਜਦ ਪੰਦਰਾਂ ਮਿੰਟ ਦਾ ਇੰਟਰਵਲ ਹੋਇਆ, ਤਾਂ ਉਰਦੂ "ਪ੍ਰੀਤ ਲੜੀ' ਦੇ ਸਹਾਇਕ ਸੰਪਾਦਕ ਸ਼ਮਸ਼ੇਰ ਸਿੰਘ 'ਖੰਜਰ' ਨੇ ਮੈਨੂੰ ਦੱਸਿਆ ਕਿ ਉਰਦੂ ਮੁਸ਼ਾਇਰੇ ਦਾ ਪ੍ਰਧਾਨ ਆਇਆ ਨਹੀਂ ਹੈ। ਮੈਂ ਕਿਹਾ, "ਤ੍ਰਕਾਲੀਂ ਮੈਂ ਡਾਕਟਰ ਅਖਤਰ ਹੁਸੈਨ ਰਾਏਪੁਰੀ ਨੂੰ ਏਥੇ ਵੇਖਿਆ ਸੀ। ਉਹਨਾਂ ਤੋਂ ਮੁਸ਼ਾਇਰੇ ਦੀ ਸਦਾਰਤ ਕਰਾ

ਬਾਕੀ ਪੰਨਾ 19 'ਤੇ

ਪੰਨਾ 18 ਦੀ ਬਾਕੀ

ਲਵੋ ।" ਸ਼ਮਸ਼ੇਰ ਸਿੰਘ 'ਖੰਜਰ' ਇਕ ਲੱਤ ਅਤੇ ਸੋਟੀ ਦੇ ਸਹਾਰੇ ਅਖਤਰ ਹੁਸੈਨ ਰਾਏਪੁਰੀ ਨੂੰ ਲੱਭਣ ਚਲੇ ਗਏ। ਤਦੇ ਸਤਿਆਰਥੀ ਨੇ ਮੇਰੇ ਨੇੜੇ ਹੋ ਕੇ ਪੁੱਛਿਆ, "ਤੁਸੀਂ ਸ਼ਮਸ਼ੇਰ ਸਿੰਘ 'ਖੰਜਰ' ਨੂੰ ਕਦ ਤੋਂ ਜਾਣਦੇ ਹੋ ?"

"ਕਰੀਬ ਇਕ ਸਾਲ ਤੋਂ !"

"ਮੈਂ ਛੇਆਂ ਸਾਲਾਂ ਤੋਂ ਜਾਣਦਾ ਹਾਂ ਤੇ ਉਸ ਨੂੰ ਇਕ ਸਵਾਲ ਪੁੱਛਣਾ ਚਾਹੁੰਦਾ ਹਾਂ, ਪਰ ਹੌਂਸਲਾ ਨਹੀਂ ਪੈਂਦਾ ।"

"ਕਿਹੜਾ ਸਵਾਲ ?"

"ਮੈਂ ਪੁੱਛਣਾ ਚਾਹੁੰਦਾ ਹਾਂ ਕਿ ਉਸ ਨੇ ਆਪਣਾ ਤਖੱਲਸ 'ਖੰਜਰ' ਲੱਤ ਟੁੱਟਣ ਤੋਂ ਪਹਿਲਾਂ ਰੱਖਿਆ ਸੀ, ਜਾਂ ਬਾਅਦ ਵਿਚ ?" ਤੇ ਉਹ ਆਪਣੇ ਓਵਰਕੋਟ ਦੀਆਂ ਜੇਬਾਂ ਵਿਚ ਹੱਥ ਪਾ ਕੇ ਜ਼ੋਰ-ਜ਼ੋਰ ਦੀ ਹੱਸਣ ਲਗ ਪਿਆ ।

ਉਸ ਵੇਲੇ ਸਾਹਮਣਿਉਂ ਇਕ ਪੰਜਾਬੀ ਕਵਿਤਰੀ ਆ ਰਹੀ ਵਖਾਈ ਦਿੱਤੀ । ਉਸ 'ਤੇ ਨਜ਼ਰ ਪੈਂਦਿਆਂ ਹੀ ਸਤਿਆਰਥੀ ਹੱਸਣਾ ਛੱਡ ਕੇ ਇਕਦਮ ਗੰਭੀਰ ਹੋ ਗਿਆ ਤੇ ਉਸ ਨੇ ਓਵਰਕੋਟ ਦੀਆਂ ਜੇਬਾਂ 'ਚੋਂ ਹੱਥ ਕੱਢ ਲਏ ।

"ਕਿੱਥੇ ਚੱਲੇ ਹੋ ? ਉਰਦੂ ਮੁਸ਼ਾਇਰਾ ਨਹੀਂ ਸੁਣੋਗੇ ?" ਉਸ ਨੇ ਕਵਿਤਰੀ ਨੂੰ ਕਿਹਾ ।

"ਜ਼ਰੂਰ ਸੁਣਾਂਗੀ । ਬੈਠੀ-ਬੈਠੀ ਕੁਝ ਥੱਕ ਗਈ ਸਾਂ, ਇਸ ਲਈ ਏਧਰ ਆ ਗਈ ।"

"ਹਾਂ-ਹਾਂ, ਜ਼ਰੂਰ ਸੁਣਨਾਂ । ਅੱਜ ਮੈਂ ਆਪਣੀ ਇਕ ਉਰਦੂ ਨਜ਼ਮ ਸੁਣਾਵਾਂਗਾ । ਸਾਹਿਰ, ਤੁਸੀਂ ਇਹਨਾਂ ਦੀ ਨਜ਼ਮ ਸੁਣੀ ਸੀ ?"

"ਜੀ ਹਾਂ, ਬਹੁਤ ਖ਼ੂਬਸੂਰਤ ਨਜ਼ਮ ਸੀ," ਮੈਂ ਕਿਹਾ ।

"ਤੇ ਉਸ ਵਿਚ ਰਵਾਨੀ ਤੇ ਸ਼ਿੱਦਤ ਤੇ ਗਹਿਰਾਈ ਕਿੰਨੀ ਜ਼ਿਆਦਾ ਸੀ । ਵਾਹ-ਵਾ, ਮੈਂ ਤਾਂ ਸੋਚਦਾ ਹਾਂ ਕਿ ਮੈਨੂੰ ਸ਼ਾਇਰੀ ਕਰਨੀ ਛੱਡ ਦੇਣੀ ਚਾਹੀਦੀ ਏ ।"

"ਇਹ ਤੁਸੀਂ ਕੀ ਕਹਿ ਰਹੇ ਹੋ ?" ਕਵਿਤਰੀ ਨੇ ਕਿਹਾ । "ਤੁਸੀਂ ਤਾਂ ਏਨਾ ਚੰਗਾ ਲਿਖਦੇ ਹੋ !"

"ਜੀ ਹਾਂ, ਜੀ ਹਾਂ", ਸਤਿਆਰਥੀ ਨੇ ਕਿਹਾ । "ਪਰ ਉਹ ਗੱਲ ਪੈਦਾ ਨਹੀਂ ਹੁੰਦੀ ।"

ਏਨੇ ਵਿਚ ਸ਼ਮਸ਼ੇਰ ਸਿੰਘ 'ਖੰਜਰ' ਵਾਪਸ ਆ ਗਿਆ । ਉਸ ਨੇ ਦੱਸਿਆ ਕਿ ਅਖਤਰ ਹੁਸੈਨ ਰਾਏਪੁਰੀ ਵਾਪਸ ਚਲੇ ਗਏ ਨੇ, ਤੇ ਸ਼ਾਇਰਾਂ ਦੀਆਂ ਤਿੰਨ ਟੋਲੀਆਂ ਤਿੰਨ ਵੱਖ-ਵੱਖ ਸ਼ਾਇਰਾਂ ਦੇ ਨਾਂ ਸਦਾਰਤ ਕਰਨ ਲਈ ਤਜਵੀਜ਼ ਕਰ ਰਹੀਆਂ ਹਨ ।

"ਤਾਂ ਫੇਰ ਤੁਸੀਂ ਕੀ ਫੈਸਲਾ ਕੀਤਾ ?" ਮੈਂ ਪੁੱਛਿਆ ।

"ਮੈਂ ਕਿਸੇ ਫੈਸਲੇ 'ਤੇ ਨਹੀਂ ਪਹੁੰਚ ਸਕਿਆ ।"

ਕਵਿਤਰੀ ਮੁਸਕਰਾਈ ਤੇ ਉਸ ਨੇ ਕਿਹਾ, "ਤੁਹਾਡੇ ਸ਼ਾਇਰਾਂ ਵਿਚ ਸਦਰ ਬਣਾਉਣ ਲਈ ਵੀ ਝਗੜੇ ਹੁੰਦੇ ਨੇ ?"

"ਕੁਝ ਇਹੋ ਜਹੀ ਹੀ ਗੱਲ ਏ !" ਮੈਂ ਕਿਹਾ ।

"ਕਿਉਂ ?" ਉਸ ਨੇ ਪੁੱਛਿਆ ।

ਉਸ ਦੀ ਇਸ ਸਾਦਗੀ 'ਤੇ ਮੈਨੂੰ ਪਿਆਰ ਆ ਗਿਆ । ਮੈਂ ਕਿਹਾ, "ਹਾਲੀਂ ਸ਼ਾਇਰਾਂ ਦੇ ਸਾਹਮਣੇ ਜ਼ਿਆਦਾ ਅਹਿਮ ਮਕਸਦ ਨਹੀਂ ਹਨ । ਜਦ ਹੋ ਜਾਣਗੇ, ਤਾਂ ਉਹ ਏਨੀਆਂ ਨਿਗੂਣੀਆਂ ਗੱਲਾਂ ਬਾਰੇ ਝਗੜਨਾ ਬੰਦ ਕਰ ਦੇਣਗੇ ।"

ਕਵਿਤਰੀ ਚੁੱਪ ਰਹੀ ।

ਮੈਂ ਪੁੱਛਿਆ, "ਕੀ ਤੁਸੀਂ ਸਾਡੀ ਕੋਈ ਮੱਦਦ ਨਹੀਂ ਕਰ ਸਕਦੇ ?"

"ਮੈਂ ? .... ਮੈਂ ਕੀ ਮੱਦਦ ਕਰ ਸਕਦੀ ਹਾਂ ?"

"ਤੁਸੀਂ ਸਾਡੇ ਮੁਸ਼ਾਇਰੇ ਦੀ ਸਦਾਰਤ ਕਰਨਾ ਕਬੂਲ ਕਰ ਲਓ ।"

"ਪਰ ਮੈਂ ਤਾਂ ਪੰਜਾਬੀ ਵਿਚ ਲਿਖਦੀ ਹਾਂ ।"

"ਇਹ ਤਾਂ ਸਗੋਂ ਚੰਗੀ ਗੱਲ ਏ !" ਮੈਂ ਕਿਹਾ । "ਵਰਨਾ ਜ਼ਾਹਿਰ ਹੈ ਕਿ ਇਕ ਮੁਸ਼ਾਇਰੇ ਦੇ ਤਿੰਨ ਸਦਰ ਨਹੀਂ ਬਣਾਏ ਜਾ ਸਕਦੇ । ਦੋ ਗਿਰੋਹ ਹਰ ਹਾਲਤ ਵਿਚ ਨਾਰਾਜ਼ ਹੋ ਜਾਣਗੇ ।"

"ਪਰ ਇਹ ਵੀ ਤਾਂ ਹੋ ਸਕਦਾ ਏ ਕਿ ਮੇਰੇ ਸਦਰ ਬਣਨ 'ਤੇ ਤਿੰਨੋਂ ਨਾਰਾਜ਼ ਹੋ ਜਾਣ ।"

"ਨਹੀਂ, ਤੁਸੀਂ ਔਰਤ ਹੋ, ਇਸ ਲਈ ਇੰਜ ਨਹੀਂ ਹੋਵੇਗਾ ।" ਸ਼ਮਸ਼ੇਰ ਸਿੰਘ 'ਖੰਜਰ' ਨੇ ਕਿਹਾ ।

ਕਵਿਤਰੀ ਕੁਝ ਸ਼ਰਮਾ ਗਈ । ਉਹ ਕੁਝ ਕਹਿਣਾ ਚਾਹੁੰਦੀ ਸੀ, ਪਰ ਕਹਿ ਨਾ ਸਕੀ । ਤਦੇ ਮੈਂ 'ਖੰਜਰ' ਨੂੰ ਕਿਹਾ, "ਤੁਸੀਂ ਜਾ ਕੇ ਸਟੇਜ, ਸੈਕਟਰੀ ਨੂੰ ਇਹਨਾਂ ਦਾ ਨਾਂ ਸਦਾਰਤ ਲਈ ਦੇ ਦਓ ।"

'ਖੰਜਰ' ਚਲਾ ਗਿਆ ।

ਇਕ ਮਿੰਟ ਪਿਛੋਂ ਕਵਿਤਰੀ ਵੀ ਚਲੀ ਗਈ ।

"ਓ ਹਰਾਮਜ਼ਾਦੇ !" ਸਤਿਆਰੀ ਚੀਕਿਆ । ਤੇ ਫੇਰ, ਉਹ ਵੀ ਚਲਾ ਗਿਆ ।

•

**ਸਤਿਆਰਥੀ** ਦਾ ਇਕ ਲੇਖ ਮੈਨੂੰ ਯਾਦ ਆਇਆ, ਜਿਸ ਵਿਚ ਉਸ ਨੇ ਲਿਖਿਆ ਸੀ:

"ਵੈਰੀ ਨਾਗ ਦੇ ਨੀਲੇ ਪਾਣੀ ਵਿਚ ਥਕੇਵੇਂ ਨਾਲ ਚੂਰ ਹੋਏ ਪੈਰ ਡੁਬੋਈ ਮੈਂ ਸੋਚ ਰਿਹਾ ਸਾਂ ਕਿ ਆਪਣੀ ਉਮਰ ਦਾ ਬੇਹਤਰੀਨ ਹਿੱਸਾ ਮੈਂ ਖ਼ਾਨਾਬਦੋਸ਼ੀ ਵਿਚ ਅਜਾਈਂ ਗਵਾ ਦਿੱਤਾ । ਅਜਾਈਂ ਮੈਂ ਲੋਕ-ਗੀਤਾਂ ਦੀ ਭਾਲ ਵਿਚ ਭਟਕਦਾ ਰਿਹਾ । ਅਜਾਈਂ ਘਾਟ-ਘਾਟ ਦਾ ਪਾਣੀ ਪੀਣ ਨੂੰ ਆਦਰਸ਼ ਬਣਾਈ ਜ਼ਿੰਦਗੀ ਬਰਬਾਦ ਕਰਦਾ ਰਿਹਾ । ..."

ਸਟੇਜ 'ਤੇ ਖੜੋਤਾ ਉਹ ਅੱਲੋਕਾਰ ਬੰਦਾ ਜਾਪ ਰਿਹਾ ਸੀ, ਪਰ ਸਟੇਜਜ ਤੋਂ ਉਤਰਦਿਆਂ ਹੀ ਇਕ ਆਮ ਜਿਹਾ ਬੰਦਾ ਬਣ ਗਿਆ, ਤੇ ਉਸ ਦੇ ਦਿਲ ਵਿਚ ਸ਼ਖਸੀ ਨਾਕਾਮਯਾਬੀਆਂ ਦੀ ਪੀੜ ਜਾਗ ਪਈ — ਉਮਰ ਦੇ ਬੇਹਤਰੀਨ ਹਿੱਸੇ ਦੇ ਤਬਾਹ ਹੋ ਜਾਣ ਦੀ ਪੀੜ ।

•

**ਮੁਸ਼ਾਇਰੇ** ਦੇ ਅਗਲੇ ਦਿਨ ਪ੍ਰੀਤ ਨਗਰ ਦੇ ਕੁਝ ਬੰਦਿਆਂ ਵਲੋਂ ਉਰਦੂ ਤੇ ਪੰਜਾਬੀ ਲੇਖਕਾਂ ਨੂੰ ਇਕ ਸਾਂਝੀ ਪਾਰਟੀ ਦਿੱਤੀ ਗਈ । ਕਵਿਤਰੀ ਤੇ ਸਤਿਆਰਥੀ ਨਾਲ ਨਾਲ ਬੈਠੇ ਸਨ । ਚਾਹ ਦੇ ਨਾਲ ਸ਼ਾਇਰੀ ਦਾ ਦੌਰ ਵੀ ਚਲ ਰਿਹਾ ਸੀ । ਹਰ ਸ਼ਾਇਰ ਨੇ ਇਕ-ਇਕ ਨਜ਼ਮ ਸੁਣਾਈ । ਜਦ ਸਤਿਆਰਥੀ ਦੀ ਵਾਰੀ ਆਈ, ਤਾਂ ਉਹ ਚੁੱਪ ਬੈਠਾ ਰਿਹਾ ।

ਕਵਿਤਰੀ ਨੇ ਕਿਹਾ, "ਤੁਸੀਂ ਵੀ ਕੁਝ ਸੁਣਾਓ ਨਾ ।" "ਛੱਡੋ ਜੀ", ਸਤਿਆਰਥੀ ਨੇ ਕਿਹਾ । "ਮੇਰੀ ਕਵਿਤਾ ਵਿਚ ਕੀ ਪਿਆ ਏ ।" ਤੇ ਉਸ ਨੇ ਚਾਹ ਦੀ ਪਿਆਲੀ ਮੂੰਹ ਨੂੰ ਲਾ ਲਈ ।

ਤਦੇ ਇਕ ਨੁਕਰੋਂ ਆਵਾਜ਼ ਆਈ, "ਹਾਦਸਾ ... ਹਾਦਸਾ !"

ਸਤਿਆਰਥੀ ਹੱਸਣੋਂ ਨਾ ਰਿਹਾ । ਤੇ ਓਸੇ ਛਿਣ ਸਾਰੀ ਚਾਹ ਉਸ ਦੀ ਦਾੜ੍ਹੀ ਤੇ ਕੋਟ 'ਤੇ ਡੁੱਲ੍ਹ ਗਈ । ਉਹ ਆਪਣੇ ਮੈਲੇ, ਖਾਕੀ ਰੁਮਾਲ ਨਾਲ ਜਿਵੇਂ ਚਿਹਰਾ ਲੁਕੋਈ ਕੁਰਸੀ ਤੋਂ ਉਠਿਆ ਤੇ ਨਲਕੇ 'ਤੇ ਜਾ ਕੇ ਮੂੰਹ ਧੋਣ ਲਗ ਪਿਆ । ਜਦ ਉਹ ਪਰਤ ਕੇ ਆਇਆ, ਤਾਂ ਉਸ ਦਾ ਚਿਹਰਾ ਬਹੁਤ ਉਦਾਸ ਸੀ । ਤੇ ਕਵਿਤਰੀ ਦੇ ਨਾਲ ਦੀ ਕੁਰਸੀ 'ਤੇ ਬੈਠਣ ਦੀ ਥਾਂ ਉਹ ਇਕ ਨੁਕਰੇ ਪਈ ਕੁਰਸੀ 'ਤੇ ਨਿੰਮੋਝੂਣਾ ਜਿਹਾ ਬੈਠ ਗਿਆ । ਹੁਣ ਉਸ ਨੇ ਕੋਈ ਗੱਲ ਨਾ ਕੀਤੀ ।

•

**ਪਾਰਟੀ** ਖਤਮ ਹੋਣ ਮਗਰੋਂ ਮੈਂ ਸਤਿਆਰਥੀ ਨੂੰ ਉਸ ਦੀ ਚੁੱਪ ਦਾ ਕਾਰਣ ਪੁੱਛਿਆ, ਤਾਂ ਉਸ ਨੇ ਬੜੇ ਦੁਖੇ ਹੋਏ ਦਿਲ ਨਾਲ ਕਿਹਾ, "ਮੈਂ ਸੱਭਿਅ ਲੋਕਾਂ ਦੀ ਸੁਸਾਇਟੀ ਵਿਚ ਬਹੁਤ ਘੱਟ ਵਿਚਰਿਆ ਹਾਂ । ਮੈਂ ਆਪਣੀ ਉਮਰ ਕਿਸਾਨਾਂ ਤੇ ਖ਼ਾਨਾਬਦੋਸ਼ਾਂ ਵਿਚ ਬਿਤਾਈ ਏ । ਤੇ ਹੁਣ, ਜਦ ਮੈਨੂੰ ਮਾਡਰਨ ਕਿਸਮ ਦੀਆਂ ਮਹਿਫਲਾਂ ਵਿਚ ਬੈਠਣਾ ਪੈਂਦਾ ਏ, ਤਾਂ ਮੈਂ ਘਬਰਾ ਜਾਂਦਾ ਹਾਂ । ਮੈਂ ਵੱਧ ਤੋਂ ਵੱਧ ਏਹਤਿਆਤ ਵਰਤਣ ਦੀ ਕੋਸ਼ਿਸ਼ ਕਰਦਾ ਹਾਂ ਫੇਰ ਵੀ ਮੇਰੇ ਕੋਲੋਂ ਕੋਈ ਨਾ ਕੋਈ ਅਜਿਹੀ ਹਰਕਤ ਹੋ ਜਾਂਦੀ ਏ, ਜੋ ਸਮਾਜ ਦੀ ਨਜ਼ਰ ਵਿਚ ਆਮ ਤੌਰ 'ਤੇ ਚੰਗੀ ਨਹੀਂ ਸਮਝੀ ਜਾਂਦੀ ।"

ਸਤਿਆਰਥੀ ਦੀ ਇਸ ਗੱਲ 'ਤੇ ਮੈਨੂੰ ਬੜਾ ਦੁੱਖ ਹੋਇਆ । ਉਸ ਨੇ ਸਚਮੁੱਚ ਬਹੁਤ ਵੱਡੀ ਕੁਰਬਾਨੀ ਦਿੱਤੀ ਸੀ । ਲੋਕ-ਗੀਤ ਜਮ੍ਹਾਂ ਕਰਨ ਲਈ ਉਹ ਹਿੰਦੁਸਤਾਨ ਦੀ ਹਰ ਨੁੱਕਰ ਵਿਚ ਗਿਆ ਸੀ, ਉਸ ਨੇ ਅਨਗਿਣਤ ਲੋਕਾਂ ਸਾਹਮਣੇ ਹਥ ਫੈਲਾਇਆ ਸੀ, ਦਰਜਨਾਂ ਬੋਲੀਆਂ ਸਿੱਖੀਆਂ ਸਨ ਤੇ ਕਿਸਾਨਾਂ ਨਾਲ ਕਿਸਾਨ ਤੇ ਖ਼ਾਨਾਬਦੋਸ਼ਾਂ ਨਾਲ ਖ਼ਾਨਾਬਦੋਸ਼ ਬਣ ਕੇ ਆਪਣੀ ਜਵਾਨੀ ਦੀਆਂ ਉਮੰਗਾਂ-ਭਰੀਆਂ ਰਾਤਾਂ ਦਾ ਗਲ ਘੁੱਟ ਸੁੱਟਿਆ ਸੀ । ਪਰ ਉਸ ਦੀ ਸਾਰੀ ਕੋਸ਼ਿਸ਼, ਸਾਰੀ ਮਿਹਨਤ, ਤੇ ਸਾਰੀ ਕੁਰਬਾਨੀ ਦੇ ਬਦਲੇ ਉਹਨੂੰ ਕੀ ਮਿਲਿਆ ? — ਭੁੱਖਾਂ ਨਾਲ ਭਰੀ ਜ਼ਿੰਦਗੀ ਤੇ ਇਕ ਅਤ੍ਰਿਪਤ ਮਨ ।

•

**ਪ੍ਰੀਤ ਨਗਰ** ਤੋਂ ਵਾਪਸ ਆ ਕੇ ਮੈਂ 'ਅਦਬੇ ਲਤੀਫ਼' ਦੇ ਸੰਪਾਦਕੀ ਵਿਭਾਗ ਵਿਚ ਨੌਕਰੀ ਕਰ ਲਈ । ਸਤਿਆਰਥੀ ਆਪਣਾ ਵਧੇਰੇ ਸਮਾਂ ਮੇਰੇ ਨਾਲ ਬਿਤਾਉਣ ਲਗ ਪਿਆ । ਉਹ ਰੋਜ਼ ਸਵੇਰੇ ਆ ਕੇ ਮੈਨੂੰ ਬਿਸਤਰੇ ਤੋਂ ਉਠਾ ਦਿੰਦਾ ਤੇ ਕਾਫੀ ਰਾਤ ਬੀਤਣ ਤੱਕ ਮੇਰੇ ਨਾਲ ਘੁੰਮਦਾ ਰਹਿੰਦਾ ਕਦੇ ਉਸ ਦੀ ਤਬੀਅਤ ਹੁਲਾਰੇ 'ਤੇ ਹੁੰਦੀ, ਤਾਂ ਉਹ ਮੈਨੂੰ ਪੰਜਾਬ ਦੇ ਲੋਕ-ਗੀਤ ਸੁਣਾਉਣ ਲਗਦਾ :

ਕਿਹੜੇ ਪਿੰਡ ਮੁਕਲਾਵੇ ਜਾਣਾ
ਨੀ ਟਾਹਲੀ ਦੇ ਸੰਦੂਕ ਵਾਲੀਏ ?

ਅੱਗ ਬਾਲ ਕੇ ਧੂੰਏਂ ਦੇ ਪੱਜ ਰੋਵਾਂ
ਭੈੜੇ ਦੁੱਖ ਯਾਰੀਆਂ ਦੇ । ....

ਗੀਤ ਸੁਣਾਉਂਦਾ ਹੋਇਆ ਉਹ ਚੁੱਪ ਹੋ ਜਾਂਦਾ ਤੇ ਕਹਿੰਦਾ, "ਮੇਰੀ ਮਾਇਕ ਹਾਲਤ ਭਾਵੇਂ ਕਿੰਨੀ ਵੀ ਬੁਰੀ ਕਿਉਂ ਨਾ ਹੋਵੇ, ਮੈਂ ਮਹਾਨ ਹਾਂ !"

"ਇਸ ਵਿਚ ਕੀ ਸ਼ੱਕ ਏ !" ਮੈਂ ਕਹਿੰਦਾ ।

ਉਹ ਮੇਰੇ ਮੋਢੇ 'ਤੇ ਧੱਫਾ ਮਾਰ ਕੇ ਹੱਸਣ ਲਗ ਪੈਂਦਾ । "ਤੁਸੀਂ ਵੀ ਮਹਾਨ ਹੋ !" ਉਹ ਫੇਰ ਠਹਾਕਾ ਮਾਰਦਾ । "ਅਸੀਂ ਦੋਵੇਂ ਹੀ ਮਹਾਨ ਹਾਂ !"




## ਬੇਸਮਿੰਟ ਕਿਰਾਏ ਲਈ ਖਾਲੀ

30 ਐਵੇਨਿਊ ਅਤੇ ਪ੍ਰਿੰਸ ਐਡਵਰਡ ਦੇ ਲਾਗੇ ਨਵੇਂ ਘਰ ਦੀ ਗਰਾਊਂਡ ਲੈਵਲ ਤੇ ਦੋ ਬੈਡਰੂਮ ਦੀ ਸਾਫ ਸੁਥਰੀ ਬੇਸਮੈਂਟ ਜਿਸ ਵਿਚ ਵਾਲ ਟੂ ਵਾਲ ਕਾਰਪਿਟ, ਫਰਿਜ਼, ਸਟੋਵ, ਫਾਇਰ ਪਲੇਸ, ਡਰੇਪਸ ਤੇ ਹੌਟ ਵਾਟਰ ਹੀਟਿੰਗ ਹੈ । ਸਕੂਲ, ਬੱਸ ਸਟਾਪ ਦੇ ਨਜ਼ਦੀਕ ਹੈ । ਕਿਰਾਇਆ $475 [Plus Utilities] No Pets, no smoking allowed ਹੋਰ ਜਾਣਕਾਰੀ ਲਈ ਫੋਨ ਕਰੋ :— 874-3216

## GLOBAL IMMIGRATION SERVICES



WE ARE PROVIDING ALL IMMIGRATION SERVICES

### ਇਮੀਗਰੇਸ਼ਨ ਸਬੰਧੀ ਹਰ ਮਸਲੇ ਲਈ ਤੁਹਾਡੀ ਸੇਵਾ ਕਰ ਸਕਦੇ ਹਾਂ

ਹੇਠ ਲਿਖੀਆਂ ਲੋੜਾਂ ਲਈ ਪਹਿਲੀ ਵਾਰ ਮੁਫ਼ਤ ਸਲਾਹ ਲਈ ਮਿਲੋ

- ਬਿਜ਼ਨੈਸ ਤੌਰ ਤੇ ਕੈਨੇਡਾ ਜਾਂ ਅਮਰੀਕਾ ਵਿਚ ਇਮੀਗਰੇਸ਼ਨ ਲੈਣ ਲਈ
- ਬਿਜ਼ਨੈੱਸ ਦੇ ਅਧਾਰ 'ਤੇ ਸਾਰੇ ਪ੍ਰੀਵਾਰ ਦੀ ਇਮੀਗਰੇਸ਼ਨ ਜਾਂ ਨੌਕਰੀ ਲਈ ਮੰਗਵਾਉਣਾ ਹੋਵੇ ।
- ਤੁਹਾਡੇ ਕਿਸੇ ਰਿਸ਼ਤੇਦਾਰ ਨੂੰ ਕਿਸੇ ਮੁਲਕ ਵਿਚੋਂ ਵੀ ਮੰਗਵਾਉਣਾ ਹੋਵੇ
- ਰੀਫਿਊਜੀ ਸਟੇਟਸ ਵਾਸਤੇ ਕਿਸੇ ਦੀ ਦਰਖਾਸਤ ਜਾਂ ... ਅਪੀਲ ਕਰਨੀ ਹੋਵੇ ।
- ਫਾਰਮ ਇਨਵੈਸਟਮੈਂਟ ਕਰਨ ਵਾਲਿਆਂ ਲਈ ਇਮੀਗਰੇਸ਼ਨ ਦੀ ਵਿਸ਼ੇਸ਼ ਸਲਾਹ

ਇਸ ਤੋਂ ਇਲਾਵਾ ਹੋਰ ਵੀ ਕੋਈ ਇਮੀਗਰੇਸ਼ਨ ਸਬੰਧੀ ਮਾਮਲਿਆਂ ਲਈ ਮਦਦ ਕਰ ਸਕਦੇ ਹਾਂ

- Business Immigration (Investors, Enterpreneurs, self employed)
- Family Business Immigration (Job offers to relatives)
- Family & Assisted relatives
- Application for refugee status
- For adoption.
- Foreign domestic workers.
- Special Consideration in farming .

Any other matter regarding Immigration.

For Further Consultation Contact

KARNAIL SINGH NAGRA

11420 GRANVILLE AVE. RICHMOND. B.C.

PH. (604) 270-2100

## ਸੱਪ /ਸੁਖਿੰਦਰ

ਸਾਡੀਆਂ ਹੀ ਆਸਤੀਨਾਂ ਵਿੱਚ
ਪਲ ਰਹੇ ਸਨ ਸੱਪ
ਅਤੇ ਅਸੀਂ, ਬੇਖ਼ਬਰ ਸਾਂ —

ਦੇਹਧਾਰੀ ਸੱਪ
ਆਪਣੇ ਫਣ ਫੈਲਾਈ
ਸ਼ਹਿਰ ਦੀਆਂ ਸੜਕਾਂ ਉੱਤੇ
ਗਸ਼ਤ ਲਗਾਂਦੇ
ਤਾਂ ਅਚੇਤ ਹੀ, ਅਸੀਂ
ਨਾਗ ਦੇਵਤਾ ਦੇ ਪੁਜਾਰੀ ਬਣ
ਦੁੱਧ ਦੀਆਂ ਕਟੋਰੀਆਂ ਭਰ, ਭਰ
ਉਨ੍ਹਾਂ ਦਿਆਂ ਰਾਹਾਂ ਵਿੱਚ ਰੱਖਦੇ

ਸੱਪਾਂ ਨੂੰ, ਆਪਣੀ ਜ਼ਹਿਰੀਲੀ ਹਵਾੜ ਸੰਗ
ਹਵਾ ਵਿੱਚ ਰੰਗੀਨ ਬੱਦਲ ਬਣਾਉਂਦਿਆਂ ਦੇਖ
ਅਸੀਂ ਉਨ੍ਹਾਂ ਦੀਆਂ ਕਲੋਲਾਂ ਸੰਗ ਰੀਝਣ ਲੱਗਦੇ
ਹੋਠਾਂ ਉੱਤੇ ਇਕ ਗ਼ੈਬੀ ਮੁਸਕਰਾਹਟ ਲਿਆ
ਇੱਕ ਵਿਸਮਾਦ ਦੀ ਅਵਸਥਾ ਵਿੱਚ ਪਹੁੰਚ
ਉਸ ਪਲ ਸਾਨੂੰ ਜਾਪਦਾ, ਜਿਵੇਂ ਹਜ਼ਾਰਾਂ ਸੱਪ
ਸਾਡੇ ਜ਼ਿਹਨ ਵਿੱਚ ਕੁਰਬਲ, ਕੁਰਬਲ ਕਰ ਰਹੇ ਹੋਣ
ਅਤੇ ਅਸੀਂ —
ਮਨ ਹੀ ਮਨ ਵਿੱਚ,
ਉਨ੍ਹਾਂ ਖ਼ੂਬਸੂਰਤ ਦਿਨਾਂ ਬਾਰੇ ਚਿਤਵਣ ਲੱਗਦੇ
ਜਦੋਂ ਸਾਰੀ ਧਰਤੀ ਉੱਤੇ
ਸੱਪਾਂ ਦਾ ਰਾਜ ਹੋਵੇਗਾ
ਹਵਾ 'ਚ ਫੈਲੀ ਇਸ ਮਿੱਠੀ ਜ਼ਹਿਰ ਦੀ
ਸੁਗੰਧ ਸੰਗ ਮਦਹੋਸ਼ ਹੋਏ
ਅਸੀਂ ਆਪਣੇ ਮਨਾਂ ਵਿੱਚ
ਮਨੁੱਖੀ ਦਇਆ ਜਗਾ
ਸੱਪਾਂ ਅਤੇ ਇਨ੍ਹਾਂ ਦੇ ਪਾਲਣਹਾਰਿਆਂ ਦੀਆਂ
ਲੰਬੀਆਂ ਉਮਰਾਂ ਲਈ ਦੁਆਵਾਂ ਕਰਨ ਲੱਗਦੇ
ਆਪਣੇ ਪਿਤਾ- ਪੁਰਖਾਂ ਤੋਂ ਸੁਣੀਆਂ
ਸੱਪਾਂ ਦੀ ਬਹਾਦਰੀ ਦੀਆਂ ਲੋਕ- ਕਥਾਵਾਂ
ਸਾਡੇ ਅੰਤਰੀਵ ਮਨਾਂ ਵਿੱਚ
ਸੱਪਾਂ ਲਈ ਮੋਹ ਜਗਾਂਦੀਆਂ

ਇਜ ਕਰਦਿਆਂ
ਅਸੀਂ, ਅਕਸਰ, ਭੁੱਲ ਜਾਂਦੇ
ਕਿ ਇਹ ਸੱਪ
ਕਦੀ ਸਾਡੇ ਹੀ ਪ੍ਰਾਣਾਂ ਦੇ ਵੀ
ਭੁੱਖੇ ਹੋ ਸਕਦੇ ਹਨ

ਆਪਣੀਆਂ ਜ਼ਿੰਦਗੀਆਂ ਸੱਪਾਂ ਅਤੇ ਸਪੇਰਿਆਂ ਦੇ ਰਹਿਮ ਉੱਤੇ ਛੱਡ
ਅਸੀਂ, ਮਹਿਜ਼, ਇਨ੍ਹਾਂ ਸੁਆਲਾਂ ਉੱਤੇ ਹੀ
ਮੁੜ, ਮੁੜ ਬਹਿਸ ਕਰਨ ਲੱਗਦੇ:
ਕਿ ਕੀ ਸਪੇਰਿਆਂ ਨੂੰ ਸੱਪ ਪਾਲਣ ਦਾ ਹੱਕ ਹੈ ਜਾਂ ਨਹੀਂ
ਜਾਂ ਕੀ ਸਪੇਰੇ ਆਪਸ ਵਿੱਚ ਵੰਡ ਕੇ ਖਾਣ ਜਾਂ
ਇੱਕ ਦੂਜੇ ਨਾਲ ਲੜਦੇ ਰਹਿਣ
ਜਾਂ ਕੀ ਕਦੀ ਹਜ਼ਾਰਾਂ ਕਿਸਮਾਂ ਦੇ ਸੱਪਾਂ ਵਿੱਚ
ਆਪਸੀ ਸਮਝੌਤਾ ਹੋ ਸਕਦਾ ਹੈ ਜਾਂ ਨਹੀਂ
ਜਾਂ ਕੀ ਸੱਪਾਂ ਦੀਆਂ ਸਿਰੀਆਂ ਫੇਹੀਆਂ ਜਾਣੀਆਂ
ਜਾਇਜ਼ ਹਨ ਜਾਂ ਨਾਜਾਇਜ਼

ਜਦ ਅਸੀਂ ਅਜੇ ਸ਼ਬਦਾਂ ਦੀ ਅਜਿਹੀ ਚੋਹਲਬਾਜ਼ੀ ਹੀ ਕਰ ਰਹੇ ਸਾਂ
ਉਸੇ ਪਲ ਸ਼ਹਿਰ ਦੀ ਕਿਸੇ ਦੂਜੀ ਨੁੱਕਰ ਵਿੱਚ
ਕਿਸਾਨਾਂ ਦੇ ਮਿੱਤਰ ਬਣੇ ਸਪੇਰੇ
ਆਪਣੇ ਹੱਥਾਂ ਵਿੱਚ ਫੜੇ
ਮੌਸਮੀ ਤਾਪ ਸੂਚਕ ਯੰਤਰਾਂ ਨੂੰ
ਉਛਾਲਦਿਆਂ ਹੋਇਆਂ ਆਖ ਰਹੇ ਸਨ :
ਭੈਣੋਂ ਅਤੇ ਭਰਾਵੋ

ਸਮੇਂ ਦੀ ਨਜ਼ਾਕਤ ਨੂੰ ਸਮਝੋ
ਮੌਸਮੀ ਵਿਭਾਗ ਦੇ ਮਾਹਿਰ, ਅਸੀਂ
ਇਹ ਦਾਹਵੇ ਨਾਲ ਕਹਿ ਸਕਦੇ ਹਾਂ
ਕਿ ਖੇਤਾਂ ਵਿੱਚੋਂ ਵਧੇਰੇ ਅਨਾਜ ਪੈਦਾ ਕਰਨ ਲਈ
ਸੱਪਾਂ ਦੀਆਂ ਸਿਰੀਆਂ ਫੇਹੀਆਂ ਨ ਜਾਣ
ਬਲਕਿ, ਆਪਣੇ ਪਿਤਰਾਂ ਦੇ ਨਕਸ਼ੇ ਕਦਮਾਂ ਉੱਤੇ ਚੱਲਦਿਆਂ
ਹਰ ਕਿਸਾਨ ਆਪਣੇ ਖੇਤਾਂ ਵਿੱਚ
ਇੱਕ ਐਸਾ ਸਥਾਨ ਬਣਾਵੇ
ਜਿੱਥੇ ਸੱਪ, ਬਿਨਾਂ ਕਿਸੇ ਡਰ ਦੇ
ਰੈਣ ਬਸੇਰਾ ਕਰ ਸਕਣ

ਇਨ੍ਹਾਂ ਫਰੇਬੀ ਮੌਸਮੀ ਮਾਹਿਰਾਂ ਨੇ
ਮਹਿਜ਼, ਆਪਣੀ ਤਮਾਸ਼ਗੀਰੀ ਦੀ ਲਾਲਸਾ ਵੱਸ
ਮੰਦਰਾਂ, ਮਸਜਿਦਾਂ, ਗਿਰਜਿਆਂ ਅਤੇ ਗੁਰਦੁਆਰਿਆਂ ਨੂੰ
ਸੱਪਾਂ ਦੀਆਂ ਟੋਕਰੀਆਂ ਵਿੱਚ ਬਦਲ ਦਿੱਤਾ
ਮੌਸਮੀ ਤਿਉਹਾਰ ਦੇ ਦਿਨੀਂ, ਮੇਲੇ 'ਚ ਜੁੜੀ
ਤਮਾਸ਼ਬੀਨਾਂ ਦੀ ਭੀੜ ਦੀਆਂ
ਆਕਾਸ਼ ਗੁਜਾਊ ਤਾੜੀਆਂ ਦੀ ਉਡੀਕ ਵਿੱਚ
ਸਪੇਰੇ ਧਾਰਮਿਕ ਟੋਟਕਿਆਂ ਦੀਆਂ ਧੁੰਨਾਂ ਛੇੜਦੇ
ਕਿਉਂ ਜੁ, ਉਹ ਜਾਣਦੇ ਸਨ
ਇਹੀ ਅਤੇ ਬਸ ਇਹੀ ਧੁੰਨਾਂ
ਸੱਪਾਂ ਦੇ ਬਦਨ ਵਿੱਚ ਦੌੜ ਰਹੇ
ਨੀਲੇ ਖ਼ੂਨ ਨੂੰ ਹੋਰ ਨੀਲਾ ਬਣਾ ਸਕਦੀਆਂ ਸਨ

ਆਪਣੀਆਂ ਖਰਮਸਤੀਆਂ 'ਚ ਮਸਤ
ਸਪੇਰੇ ਆਪਣੀਆਂ ਬੀਨਾਂ 'ਚੋਂ
ਭਿਅੰਕਰ ਆਵਾਜ਼ਾਂ ਕੱਢਦੇ
ਸੱਪ ਪਾਗਲ ਹੋ, ਹੋ ਉਡਦੇ
ਸਪੇਰੇ, ਸੱਪਾਂ ਦੀਆਂ ਅੱਖਾਂ ਵਿੱਚ
ਹਰ ਉਸ ਆਦਮੀ ਦੀ ਤਸਵੀਰ
ਸੱਪਾਂ ਦਾ ਦੁਸ਼ਮਣ ਬਣਾ ਕੇ ਉਤਾਰਦੇ
ਜੋ ਸਪੇਰਿਆਂ ਦੀ ਚਲਾਕੀ ਨੂੰ ਪਕੜਨਾ ਚਾਹੁੰਦਾ
ਸੱਪ ਅਤੇ ਆਦਮੀ ਦੀ ਦੁਸ਼ਮਣੀ ਨੂੰ ਜਗਾਂਦਿਆਂ ਹੋਇਆਂ
ਮੱਕਾਰ ਸਪੇਰਿਆਂ ਨੇ, ਸੱਪਾਂ ਦੇ ਮਨਾਂ ਵਿੱਚ
ਸੁਚੇਤ ਅਤੇ ਜ਼ਿੰਦਗੀ ਵਿੱਚ
ਖ਼ੂਬਸੂਰਤੀ ਪੈਦਾ ਕਰਨ ਵਾਲੇ, ਉਨ੍ਹਾਂ ਸਭਨਾਂ
ਲੇਖਕਾਂ, ਕਲਾਕਾਰਾਂ, ਚਿੰਤਕਾਂ ਅਤੇ ਪੱਤਰਕਾਰਾਂ ਲਈ .
ਨਫਰਤ ਦੇ ਬੀ ਬੀਜ ਦਿੱਤੇ
ਜੋ ਸੱਪਾਂ ਦੀਆਂ ਹਰਕਤਾਂ ਦੇ ਭੇਦ
ਅਤੇ ਸਪੇਰਿਆਂ ਦੀਆਂ ਅੰਤਰੀਵ ਇਛਾਵਾਂ ਬਾਰੇ
ਲੋਕਾਂ ਨੂੰ ਦੱਸਦੇ

ਤੇ ਫਿਰ
ਸਾਡੇ ਦੇਖਦਿਆਂ ਹੀ ਦੇਖਦਿਆਂ
ਕੁਝ ਐਸੀ ਹਵਾ ਚੱਲਣ ਲੱਗੀ
ਮੌਤ ਦੇ ਪਰਛਾਵੇਂ
ਸਾਡੇ ਘਰਾਂ ਦੀਆਂ ਸਰਦਲਾਂ ਉੱਤੇ ਆਣ ਲੱਥੇ
ਪਿੰਡ, ਸ਼ਹਿਰ, ਖੇਤ, ਘਰ, ਸੜਕਾਂ, ਦਫ਼ਤਰ, ਵਿਦਿਆਲੇ
ਹਰ ਥਾਂ, ਸੱਪ ਹਰਲ, ਹਰਲ ਕਰਨ ਲੱਗੇ

ਡਰ ਅਤੇ ਸਹਿਮ ਦੇ ਮਾਰੇ ਲੋਕ, ਮੱਖੀਆਂ ਬਣ
ਘਰਾਂ ਦੀਆਂ ਕੰਧਾਂ ਨਾਲ ਚਿਪਕ ਗਏ
ਜੋ ਵੀ ਆਦਮੀ ਵਾਂਗ ਬੋਲਦਾ
ਸੱਪ ਉਸਦਾ ਸਾਹ ਖਿਚ ਲੈਂਦੇ
ਸੱਪਾਂ ਨੇ ਦੁੱਧ ਚੁੰਘਦੇ ਬੱਚਿਆਂ ਦੇ ਨਿੱਪਲ ਚੁਰਾ ਲਏ
ਅਤੇ ਚੁੱਲ੍ਹਿਆਂ ਅੱਗੇ ਬੈਠੀਆਂ
ਸਾਡੀਆਂ ਮਾਵਾਂ ਦੇ ਸਿਰਾਂ ਦੇ ਦੁਪੱਟੇ
ਸੱਪਾਂ ਨੂੰ ਜ਼ਿੰਦਗੀ ਦੇ ਹਰ ਉਸ ਰੰਗ ਨਾਲ
ਅੰਤਾਂ ਦੀ ਨਫ਼ਰਤ ਸੀ
ਜੋ ਰੰਗ, ਖ਼ੂਬਸੂਰਤੀ ਦਾ ਸੁਨੇਹਾ ਦਿੰਦਾ ਹੋਵੇ
ਸੱਪ ਆਪਣੀ ਵਿਹੁ ਵਾਲੀ ਥੈਲੀ
ਆਪਣੇ ਗਲੇ ਵਿੱਚੋਂ ਉਤਾਰ
ਹਰ ਉਸ ਰੰਗ ਉੱਤੇ ਡੋਹਲ ਦਿੰਦੇ
ਅਤੇ ਉਸਨੂੰ ਨੀਲਾ ਕਰ ਦਿੰਦੇ

ਕਿਸੀ ਅਦਿਸ ਭੈਅ ਸੰਗ ਕੰਬ ਰਹੇ
ਤੂਫ਼ਾਨੀ ਰਾਤ ਵਿੱਚ ਡੁੱਬ ਰਹੇ ਜਹਾਜ਼ਾਂ ਦੇ
ਉਨ੍ਹਾਂ ਸਭ ਲਾਚਾਰ ਯਾਤਰੀਆਂ ਵਾਂਗ
ਜੋ ਇਹ ਨਹੀਂ ਜਾਣ ਸਕਦੇ
ਕਿ ਜਹਾਜ਼ ਵਿੱਚ ਹੋਏ ਕਿਸ ਸੁਰਾਖ ਰਾਹੀਂ
ਮੌਤ ਨੁਮਾ ਪਾਣੀ ਦਾਖਲ ਹੋ ਰਿਹਾ ਹੈ

ਕੋਈ ਆਖਦਾ:
ਇਹ ਸੱਪ
ਸ਼ਹਿਰ ਵਿੱਚ ਰਹਿੰਦੇ
ਵੱਡੇ ਸਪੇਰੇ ਦੇ ਗੁੰਬਦ 'ਚੋਂ
ਨਿਕਲਦੇ ਹਨ

ਕੋਈ ਆਖਦਾ:
ਬੁੱਢੀ ਫਫੇਕੁੱਟਣੀ
ਇਨ੍ਹਾਂ ਸੱਪਾਂ ਨੂੰ, ਆਪਣੇ ਘਰ ਦੇ
ਤਹਿਖਾਨਿਆਂ ਵਿੱਚ ਪਾਲਦੀ ਸੀ

ਕੋਈ ਆਖਦਾ:
ਸਮੁੰਦਰੋਂ ਪਾਰ
ਇੱਕ ਸੱਪਾਂ ਦਾ ਪਾਲਣਹਾਰਾ
ਰਾਤ ਦੇ ਹਨ੍ਹੇਰੇ ਵਿੱਚ
ਇਨ੍ਹਾਂ ਨੂੰ ਇੱਥੇ ਛੱਡ ਜਾਂਦਾ ਹੈ

ਕੋਈ ਆਖਦਾ:
ਇਹ ਸੱਪ
ਪੁਲਿਸ ਦੇ ਥਾਣਿਆਂ, ਕਚਹਿਰੀਆਂ
ਅਤੇ ਸੰਸਦ ਭਵਨਾਂ 'ਚੋਂ ਨਿਕਲਦੇ ਹਨ

ਕੋਈ ਆਖਦਾ:
ਇਹ ਸੱਪ
ਰੇਡੀਓ, ਟੀ. ਵੀ., ਅਖ਼ਬਾਰਾਂ, ਪੁਸਤਕਾਂ
ਅਤੇ ਵਿਸ਼ਵ ਵਿਦਿਆਲਿਆਂ 'ਚੋਂ ਨਿਕਲਦੇ ਹਨ

ਕੋਈ ਆਖਦਾ:
ਇਹ ਸੱਪ
ਵੱਡੇ ਕਾਰਖਾਨਿਆਂ, ਕੋਲਡ ਸਟੋਰਾਂ
ਅਤੇ ਵੱਡੀਆਂ ਹਵੇਲੀਆਂ ਵਾਲੇ
ਧਨੀ ਕਿਸਾਨਾਂ ਦੇ ਵਿਹੜਾਂ 'ਚੋਂ ਨਿਕਲਦੇ ਹਨ

ਪਰ ਨ ਤਾਂ
ਕਿਸੇ ਨੇ ਰੇਤ ਉੱਤੇ
ਕਦੀ ਸੱਪਾਂ ਦੀ ਤੋਰ ਹੀ ਮਾਪੀ
ਅਤੇ ਨ ਹੀ, ਕਦੀ
ਕਿਸੇ ਸਪੇਰੇ ਦੇ ਪੈਰ ਚਿੰਨ੍ਹ ਹੀ।

## ਗੀਤ

**ਜਸਪਾਲ ਸਿੰਘ ਸੂਸ, ਯੂਬਾ ਸਿਟੀ, ਕੈਲੇਫੋਰਨੀਆ**

ਤੁਰਨ ਲੱਗਾ ਮਿੱਟੀ ਤੇਰੇ ਸ਼ਹਿਰ ਦੀ,
ਮੱਥੇ ਦੇ ਨਾਲ ਸੱਜਣਾਂ ਹਾਂ ਲਾ ਰਿਹਾ।
ਖ਼ਾਲੀ ਹੱਥੀਂ ਆ ਕੇ ਤੇਰੇ ਸ਼ਹਿਰ ਵਿਚ,
ਖ਼ਾਲੀ ਹੱਥੀਂ ਸੱਜਣਾਂ ਹਾਂ ਜਾ ਰਿਹਾ।

ਤੇਰੀ ਵਸਤੀ ਵਿਚ ਦੋ ਪਲ ਵਸ ਕੇ,
ਗਮ ਲਏ ਸੀਨੇ 'ਚ ਉਤੋਂ ਹੱਸ ਕੇ
ਤੁਰ ਪਿਆ ਹਾਂ ਆਪਣੇ ਮੈਂ ਰਸਤੇ
ਜਾਂਦਾ ਜਾਂਦਾ ਗੀਤ ਤੇਰੇ ਗਾ ਰਿਹਾਂ।
ਤੁਰਨ ਲੱਗਾ ਮਿੱਟੀ ..........

ਬਾਹੋਂ ਫੜ ਫੜ ਯਾਦ ਤੇਰੀ ਰੋਕਦੀ,
ਝੋਕਿਆਂ ਹੋਇਆਂ ਨੂੰ ਮੁੜ ਮੁੜ ਝੋਕਦੀ,
ਸੰਭਲ ਨਹੀਂ ਹੁੰਦਾ ਹੈ ਆਪਣੇ ਆਪ ਤੋਂ
ਭਾਵੇਂ ਹਾਂ ਯਾਦਾਂ ਤੇ ਪਰਦਾ ਪਾ ਰਿਹਾਂ।
ਤੁਰਨ ਲੱਗਾ ਮਿੱਟੀ ........

ਦਿਨ ਅਸਾਂ ਨੇ ਚੂਰ ਹੈ ਕਰਵਾ ਲਿਆ
ਰੋਗ ਭੈੜਾ ਹੈ ਉਮਰ ਦਾ ਲਾ ਲਿਆ
ਗ਼ਮਾਂ ਦਾ ਸਾਗਰ ਉਛਾਲੇ ਖਾ ਰਿਹੈ
ਮੈਂ ਵੀ ਅੱਚ ਉਸ ਓਰ ਸੱਜਣਾਂ ਪਾ ਰਿਹਾਂ।
ਤੁਰਨ ਲੱਗਾ ਮਿੱਟੀ ..........

**• ਕ੍ਰਿਕਟ ਲਾੜਾ**

ਕ੍ਰਿਕਟ ਦੇ ਇਕ ਖਿਡਾਰੀ ਨੇ ਆਪਣੀ ਨਵੀਂ ਨਵੇਲੀ ਵਹੁਟੀ ਨੂੰ ਸਮਝਾਂਦੇ ਹੋਏ ਕਿਹਾ—''ਰਜਨੀ! ਅੱਜ ਸਾਡੀ ਜ਼ਿੰਦਗੀ ਦਾ ਨਵਾਂ ਟੈਸਟ ਸ਼ੁਰੂ ਹੋ ਗਿਆ ਹੈ। ਮੇਰੀ ਮਾਂ ਤੇ ਪਿਤਾ ਨੂੰ ਤੈਨੂੰ ਅੰਪਾਇਰ ਦੇ ਰੂਪ 'ਚ ਕਬੂਲ ਕਰਨਾ ਹੋਵੇਗਾ, ਨਹੀਂ ਤਾ ਉਹ ਤੈਨੂੰ ਐਲ. ਪੀ. ਡਬਲੀਉ. ਕਰਾਰ ਦੇ ਕੇ ਮੈਦਾਨ ਤੋਂ ਵਾਪਸ ਭੇਜ ਸਕਦੇ ਹਨ।


**Thinking of Buying or Selling**

New Houses, Lots, Building Contracts

**Specializing :**

**Resale New Housing Lot Sales and Farms**



Don't delay call now :

**Hardeep S. Bhangav**

Medellion Club Award Winner

**ਰਹਾਇਸ਼ੀ ਘਰਾਂ, ਅਤੇ ਕਮਰਸ਼ਲ ਪਰਾਪਰਟੀ ਲਈ ਹਰਦੀਪ ਸਿੰਘ ਭੰਗਾਵ ਨੂੰ ਫੋਨ ਕਰੋ**

**Ph. Off: 594-4141**

**Pager 438-2333 #1596**

BENCH MARK REALTY CORPORATION

**Bench Mark Realty Corp.**

7218 King George Hwy. Surrey, B.C. V3W 5A5

# ਭਖਦਾ ਭਾਰਤ-ਚੀਨ ਸਰਹੱਦ ਵਿਵਾਦ

ਸ਼੍ਰੀ ਕੁਲਦੀਪ ਨਈਅਰ

(ਸ਼੍ਰੀ ਕੁਲਦੀਪ ਨਈਅਰ ਦੀ ਪਿਛੇ ਜਿਹੇ ਕੀਤੀ ਚੀਨ ਯਾਤਰਾ ਦੀ ਵਿਸ਼ੇਸ਼ ਰੀਪੋਰਟ)

ਆਪਣੇ 10 ਦਿਨਾਂ ਦੇ ਚੀਨ ਦੇ ਦੌਰੇ ਸਮੇਂ, ਮੈਂ ਕਈ ਪੱਧਰਾਂ ਉਪਰ ਭਾਰਤ-ਚੀਨ ਸਰਹੱਦ ਵਿਵਾਦ ਸਮੱਸਿਆ ਬਾਰੇ ਵਿਚਾਰ ਕੀਤਾ — ਵਜ਼ਾਰਤੀ, ਫੌਜੀ, ਪਾਰਟੀ ਅਤੇ ਵਿਦਿਅਕ ਰੰਗ ਢੰਗ ਹਰ ਇਕ ਦਾ ਵੱਖਰਾ ਸੀ ਪਰ ਉਚੀ ਅਤੇ ਸਾਫ ਆਵਾਜ਼ ਵਿਚ ਇਕ ਹੀ ਪੈਗਾਮ ਸੀ : ਜੇਕਰ ਭਾਰਤੀ ਫੌਜੀ ਸੁਦੋਰੋਂਗ ਚੂ ਵਾਦੀ ਵਿਚ ਟਿਕੇ ਰਹੇ — ਚੀਨੀ ਇਸ ਨੂੰ ਆਪਣੇ ਇਲਾਕੇ ਵਿਚ ਮੁਦਾਖਲਤ ਖਿਆਲ ਕਰਦੇ ਹਨ ਤਾਂ ਸੰਭਵ ਹੈ ਕਿ ਸਰਹੱਦੀ ਟੱਕਰ ਹੋ ਜਾਵੇ, ਚੀਨ 'ਬਦਲਾ ਲੈਣ ਲਈ ਮਜਬੂਰ' ਹੋ ਜਾਵੇਗਾ ਅਤੇ ਭਾਰਤ 'ਚੀਨ ਦੀ ਭੂਮੀ' ਨੂੰ ਦੰਦ ਮਾਰਦਾ ਹੀ ਚਲਿਆ ਜਾਵੇਗਾ। ਅਜਿਹੇ ਪ੍ਰਗਟਾ ਰਹੀ ਖਿਝ ਦਰਸਾਈ ਜਾ ਰਹੀ ਸੀ ਭਾਵੇਂ ਰੋਸ ਨਹੀਂ।

ਵੱਖਰੇ ਵੱਖਰੇ ਲੋਕਾਂ ਨਾਲ ਮੈਂ 18 ਘੰਟੇ ਗੱਲ ਕੀਤੀ। ਮੈਂ ਇਹ ਪ੍ਰਭਾਵ ਲੈ ਕੇ ਪਰਤਿਆ ਹਾਂ ਕਿ ਚੀਨ ਨੇ ਸਰਹੱਦ ਦੀ ਨੀਤੀ ਵਿਚ ਤਬਦੀਲੀ ਲੈ ਆਂਦੀ ਹੈ, ਜਦੋਂ ਮੈਂ 1981 ਵਿਚ ਬੀਜਿੰਗ ਗਿਆ ਸਾਂ ਤਾਂ ਗੱਲਬਾਤ ਦੇ ਦੌਰਾਨ ਹਰ ਇਕ ਆਹਲਾ ਅਫਸਰ ਅਮਲੀ ਤੌਰ ਤੇ ਚੀਨ ਸੂਰਮੇ ਆਦਮੀ ਡੇਂਗ ਐਕਸਿਆਪਿੰਗ ਦੀ ਬਾਬਤ ਇਸ਼ਾਰਾ ਕਰਦਾ ਕਿ ਉਸਨੇ 1980 ਵਿਚ ਪੈਕੇਜ ਸਮਝੌਤੇ ਨੂੰ ਦੁਹਰਾਇਆ ਸੀ। ਇਸ ਅਨੁਸਾਰ ਚੀਨ ਇਸ ਗੱਲ ਤੇ ਰਾਜ਼ੀ ਹੋ ਗਿਆ ਸੀ ਕਿ ਮੈਕਮੋਹਨ ਲਾਈਨ ਨੂੰ ਪੂਰਵ ਵਿਚ ਸਵੀਕਾਰ ਕਰ ਲਿਆ ਜਾਵੇ। ਜੇਕਰ ਭਾਰਤ ਇਹ ਪਰਵਾਣ ਕਰ ਲਏ ਕਿ ਪੱਛਮ ਵਿਚ ਚੀਨ ਦੇ ਕਬਜ਼ੇ ਵਾਲਾ ਇਲਾਕਾ ਉਸ ਕੋਲ ਹੀ ਰਹੇ

ਇਸ ਵਾਰ ਪੈਕੇਜ ਸਮਝੌਤੇ ਬਾਰੇ ਕੋਈ ਗੱਲਬਾਤ ਨਹੀਂ ਹੋਈ, ਪਿਛਲੇ ਸਾਲ ਦੇ ਛੇਵੇਂ ਦੌਰ ਦੀ ਗੱਲਬਾਤ ਸਮੇਂ ਤੋਂ ਇਹ ਪੇਸ਼ਕਸ਼ ਹਟਾ ਦਿਤੀ ਗਈ, ਜਦੋਂ ਮੈਂ ਇਕ ਵਜ਼ੀਰੀ ਸਰੋਤ ਤੋਂ ਇਸਦੇ ਕਾਰਣ ਬਾਰੇ ਪੁਛ ਕੀਤੀ ਤਾਂ ਉਸਨੇ ਕਿਹਾ ਕਿ ਹੁਣ ਤੱਕ ਪੈਕੇਜ ਸਮਝੌਤੇ ਦਾ ਇਹੋ ਹੀ ਮਤਲਬ ਸੀ ਕਿ ਭਾਰਤ ਪੂਰਬੀ ਖੇਤਰ ਵਿਚ ਰਿਆਇਤ ਕਰੇ ਅਤੇ ਚੀਨ ਅਜਿਹਾ ਪੱਛਮੀ ਖੇਤਰ ਵਿਚ ਕਰੇਗਾ।

ਜਿਸ ਗੱਲ ਉਪਰ ਠੀਕ ਜ਼ੋਰ ਦਿਤਾ ਜਾ ਰਿਹਾ ਸੀ ਉਹ ਪੂਰਬੀ ਪੱਖ ਦਾ ਅਸਲੀ ਝਗੜਾ ਸੀ ਅਤੇ ਚੀਨ ਵਲੋਂ ਕਬਜ਼ੇ ਵਿਚ ਲਏ ਗਏ ਪੱਛਮੀ ਪੱਖ ਬਾਰੇ, ਹਰ ਇਕ ਨੇ, ਭਾਵੇਂ ਉਹ ਵਜ਼ੀਰ ਸੀ ਜਾਂ ਪੂਰਾ ਜਰਨੈਲ, ਮੈਨੂੰ ਇਹ ਦੱਸਿਆ ਕਿ ਸਰਹੱਦ ਦੇ ਝਗੜੇ ਦੇ ਹੱਲ ਲਈ ਭਾਰਤ ਨੂੰ ਪੂਰਬ ਵਿਚ ਰਿਆਇਤ ਦੇਣੀ ਚਾਹੀਦੀ ਹੈ, ਮੈਂ ਦਲੀਲ ਦਿਤੀ ਕਿ ਇਹ ਭਾਰਤ ਦੀ ਭਾਵਨਾ ਦੇ ਉਲਟ ਹੈ ਕਿਉਂ ਜੋ ਉਥੇ ਤਾਂ ਮੈਕਮੋਹਨ ਲਾਈਨ ਪੂਰਬ ਵਿਚ ਪੱਕੀ ਸਰਹੱਦ ਮੰਨੀ ਗਈ ਹੈ ਅਤੇ ਪੱਛਮੀ ਪਾਸੇ ਬਾਰੇ ਥੋੜਾ ਝਗੜਾ ਹੈ। ਆਪਣੇ ਡਰ ਨੂੰ ਜ਼ਰਾ ਸਪਸ਼ਟ ਰੂਪ ਵਿਚ ਪ੍ਰਗਟ ਕਰਦਿਆਂ ਮੈਂ ਕਿਹਾ ਕਿ ਨਵੀਂ ਦਿੱਲੀ ਦੀ ਕੋਈ ਵੀ ਸਰਕਾਰ ਸੱਤਾ ਵਿਚ ਨਹੀਂ ਰਹਿ ਸਕਦੀ ਜੇਕਰ ਉਸ ਨੇ ਪੂਰਬ ਵਿਚ ਕੁਝ ਵੀ ਸਵੀਕਾਰ ਕਰ ਲਿਆ। ਪਰ ਚੀਨੀ ਨੇਤਾਵਾਂ ਵਲੋਂ ਕੋਈ ਉਤਰ ਨਾ ਮਿਲਿਆ।

ਜਦੋਂ ਇਹ ਪੁੱਛਿਆ ਗਿਆ ਕਿ ਚੀਨ ਦੇ ਦਿਲ ਵਿਚ ਅਰੁਨਾਚਲ ਪ੍ਰਦੇਸ ਹੈ — ਲਗਭਗ ਹਰ ਇਕੱਤਰਤਾ ਵਿਚ ਇਕੋ ਹੀ ਘੜਿਆ ਘੜਾਇਆ ਖਿਆਲ ਸੀ ਕਿ ਭਾਰਤ ਵੱਲੋਂ ਅਰੁਨਾਚਲ ਪ੍ਰਦੇਸ਼ ਨੂੰ ਇਕ ਸੰਪੂਰਨ ਰਾਜ ਦਾ ਦਰਜਾ ਦੇਣ ਨੇ "ਚੀਨ ਦੇ ਜਜ਼ਬਾਤ ਨੂੰ ਸੱਟ ਮਾਰੀ ਹੈ।" ਪਰ ਮੈਨੂੰ ਕੋਈ ਸਪਸ਼ਟ ਉਤਰ ਨਹੀਂ ਮਿਲਿਆ। ਪਰ ਸਾਫ ਲਗਦਾ ਹੈ ਕਿ ਬੀਜਿੰਗ ਦੀ ਅੱਖ ਤਾਂਵਾਂਗ ਉਪਰ ਹੈ। ਮੈਨੂੰ ਦੱਸਿਆ ਗਿਆ ਕਿ ਇਸ ਉਪਰ 1951 ਵਿਚ ਭਾਰਤ ਨੇ 'ਕਬਜ਼ਾ' ਕੀਤਾ ਅਤੇ ਚੀਨ ਅਜਿਹੇ ਲੋਕ ਪੇਸ਼ ਕਰ ਸਕਦਾ ਹੈ ਕਿ ਉਹਨਾਂ ਨੂੰ ਜਬਰਨ ਆਪਣੇ ਘਰਾਂ ਵਿਚੋਂ ਧੱਕ ਦਿੱਤਾ ਗਿਆ।

ਹਰ ਇਕ ਪੱਧਰ ਉਪਰ ਇੱਕੋ ਹੀ ਦੋਸ਼ ਲਾਇਆ ਗਿਆ ਹੈ ਕਿ ਭਾਰਤ ਨੇ ਯਥਾਰਥਕ ਨਿਯੰਤਰਣ ਦੀ ਉਲੰਘਣਾ ਕੀਤੀ ਹੈ, ਮੈਂ ਸੁਝਾ ਦਿੱਤਾ ਕਿ ਦੋਵੇਂ ਧਿਰਾਂ ਇਕ ਸਾਂਝੀ ਕਮੇਟੀ ਕਾਇਮ ਕਰ ਸਕਦੀਆਂ ਹਨ ਜੋ ਇਹ ਨਿਰਧਾਰਤ ਕਰੇ ਕਿ ਯਥਾਰਥਕ ਨਿਯੰਤਰਣ ਦੀ ਲਾਈਨ ਕਿਥੇ



ਹੈ, ਇਸ ਵਿਚ ਕਿਸੇ ਪੱਖਪਾਤ ਲਈ ਗੁੰਜਾਇਸ਼ ਨਹੀਂ ਹੋਣੀ ਚਾਹੀਦੀ। ਇਸ ਤਜਵੀਜ਼ ਦਾ ਕੋਈ ਹੁੰਗਾਰਾ ਨ ਭਰਿਆ ਗਿਆ। ਬਸ ਵਜ਼ਾਰਤੀ ਪੱਧਰ ਉਪਰ ਇਹ ਟਿਪਣੀ ਕੀਤੀ ਗਈ ਕਿ ਭਾਰਤ ਸਰਕਾਰ ਇਸ ਗੱਲ ਤੋਂ ਜਾਣੂ ਹੈ ਕਿ ਯਥਾਰਥਕ ਨਿਯੰਤਰਣ ਕਿਥੇ ਹੈ। ਇਸ ਲਈ ਅਜਿਹੇ ਮਸਲੇ ਉਠਾਉਣ ਦਾ ਕੀ ਲਾਭ ਹੈ।

ਜਿਹੜੀ ਖਾਸ ਗੱਲ ਬਦਸ਼ਗਨੀ ਦੀ ਸੀ ਉਹ ਉਹਨਾਂ ਦੇ ਗੱਲਬਾਤ ਕਰਨ ਦਾ ਲਹਿਜ਼ਾ ਅਤੇ ਅੰਦਾਜ਼ ਸੀ, ਜਿਹਨਾਂ ਨੇ ਮੇਰੇ ਨਾਲ ਗੱਲਬਾਤ ਕੀਤੀ, ਉਹਨਾਂ ਵਿਚ ਸ਼ਾਮਲ ਸੀ ਲਿਊ ਸ਼ੂ ਕੁਇੰਗ, ਜੋ ਨਵੀਂ ਦਿੱਲੀ ਨਾਲ ਗੱਲਬਾਤ ਕਰਨ ਲਈ ਚੀਨ ਦੀ ਟੀਮ ਦੀ ਅਗਵਾਈ ਕਰ ਰਿਹਾ ਹੈ, ਹਾਨ ਨਿਆਨ, ਪ੍ਰਧਾਨ, ਵਿਦੇਸ਼ੀ ਮਾਮਲਿਆਂ ਦੀ ਚੀਨੀ ਲੋਕ ਸੰਸਥਾ, ਜਨਰਲ ਚੌਂਗ, ਪ੍ਰਧਾਨ ਕੌਮਾਂਤਰੀ ਜੁਗਤ ਅਧਿਐਨ ਸੰਸਥਾ, ਫੀ ਐਕਸਿਆ ਟੌਂਗ, ਵਾਈਸ ਚੇਅਰਮੈਨ, ਚੀਨੀ, ਲੋਕ ਪੋਲੀਟੀਕਲ ਕਨਸਲਟੇਟਿਵ ਕਾਨਫਰੰਸ ਅਤੇ ਗਾਓ ਲਿਆਂਗ, ਚੀਨੀ ਕਮਿਊਨਿਸਟ ਪਾਰਟੀ ਦਾ ਮੁਖ ਅਧਿਕਾਰੀ।

ਕੁਝ ਖਿਆਲ ਜਿਹੜੇ ਉਹਨਾਂ ਪ੍ਰਗਟਾਏ ਉਹਨਾਂ ਵਿਚ ਧਮਕੀ ਦੀ ਕਿੰਗਰੀ ਸੀ। ਜਿਸ ਕਿਸੇ ਵੀ ਨੇਤਾ ਨਾਲ ਮੇਰੀ ਮੁਲਾਕਾਤ ਹੋਈ ਉਸ ਨੇ 1962 ਦੀ ਜੰਗ ਦੀ ਯਾਦ ਦਿਲਾਈ, ਇਕ ਨੇ ਕਿਹਾ ਕਿ ਹੁਣ ਇਹ ਸਪਸ਼ਟ ਹੋ ਗਿਆ ਹੈ ਕਿ ਭਾਰਤ ਦਾ 'ਹਮਲਾ' ਬਿਲਕੁਲ 'ਸੋਵੀਅਤ ਸੰਘ ਦੀ ਸ਼ਹਿ ਉਪਰ ਸੀ' ਕਿਉਂ ਜੋ ਉਸ ਵੇਲੇ ਸੋਵੀਅਤ ਸੰਘ ਅਮਰੀਕਾ ਨਾਲ ਇਸ ਕਾਰਨ ਉਲਝ ਗਿਆ ਸੀ ਕਿ ਉਸਨੇ ਕਿਊਬਾ ਨੂੰ ਮਿਜ਼ਾਈਲਾਂ ਸਪਲਾਈ ਕੀਤੀਆਂ। ਜਦੋਂ ਕੁਝ ਲੋਕਾਂ ਨੇ ਕਿਹਾ ਕਿ ਉਹ ਆਸ ਕਰਦੇ ਹਨ ਕਿ ਭਾਰਤ ਅਤੇ ਚੀਨ ਵਿਚਕਾਰ ਸਰਹੱਦ ਦੇ ਝਗੜੇ ਕਾਰਨ ਕੋਈ ਜੰਗ ਨਹੀਂ ਹੋਵੇਗੀ, ਤਾਂ ਨਾਲ ਹੀ ਸਖਤ ਤਾੜਨਾ ਸੀ ਕਿ ਜੇਕਰ ਭਾਰਤ ਨੇ "ਵਰਤਮਾਨ ਹਾਲਤ ਵਿਗਾੜੀ" ਤਾਂ ਉਸਦਾ ਨਤੀਜਾ ਬਹੁਤ ਹੀ ਖਤਰਨਾਕ ਹੋਵੇਗਾ। ਨਾਲ ਹੀ ਇਹ ਦੋਸ਼ ਦੁਹਰਾਇਆ ਜਾਂਦਾ ਰਿਹਾ ਕਿ ਭਾਰਤ ਨੇ ਗੜਬੜ ਕਰਨੀ ਸ਼ੁਰੂ ਕਰ ਦਿੱਤੀ ਹੈ।

ਮੈਂ ਜਦੋਂ ਬੀਜਿੰਗ ਪਹੁੰਚਿਆ ਤਾਂ ਪਹਿਲੇ ਦਿਨ ਹੀ ਉਹਨਾਂ ਦੇ ਇਰਾਦੇ ਨੂੰ ਭਾਂਪ ਲਿਆ। ਇਕ ਸਰਕਾਰੀ ਅੰਗਰੇਜ਼ੀ ਅਖਬਾਰ 'ਚਾਇਨਾ ਡੇਲੀ' ਨੇ ਮੁਖ ਸੁਰਖੀ ਵਿਚ ਮੁਖ ਲੇਖ ਨੂੰ ਇਸ ਤਰ੍ਹਾਂ ਪੇਸ਼ ਕੀਤਾ "ਭਾਰਤ ਨੂੰ ਸਰਹੱਦ ਦੀ ਉਲੰਘਣ ਰੋਕਣ ਲਈ ਤਾੜਨਾ"। ਇਸ ਰਿਪੋਰਟ ਵਿਚ ਅਜੇਹੇ ਵਾਕ ਸਨ : "ਬੁਰੇ ਹਾਲਤ ਪੈਦਾ ਹੋਣ ਦੀ ਸੰਭਾਵਨਾ"; ਚੀਨ-ਭਾਰਤ ਸਰਹੱਦ ਉਪਰ ਪੈਦਾ ਹੋਏ ਤਨਾਵ ਦੀ ਜ਼ਿਮੇਵਾਰੀ ਭਾਰਤ ਉਪਰ"।

ਚੀਨੀ ਮਨ ਨੂੰ ਠੰਢਾ ਕਰਨਾ ਔਖਾ ਹੈ ਕਿਉਂ ਜੋ ਬੀਜਿੰਗ ਵੱਲੋਂ ਬੜੀ ਕੌੜੀ ਬੋਲੀ ਬੋਲੀ ਜਾ ਰਹੀ ਹੈ। ਹਲਾਂ ਕੇ ਵਾਪਸ ਜਾ ਰਹੇ ਚੀਨੀ ਰਾਜਦੂਤ ਨੂੰ ਪਰਧਾਨ ਮੰਤਰੀ ਰਾਜੀਵ ਗਾਂਧੀ ਨੇ ਭਰੋਸਾ ਦਿਵਾਇਆ ਸੀ ਕਿ ਭਾਰਤ ਕੋਈ ਜੰਗ ਨਹੀਂ ਚਾਹੁੰਦਾ, ਮੈਂ ਦੇਖਿਆ ਕਿ ਬੀਜਿੰਗ ਵਿਚ ਪੱਛਮੀ ਡਿਪਲੋਮੈਟ ਚਿੰਤਾ ਵਿਚ ਹਨ ਅਤੇ ਚੀਨੀ ਮਾਮਲਿਆਂ ਦੇ ਮਾਹਿਰ ਹੈਰਾਨ ਹਨ ਕਿ ਚੀਨ ਅਜਿਹੀ ਭਾਸ਼ਾ ਕਿਉਂ ਬੋਲ ਰਿਹਾ ਹੈ ਜਿਹੋ ਜਿਹੀ ਨਾਲ ਭਵਿਖ ਵਿਚ ਉਹਨਾਂ ਨਾਲ ਹੀ ਤਾਕਤ ਵਰਤੀ ਗਈ ਜਿਸਦੇ ਵਿਰੁੱਧ ਸਿਧੇ ਤੌਰ ਤੇ ਉਹ ਬੋਲ ਰਿਹਾ ਸੀ। ਇਸ ਪ੍ਰਕਾਰ ਕੋਸ਼ਿਸ਼ ਕੀਤੀ ਜਾ ਰਹੀ ਸੀ ਕਿ ਭਾਰਤ ਉਪਰ ਦਬਾਓ ਪਾਇਆ ਜਾਏ ਕਿ ਸਰਹੱਦ ਬਾਰੇ ਰਿਆਇਤਾਂ ਦੇਵੇ ਜਿਥੇ ਕਿ ਚੀਨੀ ਅਤੇ ਭਾਰਤੀ ਫੌਜੀ ਇਸ ਤਰ੍ਹਾਂ ਤਾਇਨਾਤ ਹਨ ਕਿ ਸਾਹ ਵੀ ਲੈਣ ਤਾਂ ਭਿਣਕ ਪੈ ਜਾਂਦੀ ਹੈ, ਜ਼ਰਾ ਵੀ ਅਚਾਨਕ ਕੋਈ ਗੋਲੀ ਚਲੀ ਤਾਂ ਇਕ ਦੁਸ਼ਮਣੀ ਭੜਕ ਉਠੇਗੀ।

ਇਕ ਫੌਜੀ ਸਰੋਤ ਨਾਲ ਸੰਪਰਕ ਕੀਤਾ ਤਾਂ ਉਸਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਚੀਨ ਨੇ ਸਰਹੱਦ ਉਪਰ ਫੌਜਾਂ ਇਕੱਠੀਆਂ ਕੀਤੀਆਂ ਹੋਈਆਂ ਹਨ। ਸਰੋਤ ਨੇ ਕਿਹਾ ਕਿ ਅਜਿਹੀ ਦੂਰ ਦੀ ਸੰਭਾਵਨਾ ਵੀ ਨਹੀਂ, ਪਰ ਜੋ ਕਹਾਣੀਆਂ ਮੈਂ ਬੀਜਿੰਗ ਵਿਚ ਸੁਣੀਆਂ, ਉਹਨਾਂ ਅਨੁਸਾਰ ਚੀਨ ਆਪਣੀਆਂ ਫੌਜਾਂ ਤਿੱਬਤ ਵਿਚ ਵਧਾ ਰਿਹਾ ਸੀ (ਇਹ ਮਹੱਤਵਪੂਰਨ ਗੱਲ ਹੈ ਕਿ ਮੈਂ ਤਿੱਬਤ ਦਾ ਦੌਰਾ ਕਰਨ ਲਈ ਜੋ ਇਜ਼ਾਜਤ ਇਕ ਮਹੀਨਾ ਪਹਿਲੋਂ ਲੈ ਲਈ ਸੀ, ਉਹ ਮੇਰੇ ਦਿੱਲੀ ਤੋਂ ਚਲਣ ਦੇ ਕੁਝ ਦਿਨ ਪਹਿਲਾਂ ਰੱਦ ਕਰ ਦਿਤੀ ਗਈ।) ਇਕ ਵੱਡੀ ਸ਼ਕਤੀ ਦੇ ਬੀਜਿੰਗ ਵਿਚ ਰਾਜਦੂਤ ਨੇ ਕਿਹਾ ਕਿ ਜੰਗ ਸੰਭਵ ਨਹੀਂ ਪਰ ਉਸ ਬਿਨਾਂ ਝਿਜਕ ਕਿਹਾ ਕਿ ਸਰਹੱਦੀ ਟਕਰਾਓ ਹੋ ਸਕਦਾ ਹੈ। ਪਰ ਉਸਨੇ ਇਹ ਵੀ ਕਿਹਾ ਕਿ ਭਾਰਤ ਦੀ ਪੂਰੀ ਤਿਆਰੀ ਹੈ। ਜੁਗਤ ਅਧਿਐਨ ਦੀ ਸੰਸਥਾ ਵਿਚ ਵੀ ਕੁਝ ਲੋਕਾਂ ਦਾ ਇਹੋ ਵਿਚਾਰ ਸੀ, ਉਹਨਾਂ ਨੇ ਇਹ ਦੇਖਿਆ ਸੀ ਕਿ 'ਭਾਰਤੀ ਫੌਜੀਆਂ ਦਾ ਮੌਰਲ (ਸਾਹਸ) ਬਹੁਤ ਉਚਾ ਹੈ' ਅਤੇ 'ਜੇਕਰ ਜੰਗ ਲੱਗੀ ਤਾਂ ਭਾਰਤੀ ਫੌਜੀ 1962 ਦੇ ਮੁਕਾਬਲੇ ਤਕੜੇ ਹੱਥ ਵਿਖਾਉਣਗੇ।

ਪਰ ਇਹ ਗੱਲ ਸਮਝ ਨਹੀਂ ਆਉਂਦੀ ਕਿ ਚੀਨ ਨੇ ਸਰਹੱਦ ਬਾਰੇ ਪ੍ਰਾਪੇਗੰਡੇ ਵਿਚ ਇਨੀ ਅੱਗ ਕਿਉਂ ਉਗਲੀ ਹੈ, ਅਤੇ ਬਾਰ ਬਾਰ ਇਹ ਮੰਗ ਕਿਉਂ ਹੈ ਕਿ ਪੂਰਬੀ ਸਰਹੱਦ ਬਾਰੇ ਭਾਰਤ ਰਿਆਇਤ ਦੇਵੇ। ਸ਼ਾਇਦ ਇਸਦਾ ਉਦੇਸ਼ ਇਹ ਹੈ ਕਿ ਨਵੀਂ ਦਿੱਲੀ ਨੂੰ ਇਹ ਪੈਗਾਮ ਦੇਣਾ ਹੈ ਕਿ ਜੇਕਰ ਇਸ ਨੇ ਪੈਕੇਜ ਸਮਝੌਤੇ ਦੀ ਪ੍ਰਵਾਣਗੀ ਤੋਂ ਇਨਕਾਰ ਕੀਤਾ ਤਾਂ ਬੀਜਿੰਗ ਵੱਲੋਂ ਪੂਰਬ ਪੱਖ ਦੇ ਹੱਕ ਬਾਰੇ ਹੋਰ ਜ਼ੋਰ ਦਿੱਤਾ ਜਾਵੇਗਾ। ਇਸ ਨੇ ਪਹਿਲੋਂ ਹੀ ਇਹ ਗਿਣ ਗੱਠ ਲਿਆ ਹੈ ਕਿ ਭਾਰਤ ਨੇ 90,000 ਮੁਰੱਬਾ ਕਿਲੋਮੀਟਰ ਚੀਨੀ ਇਲਾਕੇ ਉਪਰ ਕਬਜ਼ਾ ਕਰ ਰੱਖਿਆ ਹੈ।

ਜਿਹੜੀ ਬਹਿਸ ਮੈਂ ਚੀਨੀ ਲੀਡਰਾਂ ਨਾਲ ਕੀਤੀ ਉਹ ਮੈਨੂੰ ਟੇਪਰੀਕਾਰਡ ਨਹੀਂ ਕਰਨ ਦਿੱਤੀ ਗਈ, ਇਸ ਵਿਚ ਇਹ ਦਲੀਲ ਦਿਤੀ ਗਈ ਕਿ ਜੇਕਰ ਟੇਪ ਕੀਤਾ ਗਿਆ ਤਾਂ ਗੱਲਬਾਤ 'ਸੁਤੰਤਰ ਅਤੇ ਸਪਸ਼ਟ ਰੂਪ ਵਿਚ ਨਹੀਂ ਹੋ ਸਕੇਗੀ।'

ਬਾਕੀ ਪੰਨਾ 23 'ਤੇ


THINKING OF BUYING or SELLING
(RESIDENTIAL, COMMERCIAL, FARMS & INDUSTRIAL)

L/R
Lake View Realty

FREE Consultation for BUYING or SELLING
FREE Information on Financing
FREE Knowledge of your existing Mortgage
FREE EVALUATION of your property

FOR FRIENDLY & EFFICIENT SERVICE



NIRMAL (NEIL) DHALIWAL
Bus: 588-9955 Res: 597-2069

I know the signs of a good neighbourhood.

If your property is currently listed with a real estate broker, please disregard this offer. It is not our intention to solicit the offerings of other real estate brokers. We are happy to work with them and cooperate fully.




# ਕੈਲੇਫੋਰਨੀਆ ਗਾਈਡ


ਫਰੈਜ਼ਨੋ ਵਿਚ 'ਕੈਨੇਡਾ ਦਰਪਣ' ਲਓ ਤੇ ਨਾਲ ਕੱਪੜੇ, ਗਰੌਸਰੀ, ਵੀਡੀਓ ਮੁਵੀਆਂ ਵੀ ਖ਼੍ਰੀਦੋ

**Ph. (209) 456-9491**

INDICA IMPORTS — 4925 E. King Canyon Road, FRESNO, CA. .

ਯੂਬਾ ਸਿਟੀ ਵਿਚ 'ਕੈਨੇਡਾ ਦਰਪਣ' ਇਥੋਂ ਮਿਲਦਾ ਹੈ :

**LONDON FASHIONS**

1494 E. Bridge St., YUBA CITY CA. Ph. (916) 673-6634

## PETE ELLIS DODGE

Plymouth Dodge Trucks CHRYSLER

ਕਾਰਾਂ, ਵੈਨਾਂ, ਪਿਕ ਅੱਪ ਖ਼੍ਰੀਦਣ ਲਈ

ਫ਼ੋਨ ਕਰੋ :—

**ਜੱਸੀ ਗਰੇਵਾਲ**

**(408) 738-0400**

Credit or no Credit

CALL:

**Jessie Grewal**

2 to 5% over Dealer Cost

**Pete Ellis Dodge**



**1095, West El Camino Real**

**SUNNYVALE, CALIFORNIA 94087**




ਸ੍ਰੀ ਦੇਵੀ ਫਿਲਮ:'ਭਗਵਾਨ ਦਾਦਾ' ਵਿਚ


ਯੂਬਾ ਸਿਟੀ ਵਿਚ ਸਭ ਥਾਵਾਂ ਨਾਲੋਂ ਸਸਤੀਆਂ ਕਾਰਾਂ ਅਸੀਂ ਵੇਚਦੇ ਹਾਂ

ਜਦੋਂ ਵੀ ਕਾਰ, ਪਿਕ ਅੱਪ, ਬਲੇਜਰ, 4 ਸੈਲੰਡਰ, 6 ਸੈਲੰਡਰ ਜਾਂ 8 ਸੈਲੰਡਰ, ਫ਼ੋਰ ਡੋਰ ਜਾਂ ਟੂ ਡੋਰ ਕਾਰਾਂ ਦੀ ਲੋੜ ਹੋਵੇ ਤਾਂ ਸਿੱਧੇ R & K Suto Sales ਨੂੰ ਚਲੇ ਆਉ ਤੇ ਆਪਣੇ ਪੈਸੇ ਦੀ ਬੱਚਤ ਕਰੋ



ਥੋੜ੍ਹੇ ਡਾਲਰ ਡਾਊਨ ਦੇ ਕੇ ਆਸਾਨ ਕਿਸ਼ਤਾਂ ਉਤੇ ਕਾਰਾਂ ਖ਼੍ਰੀਦਣ ਦਾ ਬਹੁਤ ਚੰਗਾ ਪ੍ਰਬਧ ਹੈ ।

ਨੌਜਵਾਨ ਦਿਲਾਂ ਦੀ ਧੜਕਣ ਸਪੋਰਟਸ ਕਾਰਾਂ ਸਦਾ ਹੀ ਸਾਡੇ ਸਟਾਕ ਵਿਚ ਹੁੰਦੀਆਂ ਹਨ

**SAVE**

ਪੰਜਾਬੀ ਭਰਾ ਪੰਜਾਬੀ ਵਿਚ ਹੀ ਗੱਲ ਕਰ ਸਕਦੇ ਹੋ !

**MORE**

# R & K AUTO SALES

444 Colusa Hwy. YUBA CITY — CAL. **Ph. (916) 674-8680**

## KANG UP HOLSTERY

**CUSTOM UPHOLSTERING**

**UPHOLSTERY FURNITURE MADE TO ORDER**

Estimates Submitted/Pick-up & Delivery

**Ph. (916) 673-6594 or 674-2500**

**Res: (916) 673-3387**



ਸਵਰਨ ਸਿਘ ਕੰਗ

ਯੂਬਾ ਸਿਟੀ ਦੇ ਰਹਿਣ ਵਾਲੇ ਆਪਣੇ ਘਰ ਲਈ ਆਪਣੀ ਮਰਜ਼ੀ ਦਾ ਸੋਫ਼ਾ, ਚੇਅਰ ਜਾਂ ਹੋਰ ਸਾਮਾਨ ਆਰਡਰ ਬੁੱਕ ਕਰਵਾ ਕੇ ਬਣਵਾ ਸਕਦੇ ਹਨ

**632 N. WALTON, ROAD, YUBA CITY, CA.**

ਪੰਨਾ 21 ਦੀ ਬਾਕੀ

ਪਰ ਇਸ ਗੱਲ ਬਾਰੇ ਕੋਈ ਇਤਰਾਜ਼ ਨਹੀਂ ਕੀਤਾ ਗਿਆ ਕਿ ਮੈਂ ਉਸਦੇ ਸੰਖੇਪ ਨੋਟ ਲਿਖੀ ਜਾਵਾਂ, ਅਜਿਹਾ ਕਰਨ ਵਿਚ ਥੋੜੀ ਸੌਖ ਵੀ ਰਹੀ। ਕਿ ਮੇਰੇ ਸਵਾਲਾਂ ਨੂੰ ਚੀਨੀ ਬੋਲੀ ਵਿਚ ਦੱਸਣ ਲਈ ਦੁਭਾਸ਼ੀਏ ਦੀ ਲੋੜ ਸੀ ਅਤੇ ਜੋ ਜਵਾਬ ਦਿੰਦੇ ਸਨ ਉਹਨਾਂ ਦਾ ਅੰਗਰੇਜ਼ੀ ਰੂਪ ਦੇਣਾ ਹੁੰਦਾ ਸੀ।

ਲਗਭਗ ਹਰ ਇਕੱਤਰਤਾ ਵਿਚ ਆਰੰਭ ਵਿਚ ਹੀ ਜ਼ੋਰ ਦਿੱਤਾ ਗਿਆ ਕਿ ਭਾਰਤ ਅਤੇ ਚੀਨ ਦੇ ਸੰਬੰਧ ਸਦੀਆਂ ਪੁਰਾਣੇ ਹਨ। ਅਮੀਰ ਸਭਿਆਚਾਰਕ ਅਤੇ ਰਵਾਇਤਾਂ ਦੇ ਭਾਗੀਦਾਰ ਹਨ ਅਤੇ ਏਸ਼ੀਆ ਅਤੇ ਸੰਸਾਰ ਦੀ ਭਲਾਈ ਲਈ ਇਹਨਾਂ ਨੂੰ ਆਪਣੇ ਵਿਤਕਰੇ ਜਾਂ ਇਖਤਲਾਫ ਮੇਟ ਦੇਣੇ ਚਾਹੀਦੇ ਹਨ। ਹਰ ਇਕ ਨੇ ਇਕ ਹੀ ਨੁਕਤਾ ਉਠਾਇਆ। ਜੇਕਰ ਸਰਹੱਦ ਦੀ ਸੱਮਸਿਆ ਨਜਿੱਠੀ ਜਾਵੇ ਤਾਂ ਅਜਿਹੀ ਕੋਈ ਚੀਜ਼ ਨਹੀਂ ਜੋ ਦੋਵੇਂ ਦੇਸ਼ ਨਹੀਂ ਕਰ ਸਕਦੇ। ਵਪਾਰ ਸਭਿਆਚਾਰਕ ਸੰਬੰਧ ਅਤੇ ਜਾਣਕਾਰੀ ਦਾ ਆਦਾਨ ਪ੍ਰਦਾਨ ਕਾਫੀ ਮਹੱਤਤਾ ਰਖਦੇ ਹਨ, ਪਰ ਇਹਨਾਂ ਦੀ ਮਹਾਨੇਤਾ ਇੰਨੀ ਨਹੀਂ ਕਿ ਸਰਹੱਦ ਦੀ ਸਮਸਿਆ ਨੂੰ ਖੱਡੇ ਸੁੱਟ ਦਿੱਤਾ ਜਾਵੇ।

ਵਜ਼ਾਰਤੀ ਸਰੋਤ ਦਾ ਦ੍ਰਿਸ਼ਟੀਕੋਣ ਸੀ ਕਿ ਭਾਰਤ ਨੂੰ ਨਿੱਗਰ ਤਜਵੀਜ਼ਾਂ ਪੇਸ਼ ਕਰਨੀਆਂ ਚਾਹੀਦੀਆਂ ਹਨ, ਇਹ ਵੀ ਸਪਸ਼ਟ ਕਰਨਾ ਚਾਹੀਦਾ ਹੈ ਕਿ ਪੂਰਬੀ ਖੇਤਰ ਵਿਚ ਇਹ ਕੀ ਰਿਆਇਤ ਦੇ ਸਕਦਾ ਹੈ। ਫੌਜੀ ਦ੍ਰਿਸ਼ਟੀਕੋਣ ਕੁਝ ਲੜਾਈ ਵਾਲਾ ਸੀ। "ਅਸੀਂ ਦੂਸਰੀ ਜੰਗ ਨਹੀਂ ਦੇਖਣਾ ਚਾਹੁੰਦੇ। ਪਰ ਜੇਕਰ ਸਾਡੀ ਧਰਤੀ ਨੂੰ ਭਾਰਤ ਦੰਦ ਮਾਰਦਾ ਰਿਹਾ ਹੈ, ਤਾਂ ਸਾਨੂੰ ਕਰਾਰਾ ਜਵਾਬ ਦੇਣਾ ਪਏਗਾ।"

ਪਾਰਟੀ ਅਤੇ ਵਿਦਿਅਕ ਹਲਕੇ, ਸਪਸ਼ਟ ਤੌਰ ਤੇ ਸਰਕਾਰ ਦੀ ਅਗਵਾਈ ਲੈਂਦੇ ਹੋਏ, ਇਹ ਕਹਿੰਦੇ ਰਹੇ ਕਿ ਸ਼੍ਰੀਮਤੀ ਇੰਦਰਾ ਗਾਂਧੀ ਅਤੇ ਸ਼੍ਰੀ ਰਾਜੀਵ ਗਾਂਧੀ ਦੇ ਸ਼ਬਦਾਂ ਅਤੇ ਅਮਲ ਵਿਚ ਬਹੁਤ ਫਰਕ ਹੈ। ਉਹ ਹੁਣ ਤੱਕ ਚੀਨ ਨੂੰ ਉਕਸਾਉਂਦੇ ਰਹੇ ਹਨ। ਇਹਨਾਂ ਦੇ ਬੋਲ ਅਤੇ ਟਿੱਪਣੀ ਵਿਚ ਜੰਗੀ ਰੰਗ ਘੱਟ ਸੀ ਜਿਵੇਂ ਕਿ ਸਰਕਾਰ ਅਤੇ ਫੌਜੀ ਸਰੋਤਾਂ ਦਾ ਸੀ।

ਬੀਜਿੰਗ ਵਲੋਂ ਇਹਨਾਂ ਡਰਾਵਿਆਂ ਅਤੇ ਧਮਕੀਆਂ ਦੇ ਬਾਵਜੂਦ, ਮੇਰਾ ਖਿਆਲ ਹੈ ਕਿ ਜੋ ਪੈਕੇਜ ਤਜਵੀਜ਼ ਪ੍ਰਧਾਨ ਮੰਤਰੀ ਚੂ ਇਨ ਲਾਈ ਨੇ 1960 ਵਿਚ ਨਵੀਂ ਦਿੱਲੀ ਵਿਚ ਰੱਖੀ ਸੀ। ਉਹ ਅਜੇ ਵੀ ਉਪਲੱਬਧ ਹੈ। ਘੱਟੋ ਘੱਟ ਮੈਂ ਤਾਂ ਅਜਿਹਾ ਮਹਿਸੂਸ ਕਰਦਾ ਹਾਂ। ਪਰ ਸਵਾਲ ਤਾਂ ਇਹ ਹੈ ਕਿ ਕੀ ਇਹ ਵਧੀਆ ਤਜਵੀਜ਼ ਹੈ ਜੋ ਭਾਰਤ ਚੀਨ ਤੋਂ ਆਸ ਰੱਖ ਸਕਦਾ ਹੈ। ਅਤੇ ਕੀ ਇਸ ਨੂੰ ਸ਼੍ਰੀ ਰਾਜੀਵ ਗਾਂਧੀ ਲੋਕਾਂ ਪਾਸੋਂ ਪਰਵਾਣ ਕਰਵਾ ਸਕਦੇ ਹਨ ਜੇਕਰ ਉਹ ਇਹ ਸਵੀਕਾਰ ਕਰ ਲੈਣ ਕਾਰਣ ਇਹ ਹੈ ਕਿ ਦੇਸ਼ ਇਹ ਜਾਨਣਾ ਚਾਹੇਗਾ ਕਿ ਉਸ ਚੀਜ਼ ਨੂੰ ਪ੍ਰਾਪਤ ਕਰਨ ਲਈ, ਜਿਹੜੀ ਉਸ ਵੇਲੇ ਉਪਲਬਧ ਸੀ, 27 ਸਾਲ ਕਿਉਂ ਖਰਾਬ ਕੀਤੇ।

ਕੁਝ ਵਰਤਮਾਨ ਅਤੇ ਸੇਵਾ ਮੁਕਤ ਭਾਰਤੀ ਵਿਦੇਸ਼ ਆਫਿਸ ਦੇ ਵਿਅਕਤੀ ਕਹਿੰਦੇ ਹਨ ਕਿ ਉਹਨਾਂ ਕੁਝ ਸਮਾਂ ਹੋਇਆ ਸਰਕਾਰ ਨੂੰ ਇਹ ਪੈਕੇਜ ਪੇਸ਼ਕਸ਼ ਸਵੀਕਾਰ ਕਰ ਲੈਣ ਲਈ ਕਿਹਾ ਸੀ। ਅਕਸਾਈ ਚਿੰਨ ਨੂੰ ਚੀਨ ਦਾ ਭਾਗ ਸਵੀਕਾਰ ਕਰਨਾ ਇਕ ਗੱਲ ਹੈ ਪਰ ਅਮਲੀ ਤੌਰ ਤੇ ਲਦਾਖ ਵਿਚ ਜੋ ਕਬਜ਼ਾ ਚੀਨ ਦਾ ਹੈ ਉਹ ਉਸਨੂੰ ਸੌਂਪ ਦੇਣਾ ਹੋਰ ਗੱਲ ਹੈ

ਸ਼੍ਰੀ ਰਾਜੀਵ ਗਾਂਧੀ ਇੰਨੇ ਸਿਆਸੀ ਤੌਰ ਤੇ ਸ਼ਕਤੀ ਸ਼ਾਲੀ ਨਹੀਂ ਕਿ ਆਪਣੇ ਆਪ ਹੀ ਕੋਈ ਰਿਆਇਤ ਦੀ ਪੇਸ਼ਕਸ਼ ਕਰ ਸਕਣ। ਪਰ ਵਿਰੋਧੀ ਪਾਰਟੀਆਂ ਦੀ ਸਲਾਹ ਨਾਲ ਚੀਨ ਬਾਰੇ ਰਾਸ਼ਟਰ ਨੀਤੀ ਬਣਾਈ ਜਾ ਸਕਦੀ ਹੈ। ਇਸ ਗੱਲ ਦਾ ਕੋਈ ਲਾਭ ਨਹੀਂ ਕਿ 1962 ਦੀ ਜੰਗ ਵਿਚ ਖੁਸਿਆ ਹੋਇਆ ਇਲਾਕਾ ਵਾਪਸ ਮੰਗਿਆ ਜਾਵੇ। ਜਦੋਂ ਪਾਰਲੀਮੈਂਟ ਨੇ ਪ੍ਰਸਤਾਵ ਪਾਸ ਕੀਤਾ ਸੀ ਤਾਂ ਦੇਸ਼ ਦਾ ਮਿਜ਼ਾਜ ਕੁਝ ਵੱਖਰਾ ਸੀ। 25 ਸਾਲਾਂ ਦੇ ਅਰਸੇ ਵਿਚ ਦੇਸ਼ ਨੇ ਮੰਨ ਲਿਆ ਹੈ ਕਿ ਅਕਸਾਈ ਚਿੰਨ ਚੀਨ ਦਾ ਹੀ ਹਿਸਾ ਹੈ। ਚੀਨ ਲਈ ਇਹ ਮਹੱਤਵਪੂਰਨ ਹੈ ਕਿ ਸਿੰਕਿਆਂਗ ਨੂੰ ਬਾਕੀ ਦੇਸ਼ ਨਾਲ ਜੋੜ ਲਵੇ, ਇਹ ਵੀ ਪੱਕੀ ਰਾਏ ਹੈ ਕਿ ਚੀਨ ਨੂੰ ਕੁਝ ਦਿੱਤਾ ਜਾਵੇ ਜਿਵੇਂ ਕਿ ਦਸ ਕਿਲੋਮੀਟਰ ਉਸ ਸੜਕ ਦੇ ਕਿਨਾਰਿਆਂ ਉਪਰ ਜੋ ਇਸਨੇ ਇਲਾਕੇ ਵਿਚ ਬਣਾ ਲਈ ਹੈ।

ਚੀਨ ਨਾਲ ਹਊ ਪਰੇ ਕਰਕੇ ਗੱਲ ਨਬੇੜਨੀ ਉਚਿਤ ਹੈ। ਸਰਹੱਦ ਉਪਰ ਚੀਨ ਨੂੰ ਕੋਈ ਰਿਆਇਤ ਦੇਣ ਦੀ ਗੱਲ ਵੀ ਸਮਝ ਆਉਂਦੀ ਹੈ। ਪਰ ਇਹ ਨੀਤੀ ਗਲਤ ਹੋਵੇਗੀ ਕਿ ਜਿਸ ਭਾਰਤੀ ਇਲਾਕੇ ਉਪਰ ਹੱਕ ਰਖਿਆ ਜਾ ਰਿਹਾ ਹੈ — ਅਤੇ ਇਸਦੇ ਨਾਲ ਹੀ ਭਾਰਤੀ ਹਿਤ - ਉਹ ਚੀਨ ਨਾਲ ਬਨਾਉਣ ਲਈ ਤਿਆਗ ਦਿਤਾ ਜਾਵੇ। ਇੰਨਾ ਤਾਂ ਬੀਜਿੰਗ ਵੀ ਸਮਝਦਾ ਹੈ।

# ਲੋਕ ਦੁਸ਼ਮਣ ਵਿਚਾਰਧਾਰਾ ਅਤੇ ਸੰਕਟ

**ਗੁਰਨਾਮ ਸਿੰਘ ਸੰਘੇੜਾ**

"ਸਰਮਾਏਦਾਰੀ ਸਮਾਜ (ਪ੍ਰਬੰਧ) ਵਿਚ ਰਾਜ ਸੱਤਾ ਸਰਮਾਏ ਤੇ ਸਰਮਾਏਦਾਰ ਜਮਾਤ ਦੇ ਹੱਥ ਵਿਚ ਹੁੰਦੀ ਜੋ ਸਮਾਜੀ ਰਿਸ਼ਤਿਆਂ ਨੂੰ ਮਜ਼ਦੂਰਾਂ ਤੇ ਹੋਰ ਲੋਕਾਂ ਉਪਰ ਇਸ ਢੰਗ ਨਾਲ ਠੋਸਦੀ ਹੈ ਕਿ ਪੈਦਾਵਾਰੀ ਸਾਧਨਾਂ ਦੇ ਮਾਲਕਾਂ ਨੂੰ ਹਰ ਹਾਲਤ ਵਿਚ ਮੁਨਾਫੇ ਦੀ ਗਰੰਟੀ ਹੋਵੇ।

ਮਜ਼ਦੂਰ ਸ਼ਕਤੀ ਨੂੰ ਖਰੀਦਣ/ਵੇਚਣ ਦੀਆਂ ਸ਼ਰਤਾਂ ਹਾਲਾਤ ਦੇ ਅਨੁਸਾਰ ਸਖਤ (ਸੰਕਟ ਸਮੇਂ) ਜਾਂ ਨਰਮ (ਜਿਵੇਂ ਛੇਵੇਂ ਦਹਾਕੇ ਵਿਚ) ਹੋ ਸਕਦੀਆਂ ਹਨ। ਪਰ ਸਟੇਟ ਦਾ ਅਤੇ ਸਮਾਜੀ ਰਿਸ਼ਤਿਆਂ ਦੀ ਬਣਤਰ ਅਤੇ ਖਾਸਾ ਓਹੀ ਰਹਿੰਦਾ ਹੈ ਬਦਲਦਾ ਨਹੀਂ।"

ਰਾਜ ਸੱਤਾ ਭਾਵੇਂ ਕਿਸੇ ਢੰਗ ਤੇ ਕਿਸੇ ਭੀ ਪੱਧਰ ਤੇ ਕੋਈ ਐਕਸ਼ਨ ਕਰਦੀ ਹੈ ਪਰ ਅਸਲੀਅਤ ਵਿਚ ਸਟੇਟ ਅਮਿੱਟ ਵਿਰੋਧਤਾਈਆਂ ਅਤੇ ਵਿਰੋਧੀ ਹਿਤਾਂ ਦਾ ਪ੍ਰਗਟਾਵਾ ਹੈ। ਪਰ ਸਰਮਾਏਦਾਰਾਂ ਦੀਆਂ ਆਪਸੀ ਭੀ ਵਿਰੋਧਤਾਈਆਂ ਹਨ ਅਤੇ ਕਈ ਵਾਰੀ ਹਾਲਾਤ ਦੇ ਅਨੁਸਾਰ ਕੁਝ ਛੋਟਾਂ ਤੇ ਰਿਆਇਤਾਂ ਭੀ ਦਿੱਤੀਆਂ ਜਾਂਦੀਆਂ ਹਨ। ਸਟੇਟ ਅਤੇ ਅਜ਼ਾਰੇਦਾਰ ਸੰਬੰਧਾਂ ਉਪਰ ਬਾਹਰ ਦੇ ਹਾਲਾਤ ਅਤੇ ਅੰਤਰ-ਰਾਸ਼ਟਰੀ ਮਾਹੌਲ ਦਾ ਅਸਰ ਪੈਂਦਾ ਹੈ ਅਤੇ ਇਹਨਾਂ ਦੇ ਆਪਸੀ ਸੰਬੰਧ ਭੀ ਗੁੰਝਲਦਾਰ ਤੇ ਬਹੁ-ਪੱਖੀ ਹਨ ਪਰ ਅੰਤਮ ਤੌਰ ਤੇ ਇਹ ਸਟੇਟ ਲੋਟੂ ਜਮਾਤ ਦੇ ਹਿਤਾਂ ਨੂੰ ਪਾਲਦੀ ਤੇ ਫੈਸਲੇ ਦੀ ਘੜੀ ਸਮੇਂ ਲੋਟੂਆਂ ਦੀ ਰਾਖੀ ਕਰਦੀ ਹੈ। ਵਿਚ ਹੀ ਦੱਸ ਦਿੱਤਾ ਜਾਏ ਕਿ ਪਾਰਲੀਮੈਂਟ, ਅਸੰਬਲੀ, ਫੌਜ, ਪੁਲਸ, ਪ੍ਰਬੰਧਕੀ ਢਾਂਚਾ ਆਦਿ ਸਭ ਸਟੇਟ ਦਾ ਅੰਗ ਹਨ। ਕਈ ਵਾਰ ਹਾਕਮ ਜਮਾਤ ਮਜ਼ਦੂਰਾਂ ਨਾਲ "ਮਿਤਰਤਾ" ਜਾਂ "ਭਾਈਵਾਲੀ" ਜਾਂ "ਮਜ਼ਦੂਰ-ਸਰਮਾਏ ਦੇ ਚੰਗੇ ਰਿਸ਼ਤੇ" ਆਦਿ ਦਾ ਪਾਖੰਡੀ ਕੁਰਾਹੀਆ ਪ੍ਰਚਾਰ ਕੀਤਾ ਜਾਂਦਾ ਹੈ। ਪਰ ਉਸ ਹੀ ਸਮੇਂ ਮਜ਼ਦੂਰ ਜਮਾਤ ਨੂੰ ਡਰਾਉਣ, ਦਬਾਉਣ ਅਤੇ ਮਜ਼ਦੂਰ ਦੀ ਤਾਕਤ ਨੂੰ ਤੋੜਨ ਲਈ ਹਰ ਹਥਿਆਰ ਵਰਤਿਆ ਜਾਂਦਾ ਹੈ। ਇੱਥੋਂ ਤੱਕ ਕਿ ਸੱਜ ਪਿਛਾਖੜ ਪਬਲਿਕ ਸੈਕਟਰ ਅਤੇ ਲੋਕ ਸੇਵਾਵਾਂ ਨੂੰ ਖਤਮ ਕਰਨਾ ਅਤੇ ਪ੍ਰਾਈਵੇਟ ਮੁਨਾਫੇ ਖੋਰਾਂ ਦੇ ਹੱਥਾਂ ਵਿਚ ਦੇਣਾ ਚਾਹੁੰਦੇ ਹਨ। ਸਰਮਾਏਦਾਰਾਂ ਤੇ ਅਜ਼ਾਰੇਦਾਰਾਂ ਦੀਆਂ ਆਪਸੀ ਵਿਰੋਧਤਾਈਆਂ ਹਨ ਪਰ ਮਜ਼ਦੂਰ ਵਰਗ ਅਤੇ ਸਮਾਜਵਾਦ ਦੇ ਵਿਰੁਧ ਇਹ ਜਦੋ ਜਹਿਦ ਭੀ ਕਰਦੇ ਹਨ। ਲੈਨਿਨ ਨੇ ਆਖਿਆ ਹੈ, "ਸਰਮਾਏਦਾਰ ਦੁਨੀਆਂ ਨੂੰ ਖੁਣਸ (ਖਾਰ) ਕਰਕੇ ਨਹੀਂ ਵੰਡਦੇ ਬਲਕਿ ਇਸ ਕਰਕੇ ਵੰਡਦੇ ਹਨ ਕਿ ਸਰਮਾਇਆ ਇਸ ਹੱਦ ਤੱਕ ਕੇਂਦਰਤ ਹੋ ਚੁਕਾ ਹੈ ਕਿ ਆਪਣੇ ਮੁਨਾਫਿਆਂ ਨੂੰ ਕਾਇਮ ਰੱਖਣ ਲਈ ਕਈ ਢੰਗ ਅਪਣਾਏ ਜਾਂਦੇ ਹਨ ਅਤੇ ਉਹ (ਭਾਵ ਸਰਮਾਏਦਾਰ) 'ਸਰਮਾਏ ਦੀ ਅਨੁਪਾਤ' ਅਤੇ 'ਤਾਕਤ ਦੀ ਅਨੁਪਾਤ' ਨਾਲ ਵੰਡਦੇ ਹਨ ਕਿਉਂਕਿ ਚੀਜ਼ਾਂ ਦੀ ਪੈਦਾਵਾਰ ਵਾਲੇ ਤੇ ਸਰਮਾਏਦਾਰੀ ਪ੍ਰਬੰਧ ਅਧੀਨ ਵੰਡ ਦਾ ਹੋਰ ਕੋਈ ਢੰਗ ਨਹੀਂ ਹੋ ਸਕਦਾ।"

ਸਰਮਾਏਦਾਰੀ ਦੇਸ਼ਾਂ ਵਿਚ ਰਾਜਨੀਤਕ ਅਤੇ ਕਾਨੂੰਨੀ ਪੱਖਾਂ ਉਤੇ ਕਾਫੀ ਸਖਤ ਤੇ ਪਿਛੇ ਖਿਚੂ ਰਵੱਈਆ ਧਾਰਨ ਕੀਤਾ ਜਾ ਰਿਹਾ ਹੈ। ਆਰਥਕਤਾ ਵਿਚ ਸੰਕਟ ਹੈ ਅਤੇ ਕਈ ਬਦਲੀਆਂ ਹੋ ਰਹੀਆਂ ਹਨ। ਏਕਾ-ਅਧਿਕਾਰਵਾਦ ਦਾ ਰੁਝਾਨ ਵਧ ਰਿਹਾ ਹੈ ਜਿਸ ਨਾਲ ਕਈ ਪੱਖਾਂ ਤੇ ਅਸਰ ਪੈ ਰਿਹਾ ਹੈ। ਬਰਤਾਨੀਆਂ ਦੀ ਪ੍ਰਧਾਨ ਮੰਤਰੀ ਮਾਰਗਰੇਟ ਥੈਚਰ ਅਤੇ ਅਮਰੀਕਾ ਵਿਚ ਪ੍ਰਧਾਨ ਰੇਗਨ, ਕਨੇਡਾ ਵਿਚ ਮਲਰੂਨੀ ਆਦਿ ਪੱਛਮੀ ਦੇਸ਼ਾਂ ਵਿਚ ਵਾਪਰ ਰਹੀਆਂ ਘਟਨਾਵਾਂ ਦੇ ਚਿੰਨ੍ਹ ਹਨ ਅਤੇ ਖਾਸ ਕਰ ਅਮਰੀਕੀ ਸਾਮਰਾਜ ਤਾਂ ਅਤਿ ਪਿਛਾਖੜ ਤੇ ਲੋਕ ਵਿਰੋਧੀ ਤੇ ਕੌਮੀ ਆਜ਼ਾਦੀ ਦੀਆਂ ਲਹਿਰਾਂ ਦੇ ਦੁਸ਼ਮਣ ਦਾ ਸਰਦਾਰ ਹੋ ਚੁਕਾ ਹੈ। ਇਹਨਾਂ ਨੇ ਸਾਰੀਆਂ ਦੁਨੀਆਂ ਉਪਰ ਹੀ ਡਿਕਟੇਟਰੀ, ਫੌਜੀ ਜੁੰਡਲੀਆਂ, ਨਵ-ਫਾਸ਼ੀਵਾਦ, ਹਰ ਕਿਸਮ ਦੇ ਸੱਜੂ ਅਤਿਵਾਦ ਅਤੇ ਲੋਕ ਦੁਸ਼ਮਣਾਂ ਦਾ ਸਾਥ ਦਿੱਤਾ ਹੈ। ਇਥੋਂ ਤੱਕ ਕਿ ਸਰਮਾਏਦਾਰ ਲਿਬਰਲ ਜਮਹੂਰੀ ਕਦਰ ਕੀਮਤਾਂ ਤੇ ਸੇਵਾਵਾਂ ਤੇ ਸੱਟ ਮਾਰੀ ਅਤੇ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਦੂਜੀ ਸੰਸਾਰ ਜੰਗ (1945) ਤੋਂ ਪਿਛੋਂ ਸੱਤਵੇਂ ਦਹਾਕੇ ਦੇ ਅੰਤ ਤੱਕ ਪੱਛਮੀ ਸਰਮਾਏਦਾਰੀ ਦੇਸ਼ਾਂ (ਵਿਚ ਹੀ ਉਤਰੀ ਅਮਰੀਕਾ) ਵਿਚ ਵਿਕਾਸ ਖੁਸ਼ਹਾਲੀ ਅਤੇ ਉਨਤੀ ਦਾ ਦੌਰ ਰਿਹਾ ਜਿਸ ਦੌਰਾਨ ਕਈ ਲੋਕ ਸੇਵਾਵਾਂ ਤੇ ਸਮਾਜੀ ਪਰੋਗਰਾਮ ਅਰੰਭੇ ਗਏ। ਬੇਰੁਜ਼ਗਾਰੀ ਅਤੇ ਸਿੱਕੇ ਦੇ ਫੈਲਾਅ ਦੀ ਗੱਲ ਨੂੰ ਸਦਾ ਲਈ ਖਤਮ ਹੋਇਆ ਮੰਨਣ ਦੀ ਕੋਸ਼ਿਸ਼ ਕੀਤੀ ਕੌਮੀ ਆਮਦਨ ਵਿਚ ਵਾਧਾ ਹੋਇਆ ਅਤੇ ਇਹ ਭੀ ਸਿਧਾਂਤ ਘੜਿਆ ਗਿਆ ਕਿ ਮਜ਼ਦੂਰ ਵਰਗ ਖਤਮ ਹੋ ਰਿਹਾ ਅਤੇ ਮੱਧ ਵਰਗ ਵਿਚ ਦਾਖਲ ਹੋ ਰਿਹਾ ਹੈ। ਸੇਹਤ, ਵਿਦਿਆ, ਘਰ, ਹਸਪਤਾਲ ਆਦਿ ਦੇ ਪਰੋਗਰਾਮਾਂ ਨੂੰ ਵਧਾਇਆ ਅਤੇ ਨਾਲ ਹੀ ਪਰਚਾਰਿਆ ਗਿਆ ਕਿ ਇਸ ਸਰਮਾਏਦਾਰੀ ਪ੍ਰਬੰਧ ਵਿਚ ਸਭ ਲਈ ਥਾਂ ਹੈ ਅਤੇ ਮਜ਼ਦੂਰ ਕਿਸਾਨ ਦੀ ਸਰਮਾਏ ਤੇ ਜਾਗੀਰਦਾਰ ਨਾਲ ਟੱਕਰ ਦੀ ਥਾਂ ਮਿਤਰਤਾ, "ਭਿਆਲੀ" ਅਤੇ "ਸਹਿਹੋਂਦ" ਤੇ "ਸਹਿਯੋਗ" ਦੀ ਨੀਤੀ ਠੀਕ ਹੈ। ਸੋ

ਬਾਕੀ ਪੰਨਾ 24 ਤੇ


A.M.C. Carpet Ltd.

Unit 8 - 12950 - 80th Ave. Surrey, B.C.

Carpet-Vinyl-Hardwood

All Popular Brands Supplied & Installed

ਕਿਸੇ ਵੀ ਪ੍ਰਕਾਰ ਦਾ ਕਾਰਪੇਟ ਜਾਂ Lino ਨਵੇਂ ਜਾਂ ਪੁਰਾਣੇ ਘਰ ਵਿਚ ਪਵਾਉਣਾ ਹੋਵੇ, ਸਾਡੀਆਂ ਕੀਮਤਾਂ ਦੂਸਰੇ ਸਟੋਰਾਂ ਨਾਲੋਂ ਘੱਟ ਹਨ, ਪੂਰੇ ਕੰਮ ਦੀ ਗਰੰਟੀ ਹੈ



AMARJIT SINGH CHAHAL

Free Estimate —

ਨਵੇਂ ਜਾਂ ਪੁਰਾਣੇ ਘਰ ਲਈ ਸਾਨੂੰ ਫੋਨ ਕਰੋ :

Phone for appointment

Off. 594-6141

Res. 594-7595

Pager 680-0214



I CAN HELP

I'm an Investors professional financial planner. It's my job to help you create and follow a personal financial plan.

I can help with :

- Investment Funds
- Guaranteed Investment Certificates
- Registeres Retirement Savings Plans
- Estate Planning
- Life and Disability Insurance
- Annuities



Hardial Sidhu (Dale)

Tel: Bus. 682-5431

Investors SYNDICATE LIMITED

MAIN FL., 789 WEST PENDER STREET / VANCOUVER, B.C. V6C 1H2 TELEPHONE BUS. 682-5431

ਮੈਂ ਤੁਹਾਡੀ ਮੱਦਦ ਕਰ ਸਕਦਾ ਹਾਂ

ਮੈਂ ਇਨਵੈਸਟਰਜ਼ ਦਾ ਪ੍ਰੋਫੈਸ਼ਨਲ ਫਾਈਨੈਂਨਸ਼ਲ ਪਲੈਨਰ ਹਾਂ। ਮੇਰਾ ਕੰਮ ਤੁਹਾਡੇ ਜ਼ਾਤੀ ਫਾਈਨੈਂਨਸ਼ਲ ਪਲੈਨ ਵਿਚ ਮੱਦਦ ਕਰਨਾ ਹੈ। ਮੈਂ ਤੁਹਾਨੂੰ ਇਨ੍ਹਾਂ ਬਾਰੇ ਸਲਾਹ ਦੇ ਸਕਦਾ ਹਾਂ !

- ਇਨਵੈਸਟਮੈਂਟ ਫੰਡਜ਼
- ਗਰੰਟੀਡ ਇਨਵੈਸਟਮੈਂਟ ਸਰਟੀਫੀਕੇਟ
- ਰਜਿਸਟਰਡ ਰੀਟਾਇਰਮੈਂਟ ਸੇਵਿੰਗਜ਼ ਪਲੈਨ
- ਇਸਟੇਟ ਪਲੈਨਿੰਗ
- ਜੀਵਨ ਬੀਮਾ ਤੇ ਦੁਰਘਟਨਾ ਬੀਮਾ
- ਐਨੀਉਟੀਜ਼

ਹਰਦਿਆਲ ਸਿੱਧੂ (ਡੇਲ)

Res: 591-2697

ਪੰਨਾ 23 ਦੀ ਬਾਕੀ

ਸਰਮਾਏਦਾਰੀ ਦੀ ਉਦਾਰਤਾ ਤੇ ਖੁੱਲ੍ਹ ਦਿਲੀ ਦਾ ਢੋਲ ਪਿਟਿਆ ਗਿਆ। ਸਰਮਾਏਦਾਰੀ ਸੋਚ ਨੂੰ ਲੋਕਾਂ ਵਿਚ ਰਚਾਉਣ ਤੇ ਭਾਰੂ ਕਰਨ ਲਈ ਹਰ ਢੰਗ ਵਰਤਿਆ ਗਿਆ ਅਤੇ ਇਸ ਲੋਕ ਹਿਤਾਂ ਦੀ ਦੁਸ਼ਮਣ ਨੀਤੀ ਨੂੰ ਹਾਲਾਤ ਦੇ ਅਨੁਸਾਰ ਢਾਲ ਕੇ ਪੇਸ਼ ਕੀਤਾ। ਵਿਦਿਅਕ ਢਾਂਚੇ ਤੋਂ ਲੈ ਕੇ ਧਾਰਮਿਕ ਅਦਾਰਿਆਂ ਨੂੰ ਇਸ ਵਿਚਾਰਧਾਰਾ ਲਈ ਵਰਤਿਆ ਜਾਂਦਾ ਹੈ ਟਰੇਡ ਯੂਨੀਅਨ ਨੂੰ ਭੀ ਹਾਲਾਤ ਦੇ ਅਨੁਸਾਰ ਮਾਣਤਾ ਰਹੀ ਅਤੇ ਸਗੋਂ ਪ੍ਰਬੰਧ ਦੇ ਕਈ ਅਦਾਰਿਆਂ ਵਿਚ ਸ਼ਾਮਲ ਕਰਨ ਦੀ ਕੋਸ਼ਿਸ਼ ਕੀਤੀ। ਸਟੇਟ ਨੂੰ ਕਈ ਜ਼ਿਮੇਵਾਰੀਆਂ ਸੌਂਪੀਆਂ ਗਈਆਂ। ਟੈਕਸ ਪ੍ਰਬੰਧ ਨੂੰ ਭੀ ਕਈ ਭੁਲੇਖੇ ਪੈਦਾ ਕਰਨ ਤੇ ਝਾਉਲਾ ਪਾਉਣ ਲਈ ਵਰਤਿਆ ਗਿਆ ਕਿ ਵੇਖੋ "ਵਿਲਫੇਅਰ ਸਟੇਟ" ਹੈ ਅਤੇ ਖੁਸ਼ਹਾਲੀ ਨੂੰ ਵੰਡਿਆ ਜਾ ਰਿਹਾ ਹੈ ਜਦੋਂ ਕਿ ਅਸਲੀਅਤ ਵਿਚ ਸਰਮਾਏ ਸੰਪਤੀ, ਜਾਇਦਾਦ ਅਤੇ ਪੈਦਾਵਾਰੀ ਸਾਧਨਾਂ ਦੀ ਮਾਲਕੀ ਉਹ ਹੀ ਰਹੀ ਤੇ ਹੈ ਜੋ ਅੱਜ ਤੋਂ ਪੰਜਾਹ ਤੇ ਸੌ ਸਾਲ ਪਹਿਲਾਂ ਸੀ।

ਪਰ ਨਾਲ ਹੀ ਨਾਲ ਦੂਜੀ ਸੰਸਾਰ ਜੰਗ ਤੋਂ ਪਿਛੋਂ ਅਮਰੀਕੀ ਸਾਮਰਾਜ ਦੀ ਸਰਦਾਰੀ ਅਧੀਨ ਸਮਾਜਵਾਦ, ਕੌਮੀ ਆਜ਼ਾਦੀ ਲਹਿਰਾਂ ਵਿਰੋਧੀ "ਨੇਟੋ" ਫੌਜੀ ਗੱਠਜੋੜ ਖੜਾ ਕੀਤਾ। ਮਾਰਸ਼ਲ ਪਲੈਨ ਨੂੰ ਭੀ ਦੁਨੀਆਂ ਉਪਰ ਭਾਰੂ ਹੋਣ ਅਤੇ ਪੱਛਮੀ ਯੂਰਪੀ ਸਾਮਰਾਜ ਵਿਚ ਸਾਹ ਸੱਤਾ ਭਰਨ ਲਈ ਵਰਤਿਆ। ਸੀਟੋ ਭੀ ਏਸ਼ੀਆ ਲਈ ਸਾਮਰਾਜੀ ਗੱਠਜੋੜ ਸੀ ਜਿਸ ਦਾ ਪਾਕਿਸਤਾਨ ਭੀ ਮੈਂਬਰ ਸੀ। 1970ਵੇਂ ਤੋਂ ਪਿਛੋਂ ਅਮਰੀਕਾ ਦੀ ਐਕਸਪੋਰਟ ਵਿਚ ਘਾਟਾ ਆਇਆ ਤੇ ਹਿੱਸਾ ਘਟਿਆ। ਜਾਪਾਨ ਤੇਜ਼ੀ ਨਾਲ ਅੱਗੇ ਤੁਰਿਆ, ਆਰਥਕ ਸੰਕਟ ਤੇ ਆਮਦਨ ਖਰਚੇ ਦੇ ਤੋਲ ਵਿਚ ਆਮਦਨ ਘਟੀ ਅਤੇ ਬੱਜਟ ਖਸਾਰੇ ਵਿਚ ਤੇਜ਼ੀ ਨਾਲ ਜਾਣ ਲੱਗਾ। ਵਿਦੇਸ਼ਾਂ ਨੂੰ ਐਕਸਪੋਰਟ ਦੀ ਥਾਂ ਅੰਦਰ ਮੰਗਵਾਉਣ (ਇੰਪੋਰਟ) ਦਾ ਮਸਲਾ ਵਧਿਆ ਜਿਸ ਨਾਲ ਘਰੇਲੂ ਆਮਦਨ ਖਰਚ ਤੇ ਭਾਰੀ ਅਸਰ ਪਿਆ। ਵੀਅਤਨਾਮ ਦੀ ਜੰਗ ਨੇ ਤਾਂ ਅਮਰੀਕਾ ਦੀ ਆਰਥਿਕਤਾ ਜੰਗੀ ਆਰਥਕਤਾ ਬਣਾ ਦਿਤੀ ਅਤੇ ਹੁਣ ਤਾਂ ਹਥਿਆਰਾਂ ਉਪਰ ਅਰਬਾਂ ਖਰਬਾਂ ਰੁਪਏ ਖਰਚ ਕੀਤੇ ਜਾ ਰਹੇ ਹਨ ਅਤੇ ਤੀਜੀ (ਘੱਟ ਵਿਕਸਤ ਦੁਨੀਆਂ) ਨੂੰ ਲੁੱਟਿਆ ਜਾ ਰਿਹਾ ਹੈ। ਗੁੱਟ ਨਿਰਲੇਪ ਲਹਿਰ ਦਾ ਘੇਰਾ ਤੇ ਅਸਰ ਵਧਿਆ ਜਿਸ ਨਾਲ ਸਾਮਰਾਜੀ ਮਨਸੂਬਿਆਂ ਨੂੰ ਸੱਟ ਵੱਜਦੀ ਹੈ। ਸਾਮਰਾਜੀਆਂ ਨੇ "ਤਿੰਨ ਕੇਂਦਰੀ" ਯੁੱਧਨੀਤੀ ਘੜੀ ਕਿ ਕਿਵੇਂ ਇਸ ਸੰਕਟ ਦਾ ਮੁਕਾਬਲਾ ਹੋਵੇ। ਸਰਮਾਏਦਾਰੀ ਸੰਕਟ ਖਤਮ ਨਹੀਂ ਹੋ ਸਕਦਾ ਕਿਉਂਕਿ ਇਹ ਤਾਂ ਸਰਮਾਏਦਾਰੀ ਦਾ ਆਪਣਾ ਪੈਦਾ ਕੀਤਾ ਹੋਇਆ ਅਟੁੱਟ ਅੰਗ ਹੈ। 1973 ਤੋਂ ਹੀ "ਤਿੰਨੀ ਧਿਰੀ ਕਮਿਸ਼ਨ" (ਟਰਾਈ ਲੇਟਰਲ ਕਮਿਸ਼ਨ) ਬਣਾਇਆ ਗਿਆ ਜਿਸ ਰਾਹੀਂ ਵੱਡੇ ਵਪਾਰੀਆਂ, ਸਿਆਸੀ ਪਾਰਟੀਆਂ ਅਤੇ ਵਿਚਾਰਧਾਰਕ ਅਦਾਰਿਆਂ ਦੇ ਨੁਮਾਇੰਦਿਆਂ ਦਾ ਵਿਚਾਰ ਵਿਟਾਂਦਰਾ ਹੋਵੇ ਅਤੇ 1975 ਤੋਂ ਸੱਤ ਸਿਰ ਕੱਢ ਸਰਮਾਏਦਾਰ ਦੇਸ਼ਾਂ ਦੇ ਨੇਤਾ ਬਾਕਾਇਦਗੀ ਨਾਲ ਮਿਲਦੇ ਹਨ ਅਤੇ ਦਾਅ ਪੇਚ ਘੜਦੇ ਹਨ। ਇਹਨਾਂ ਦੀ ਪਿਛਲੀ ਮੀਟਿੰਗ ਟੋਕੀਓ ਵਿਚ ਮਈ 1986 ਵਿਚ ਹੋਈ ਸੀ ਕਿ ਸਮਾਜਵਾਦ ਦੀ ਬੜੌਤੀ ਅਤੇ ਮਜ਼ਦੂਰ ਲਹਿਰਾਂ ਨੂੰ ਕਿਵੇਂ ਰੋਕਿਆ ਅਤੇ ਕਾਬੂ ਕੀਤਾ ਜਾਵੇ।

ਸੋ ਅਜੋਕੀ ਜਮਾਤੀ ਜਦੋ ਜਹਿਦ ਆਰਥਿਕ ਮਸਲਿਆਂ ਦੇ ਨਾਲ ਨਾਲ ਹੋਰ ਸੰਬੰਧਤ ਮਸਲਿਆਂ ਅਤੇ ਇਹਨਾਂ ਤੋਂ ਬਿਨਾਂ ਹੋਰ ਪਹਿਲੂਆਂ ਤੇ ਉਪਰਲੇ ਢਾਂਚਿਆਂ ਵਿਚ ਭੀ ਜਦੋ ਜਹਿਦ ਚਲ ਰਹੀ ਹੈ। ਕੌਮੀ ਘਰੇਲੂ ਪੈਦਾਵਾਰ ਪਹਿਲੇ ਸਾਲਾਂ ਨਾਲੋਂ ਘਟੀ ਹੈ ਪਰ ਨਾਲ ਹੀ ਆਮ ਲੋਕਾਂ ਦੀ ਨਿੱਜੀ ਆਮਦਨ ਵਿਚ ਨਿਘਾਰ ਆਇਆ ਤੇ ਉਪਰਲੇ ਪੰਜ ਤੋਂ ਦਸ ਫੀ ਸਦੀ ਲੋਕਾਂ ਦੀ ਆਮਦਨ ਵਿਚ ਵਾਧਾ ਹੋਇਆ ਹੈ ਭਾਵ ਕਿ ਪਾੜਾ ਵਧਿਟਾ ਹੈ। ਸਰਮਾਏਦਾਰੀ ਸਰਕਾਰਾਂ ਪਲੈਨਿੰਗ ਤੇ ਮੁੱਖ ਸਿਆਸੀ ਨੀਤੀਆਂ ਇਸ ਢੰਗ ਦੀਆਂ ਧਾਰਨ ਕਰ ਰਹੀਆਂ ਹਨ ਜੋ ਘਰੇਲੂ ਤੇ ਵਿਦੇਸ਼ੀ ਨੀਤੀਆਂ ਨੂੰ ਪਹਿਲਾਂ ਹੀ ਨਿਸਚਿਤ (ਨਿਰਧਾਰਤ) ਕਰਦੀਆਂ ਹਨ। ਸਰਕਾਰਾਂ ਹਾਕਮ ਜਮਾਤ ਦੀਆਂ ਇਛਾਵਾਂ ਨੂੰ ਮੁੱਖ ਰੱਖ ਕੇ ਨੀਤੀਆਂ ਲਾਗੂ ਕਰਦੀਆਂ ਹਨ। ਹਾਕਮ ਜਮਾਤ ਪਾਰਲੀਮੈਂਟ ਤੇ ਇਸ ਦੇ ਬਣਾਏ ਕਾਨੂੰਨਾਂ ਨੂੰ ਕੰਟਰੋਲ ਕਰਦੀ ਹੈ। ਅਸਲ ਹਾਕਮ ਜਮਾਤ ਹੀ ਕਾਨੂੰਨ, ਨਿਯਮ ਅਤੇ ਡਰਾਫਟ ਘੜਦੀ ਤੇ ਪੇਸ਼ ਕਰਵਾਉਂਦੀ ਹੈ।

ਬਾਕੀ ਪੰਨਾ 25 'ਤੇ


NORTH AMERICAN LIFE ASSURANCE COMPANY

NORTH AMERICAN LIFE

- Life Insurance
- Mortgage Insurance
- Children's educational Plans
- R R S P

Malkiat Mutti
representative
320, 815 West Hastings St.
Vancouver, B.C. V6C 2W1

Bus. 685-9335
Res. 522-7167





DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS

WE DO NEW HOME PLUMBING ALSO

CONTACT:

PAUL'S PLUMBING & ELECTRICAL SUPPLY

4774 Main Street, (At 32nd.)
Vancouver, B.C.

PH: 872-3118 (Supply)
872-7227 (Service)

"Free customer parking at rear" OPEN SUNDAYS





# Business Financial Planning

How can I ensure that in the future my estate will have the necessary liquidity to meet outstanding debts, taxes, etc.?

Estate Analysis

Taking Care of Your Family and Business





What about a basic benefits package for my employees?

Group Insurance

Recruiting and Retaining Key Employees





How can I increase my retirement benefits?

Registered Retirement Savings Plan

Affordable Retirement Packages for You and Your Employees





Find Out More About The Plan(s) That Interest You Call Your Financial Planner and Complete Brokerage Service:





Sudesh Kalia
Bus: (604) 685-9335
Res: (604) 254-5837

ASSURING BRIGHT FINANCIAL FUTURES

NORTH AMERICAN LIFE
#320 - 815 W. Hastings Street
VANCOUVER, B.C. V6C 2W1

ਪੰਨਾ ੨੫ ਦੀ ਬਾਕੀ

ਫਰੇਜ਼ਰ ਇਨਸਟੀਚਿਊਟ ਵਰਗੇ ਦਲੀਲਾਂ ਤੇ ਸਲਾਹ ਦਿੰਦੇ ਹਨ। ਕਨੇਡਾ ਦੀ ਸਰਕਾਰ ਦਾ ਦੁਆਈਆਂ ਸੰਬੰਧੀ ਪੇਟੰਟ ਕਾਨੂੰਨ ਅਤੇ ਬੀ ਸੀ ਦੀ ਸਰਕਾਰ ਦੇ ਲੋਕ ਮਾਰੂ ਬਿਲ 19 ਅਤੇ 20 ਹਾਕਮ ਜਮਾਤ ਦੀ ਸੇਵਾ ਅਤੇ ਮਜ਼ਦੂਰ ਸੰਗਠਨ (ਯੂਨੀਅਨ) ਨੂੰ ਖਤਮ ਕਰਨ ਦੀਆਂ ਮਿਸਾਲਾਂ ਹਨ।

ਜਮਹੂਰੀ ਰਿਵਾਇਤਾਂ ਤੇ ਜਿੱਤੀਆਂ ਹੋਈਆਂ ਪ੍ਰਾਪਤੀਆਂ ਨੂੰ ਖੋਰਨ ਦੇ ਯਤਨ ਹੋ ਰਹੇ ਹਨ। ਆਖਿਆ ਜਾ ਰਿਹਾ ਹੈ ਕਿ ਸਟੇਟ ਦਖਲ ਅੰਦਾਜ਼ੀ ਛੱਡੇ ਅਤੇ ਪ੍ਰਾਈਵੇਟ ਧਨਾਢਾਂ ਨੂੰ ਮਾਰਕਿਟ ਤਾਕਤਾਂ ਦੇ ਅਨੁਸਾਰ ਕੰਮ ਕਰਨ ਦਿਤਾ ਜਾਏ। ਲੁੱਟ ਦੀ ਖੁੱਲ ਮੰਗੀ ਜਾ ਰਹੀ ਹੈ। ਪਰ ਇਸ ਨਾਲ ਪਤਵਾਰ (ਸਟੇਅਰਿੰਗ) ਤੋਂ ਬਿਨਾਂ ਇਸ ਪ੍ਰਬੰਧ ਦੀ ਕਿਸ਼ਤੀ ਹੋਰ ਡੂੰਘੇ ਸੰਕਟ ਤੇ ਮੰਝਦਾਰ ਵਿਚ ਫਸੇਗੀ। ਨਿੱਜੀ, ਵਿਅਕਤੀ ਦੀ ਭਲਾਈ ਤੇ ਨਿੱਜੀ ਆਜ਼ਾਦੀ ਦੇ ਢੌਂਗੀ ਨਾਅਰੇ ਲਾਏ ਜਾਂਦੇ ਹਨ। ਲੋਕ ਸਮਾਜਿਕ ਸੇਵਾਵਾਂ ਆਦਿ ਨੂੰ ਭੀ ਸਮਾਜਵਾਦੀ ਧਾਰਾ ਦੇ ਵਿਰੁਧ ਵਰਤਿਆ ਜਾਂਦਾ ਹੈ। ਲੋਕਾਂ ਦੀ ਇਹਨਾਂ ਸੇਵਾਵਾਂ ਅਤੇ ਹੱਕਾਂ ਲਈ ਲੜਾਈ ਸਮਾਜਵਾਦੀ ਵਿਚਾਰਧਾਰਾ ਦੇ ਹਰਮਨ ਪਿਆਰੇ ਹੋਣ ਦਾ ਪ੍ਰਗਟਾਵਾ ਹੈ। ਨਾ ਬਰਾਬਰੀ ਨੂੰ ਕੁਦਰਤ ਦੀ ਦੇਣ ਆਖਿਆ ਜਾਂਦਾ ਅਤੇ ਦੱਸਿਆ ਜਾਂਦਾ ਹੈ ਕਿ ਹਰ ਇਕ ਨੂੰ ਅਮੀਰੀ ਦੇ ਬਰਾਬਰੀ ਦੇ ਮੌਕੇ ਹਨ ਜਦ ਕਿ ਅਸਲ ਵਿਚ ਮਜ਼ਦੂਰ ਤੇ ਗਰੀਬ ਜਨਤਾ ਨੂੰ ਬਰਾਬਰੀ ਦੇ ਮੌਕੇ ਹਨ ਹੀ ਨਹੀਂ। ਰੇਗਨ, ਥੈਚਰ, ਮਲਰੂਨੀ ਅਤੇ ਬੀ ਸੀ ਦਾ ਵੈਂਡਰ ਜ਼ਾਮ ਆਦਿ ਤਾਂ ਯੂਨੀਅਨ ਤੋੜਨ, ਸਮਾਜਿਕ ਸੇਵਾਵਾਂ ਖਤਮ ਕਰਨ ਅਤੇ ਹਰ ਚੀਜ਼ ਪ੍ਰਾਈਵੇਟ ਹੱਥਾਂ ਵਿਚ ਦੇਣ ਲਈ ਤੁਰੇ ਹੋਏ ਹਨ। ਲੋਕਾਂ ਤੋਂ ਇਸ ਪ੍ਰਬੰਧ ਦੀਆਂ ਆਪਾ ਵਿਰੋਧੀ ਨੀਤੀਆਂ ਲਕੋਣ ਦਾ ਯਤਨ ਕੀਤਾ ਜਾਂਦਾ ਹੈ ਜਿਵੇਂ ਇਕ ਪਾਸੇ ਬਰਾਬਰੀ ਤੇ ਜਮਹੂਰੀਅਤ ਦੀ ਗੱਲ ਕੀਤੀ ਜਾਂਦੀ ਹੈ ਪਰ ਦੂਜੇ ਪਾਸੇ ਇਹਨਾਂ ਨੂੰ ਖੋਹਣ ਲਈ ਨੀਤੀਆਂ ਧਾਰਨ ਕੀਤੀਆਂ ਜਾ ਰਹੀਆਂ ਹਨ।

ਸੱਜ ਪਿਛਾਖੜ ਅਤੇ ਅਤਿਵਾਦ ਅਜ਼ਾਰੇਦਾਰਾਂ ਦੀ ਸੇਵਾ ਕਰਦੇ ਹਨ ਅਤੇ ਇਹਨਾਂ ਦਾ ਪੈਦਾ ਤੇ ਸਰਗਰਮ ਹੋਣਾ ਸੰਕਟ ਅਤੇ ਹਾਕਮ ਜਮਾਤ ਦੀ ਪਤਲੀ ਪੈ ਰਹੀ ਪੁਜ਼ੀਸ਼ਨ ਦਾ ਪ੍ਰਗਟਾਵਾ ਹਨ। ਜੋ ਅਸਥਿਰਤਾ ਪੈਦਾ ਕਰਨ ਦੀ ਨਿਸ਼ਾਨੀ ਹੈ। ਅਮਰੀਕਾ, ਜਰਮਨੀ, ਫਰਾਂਸ, ਬਰਤਾਨੀਆ ਅਤੇ ਕਨੇਡਾ ਆਦਿ ਵਿਚ "ਐਮਰਜੰਸੀ ਨਿਯਮ" ਮਜ਼ਬੂਤ ਕਰਨ ਅਤੇ ਲੇਬਰ ਕੋਡ ਰਾਹੀਂ ਮਜ਼ਦੂਰਾਂ ਤੋਂ ਹੱਕ ਖੋਹਣ ਦੇ ਯਤਨ ਹੋ ਰਹੇ ਹਨ। ਮਨੁੱਖੀ ਹੱਕਾਂ ਦੀ ਗੱਲ ਹੀ ਕੋਈ ਨਹੀਂ। ਪਾਰਲੀਮੈਂਟਾਂ ਤੇ ਅਸੰਬਲੀਆਂ ਨੂੰ ਹੋਰ ਕਈ ਰੋਕਾਂ ਲਈ ਵਰਤਿਆ ਜਾ ਰਿਹਾ ਹੈ ਜਿਵੇਂ ਚੋਣ ਹਲਕਿਆਂ ਦੀਆਂ ਹੱਦਬੰਦੀਆਂ ਤੋੜੀਆਂ ਤੇ ਹਿਤ ਅਨੁਸਾਰ ਉਸਾਰੀਆਂ ਜਾਂਦੀਆਂ ਹਨ। ਚੋਣ ਲਈ ਲੱਖਾਂ ਡਾਲਰਾਂ ਦੇ ਤੋਹਫੇ ਭੀ ਇਸ ਕੜੀ ਦਾ ਹਿਸਾ ਹਨ। ਲੌਬੀ ਅਤੇ ਦਬਾਅ ਲਈ ਕਈ ਮਾਹਰ, ਅਦਾਰੇ ਆਦਿ ਵਰਤੇ ਜਾਂਦੇ ਹਨ। ਪਰ ਕਈ ਵਾਰੀ ਲੋਕਾਂ ਦੀ ਬੇਚੈਨੀ, ਰੋਹ, ਹੱਕਾਂ ਲਈ ਜੱਦੋ ਜਹਿਦ ਤੇ ਉਸ ਦੀ ਤੀਖਣਤਾ ਦੇ ਕਾਰਨ ਸਰਮਾਏਦਾਰੀ ਹਾਕਮਾਂ ਨੂੰ ਸੋਚਣ, ਰੁਕਣ ਤੇ ਮੋੜਾ ਪਾਉਣ ਤੇ ਮਜ਼ਬੂਰ ਹੋਣਾ ਪੈਂਦਾ ਹੈ। ਜਿਵੇਂ ਅਮਰੀਕਾ ਵਿਚ ਈਰਾਨ ਨੂੰ ਹਥਿਆਰਾਂ ਦਾ ਸਕੈਂਡਲ ਅਤੇ ਨਿਕਾਰਾਗੁਆ ਵਿਰੁਧ ਲੋਕ ਦੁਸ਼ਮਣਾਂ ਨੂੰ ਮੱਦਦ ਤੋਂ। ਇਸ ਚੌਖਟੇ ਵਿਚ ਸਰਮਾਏਦਾਰ ਹਿਤੂ ਪਾਰਟੀਆਂ ਦੇ ਆਪਸੀ ਬਦਲ ਨੂੰ ਬੜਾ ਵਧਾ ਕੇ ਪੇਸ਼ ਕੀਤਾ ਜਾਂਦਾ ਹੈ ਜਦੋਂ ਕਿ ਅਸਲ ਬਦਲ ਮਜ਼ਦੂਰ ਦੀ ਅਗਵਾਈ ਵਾਲੀ ਸਰਕਾਰ ਹੋਵੇਗੀ। ਇਹ ਭੀ ਪ੍ਰਚਾਰ ਹੈ ਕਿ ਸਰਮਾਏਦਾਰ ਤੇ ਮਜ਼ਦੂਰ ਪਾਰਟੀਆਂ ਬਰਾਬਰ ਹਨ ਅਤੇ ਸੱਤਾ ਵਿਚ ਆਉਣ ਲਈ ਖੁੱਲ੍ਹ ਹੈ। ਅਸਲ ਵਿਚ ਇਸ ਨਾਲ ਸਰਮਾਏਦਾਰੀ ਦੀ ਸੇਵਾ ਅਤੇ ਜਮਾਤੀ ਖਾਸੇ ਵਾਲੀਆਂ ਪਾਰਟੀਆਂ ਦੇ ਡੂੰਘੇ ਜਮਾਤੀ ਫਰਕ ਉਪਰ ਪਰਦਾ ਪਾਉਣ ਦਾ ਯਤਨ ਹੈ।

ਪਰ ਇਸ ਤੋਂ ਇਹ ਅੰਦਾਜ਼ਾ ਨਹੀਂ ਲਾਉਣਾ ਚਾਹੀਦਾ ਕਿ ਮਜ਼ਦੂਰ ਤੇ ਆਮ ਲੋਕ ਚੁੱਪ ਹਨ। ਇਹਨਾਂ ਦੇਸ਼ਾਂ ਦੇ ਬਹੁਤ ਸਾਰੇ ਨੌਜਆਨ ਸਰਮਾਏਦਾਰ ਪਾਰਟੀਆਂ ਨਾਲ ਨਹੀਂ ਹਨ ਅਤੇ ਪਸੰਦ ਨਹੀਂ ਕਰਦੇ। ਦੱਖਣੀ ਕੋਰੀਆ ਵਿਚ ਲੋਕਾਂ ਦੇ ਮੁਜ਼ਾਹਰੇ, ਅਮਨ ਲਈ ਯੂਰਪ ਤੇ ਉਤਰੀ ਅਮਰੀਕਾ ਵਿਚ ਕਰੋੜਾਂ ਲੋਕਾਂ ਦੇ ਜਲੂਸ ਅਤੇ ਅਸੰਬਲੀਆਂ ਤੇ ਪਾਰਲੀਮੈਂਟ ਵਿਚ ਨੁਮਾਇੰਦਿਆਂ ਦਾ ਜਿੱਤੇ ਜਾਣਾ ਇਸ ਗੱਲ ਦਾ ਸਬੂਤ ਹੈ ਕਿ ਮਜ਼ਦੂਰ ਵਰਗ ਚੁੱਪ ਨਹੀਂ ਬਲਕਿ ਆਪਣੇ ਰਾਹ ਤੇ ਅੱਗੇ ਤੁਰਦਾ ਜਾ ਰਿਹਾ ਹੈ। ਸਰਮਾਏਦਾਰਾਂ ਦੀ ਆਪਸੀ ਟੱਕਰ ਭੀ ਹੈ ਅਤੇ ਪਹਿਲੀਆਂ ਦੋ ਸੰਸਾਰ ਜੰਗਾਂ ਸਾਮਰਾਜੀਆਂ ਦੀਆਂ ਆਪਸੀ ਲੁੱਟਾਂ ਤੇ ਟੱਕਰਾਂ ਦੇ ਕਾਰਨ ਸੀ। ਪਰ ਅਜ ਸਮੇਂ ਦੀ ਮੁਖ ਵਿਰੋਧਤਾਈ ਸਾਮਰਾਜੀ ਅਤੇ ਸਮਾਜਵਾਦੀ ਪ੍ਰਬੰਧਾਂ ਦੇ ਵਿਚਕਾਰ ਹੈ। ਅਮਰੀਕੀ ਸਾਮਰਾਜ ਲੋਕ ਦੁਸ਼ਮਣ ਸੱਜ ਪਿਛਾਖੜ ਦਾ ਚਿੰਨ੍ਹ ਹੈ ਜੋ ਹਰ ਲੋਕ ਹਿਤੂ ਨੂੰ ਖਤਮ ਕਰਨਾ ਚਾਹੁੰਦਾ ਹੈ ਪਰ ਹੁਣ ਮਜ਼ਦੂਰ ਜਮਾਤ ਦਾ ਰੋਲ ਵਧ ਰਿਹਾ ਹੈ ਅਤੇ ਦੁਨੀਆਂ ਵਿਚ ਫੈਸਲਾਕੁਨ ਤਾਕਤ ਹੈ। ਇਨਸਾਨੀਅਤ ਦੀ ਉਨਤੀ ਤੇ ਭਲਾਈ ਲਈ ਮਜ਼ਦੂਰ ਵਰਗ ਅਗਵਾਈ ਦੇ ਰਹੀ ਹੈ ਅਤੇ ਜਿੱਤ ਭੀ ਅਵੱਸ਼ ਤੌਰ ਤੇ ਮਜ਼ਦੂਰ ਜਮਾਤ ਦੀ ਹੋਵੇਗੀ। (ਹਾਂ ਵਕਤੀ ਤੌਰ ਤੇ ਕਈ ਥਾਵਾਂ ਤੇ ਧੱਕਾ ਲੱਗ ਸਕਦਾ ਹੈ)।




**• ਸੁਨਹਿਰੀ ਮੌਕਾ**

ਮੈਜਿਸਟਰੇਟ—(ਚੋਰ ਨੂੰ) ਤੂੰ ਦਿਨ ਦਿਹਾੜੇ ਸ਼ੋ-ਕੇਸ ਦੇ ਅੰਦਰੋਂ ਹਾਰ ਕਿਉਂ ਚੋਰੀ ਕੀਤਾ ?

ਚੋਰ—ਜਨਾਬ, ਮੈਂ ਉੱਥੋਂ ਲੰਘਿਆ ਤਾਂ ਦੁਕਾਨ 'ਤੇ ਲਿਖਿਆ ਸੀ, ਅਜਿਹਾ ਸੁਨਹਿਰੀ ਮੌਕਾ ਫਿਰ ਹੱਥ ਨਹੀਂ ਆਵੇਗਾ।"

**• ਸਮੱਸਿਆ ਦਾ ਹਲ**

ਪਤਨੀ ਨੇ ਪਤੀ ਤੋਂ ਕੁਝ ਰੁਪਏ ਮੰਗੇ ਤਾਂ ਪਤੀ ਨੇ ਜਵਾਬ ਦਿਤਾ—"ਬੇਗਮ, ਮੇਰੀ ਜੇਬ 'ਚ ਤਾਂ ਫੁੱਟੀ ਕੌਡੀ ਵੀ ਨਹੀਂ ਤੇ ਮੈਂ ਸੋਚ ਰਿਹਾ ਹਾਂ ਕਿ ਹਾਲੇ ਤਨਖਾਹ ਨੂੰ ਇੱਕੀ ਦਿਨ ਬਾਕੀ ਨੇ। ਕੀ ਬਣੇਗਾ?"

ਪਤਨੀ ਨੇ ਘਬਰਾ ਕੇ ਕਿਹਾ—"ਹੇ ਰਾਮ ! ਹੁਣ ਕੀ ਬਣੇਗਾ ?"

ਪਤੀ ਬੋਲਿਆ—"ਹੋਣਾ ਕੀ ਏ ? ਮੈਂ ਇਹਦਾ ਇਹ ਹਲ ਸੋਚਿਆ ਏ ਕਿ ਸਾਰੇ ਬੱਚਿਆਂ ਨੂੰ ਏਨ੍ਹਾਂ ਦੇ ਨਾਨਕੇ ਭੇਜ ਦਿੱਤਾ ਜਾਵੇ। ਤੂੰ ਆਪਣੇ ਪੇਕੇ ਚਲੀ ਜਾ ਤੇ ਮੇਰਾ ਰੱਬ ਰਾਖਾ ਏ। ਮੈਂ ਆਪਣੇ ਸਹੁਰੇ ਚਲਾ ਜਾਵਾਂਗਾ।"


James Sue & Co. Immigration Advocates are pleased to announce that

**JACK VOLRICH** B.A. LL.B.
LAWYER

**former Mayor of City of Vancouver**

has now joined their firm in the practice of immigration laws.
If you have immigration problems and need expertise advice contact :

**James Sue & Co.**
**5024 Victoria Dr. Vancouver, B.C.**
**Ph. 324-9441**

ਸਾਬਕਾ ਮੇਅਰ ਵੈਨਕੂਵਰ
**ਜੈਕ ਵੌਲਰਿਚ**
ਨੇ ਜੇਮਜ਼ ਸੂ ਐਂਡ ਕੰਪਨੀ ਵਿਚ ਇਮੀਗਰੇਸ਼ਨ ਮਾਮਲਿਆਂ ਦੇ ਸਲਾਹਕਾਰ ਵਜੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ



**Via Rail Tickets Now issued here** to U.S.A and CANADA

**ਹੁਣੇ ਬੁੱਕ ਕਰਾਓ**

ਤੁਸੀਂ ਪੰਜਾਬੀ, ਹਿੰਦੀ, ਉਰਦੂ, ਇੰਗਲਿਸ਼ ਵਿਚ ਗੱਲਬਾਤ ਕਰ ਸਕਦੇ ਹੋ

**Travel to India, Europe &**

ONE WAY FARE IS ALSO AVAILABLE TO TORONTO ONLY
BOOK EARLY TO AVOID DISAPPOINTMENT

*For booking conditions please call:*



***Fourways Travel Limited***
9341 - 120 St., (Scott Rd.) Delta, B.C.
**Ph. (604) 584-1411**

**Anywhere in the world.**

ਸਰੀ-ਡੈਲਟਾ ਦੇ ਵਸਨੀਕਾਂ ਨੂੰ ਵੈਨਕੂਵਰ ਜਾਣ ਦੀ ਲੋੜ ਨਹੀਂ — ਅਸੀਂ ਇਥੋਂ ਹੀ ਦੁਨੀਆਂ ਦੇ ਕਿਸੇ ਵੀ ਕੋਨੇ ਲਈ ਟਿਕਟਾਂ ਦੇ ਸਕਦੇ ਹਾਂ

**• ਰੋਕਦੇ ਕਿਉਂ ਨਹੀਂ**

"ਤੇਰਾ ਦੋਸਤ ਇਕ ਕੁਚੱਜੀ, ਬਦਤਮੀਜ਼, ਝਗੜਾਲੂ ਤੇ ਬਦਸੂਰਤ ਔਰਤ ਨਾਲ ਸ਼ਾਦੀ ਕਰਨਾ ਚਾਹੁੰਦਾ ਏ। ਤੂੰ ਉਹਨੂੰ ਰੋਕਦਾ ਕਿਉਂ ਨਹੀਂ ?" ਪਤਨੀ ਨੇ ਕਿਹਾ।

"ਮੈਂ ਉਹਨੂੰ ਕੀ ਆਖਾਂ ? ਕਿਉਂ ਰੋਕਾਂ ? ਕੀ ਉਹ-ਨੇ ਤੇਰੇ ਨਾਲ ਸ਼ਾਦੀ ਕਰਨੋਂ ਰੋਕਿਆ ਸੀ ?"

ਪੰਨਾ ੨੧ ਦੀ ਬਾਕੀ

ਘਰ ਦੇ ਆ ਕੇ ਪੱਥ ਵਿਚੋਂ ਉਠਾ ਕੇ ਲਿਜਾਂਦੇ ਹਨ। ਸਿੱਖਾਂ ਨੇ ਸ਼ਰਾਬ ਪੀਣ ਵਿਚ ਅੰਗਰੇਜ਼ਾਂ ਨੂੰ ਤਾਂ ਕੀ ਸਕਾਟਿਸ਼ਾਂ ਨੂੰ ਵੀ ਮਾਤ ਪਾ ਦਿੱਤਾ। ਪਰ ਸ਼ਰਾਬ ਪੀਣ ਦੀ ਆਦਤ ਨਵੀਂ ਪਨੀਰੀ ਵਿਚ ਬਹੁਤ ਘੱਟ ਹੈ।

1984 ਪਿਛੋਂ ਦੇ ਪੰਜਾਬ ਵਿਚ ਹੋਏ ਘੱਲੂਘਾਰੇ ਨੇ ਸਾਰੇ ਸਿੱਖ ਜਗਤ ਵਿਚ ਪੁਨਰ ਸੁਰਜੀਤੀ ਦੀ ਜਾਗ੍ਰਿਤੀ ਲੈ ਆਂਦੀ ਹੈ। ਬਰਤਾਨੀਆ ਵਸਦੇ ਨੌਜਵਾਨਾਂ ਨੇ ਸਿੱਖੀ ਵਿਚਾਰਧਾਰਾ ਨੂੰ ਕੇਵਲ ਸਵੀਕਾਰ ਹੀ ਨਹੀਂ ਕੀਤਾ ਸਗੋਂ ਪ੍ਰਸਾਰਨ ਅਤੇ ਪ੍ਰਚਾਰਨ ਲਈ ਵੀ ਯਤਨਸ਼ੀਲ ਹੋਏ ਹਨ। ਇਸ ਨਵੀਂ ਪੀੜ੍ਹੀ ਲਿਖੀ ਅਤੇ ਅੰਗਰੇਜ਼ੀ ਸਮਾਜ ਵਿਚ ਪ੍ਰਵਾਨ ਚੜ੍ਹੀ ਪੀੜ੍ਹੀ ਸਿਖੀ ਲਈ ਜੋ ਕੁਝ ਵੀ ਕਰੇਗੀ, ਨਿਸ਼ਕਾਮਤਾ ਨਾਲ ਕਰੇਗੀ, ਵਚਨਬੱਧਤਾ ਨਾਲ ਕਰੇਗੀ। ਉਸ ਵਿਚ ਸਾਡੇ ਅਖੌਤੀ ਲੀਡਰਾਂ ਵਾਲਾ ਖੁਦਗਰਜ਼ੀ ਵਾਲਾ ਰੰਗ ਨਹੀਂ ਹੋਵੇਗਾ। ਬਰਤਾਨੀਆ ਅਤੇ ਯੂਰਪ ਦੇ ਹੋਰ ਦੇਸ਼ਾਂ ਵਿਚ ਸਿੱਖ ਧਰਮ ਪੜ੍ਹਿਆਂ ਲਿਖਿਆਂ ਅਤੇ ਦਾਨਸ਼ਵਰਾਂ ਦਾ ਧਰਮ ਹੋਵੇਗਾ। ਇਹ ਆਸਵੰਦ ਅਤੇ ਉਸਾਰੂ ਸੰਕੇਤ ਹੈ ਜਿਸ ਤੋਂ ਪਹਿਲੀ ਪੀੜ੍ਹੀ ਦੇ ਸਿੱਖਾਂ ਨੂੰ ਖੁਸ਼ ਅਤੇ ਸੰਤੁਸ਼ਟ ਹੋਣਾ ਚਾਹੀਦਾ ਹੈ।

ਪਹਿਲੀ ਪੀੜ੍ਹੀ ਨੂੰ ਇਸ ਗੱਲ ਦਾ ਮਾਣ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਦੀ ਮਿਹਨਤ ਵਰ ਆਈ ਹੈ। ਰੋਟੀ ਲਈ ਜਿਹੜੀ ਉਨ੍ਹਾਂ ਘਾਲਣਾ ਘਾਲੀ, ਕਰੜੀ ਮੁਸ਼ਕਤ ਕੀਤੀ, ਦਸੌਂਟੇ ਕੱਟੇ, ਉਨ੍ਹਾਂ ਦਾ ਉਹ ਮੁੜ੍ਹਕਾ ਅਜ ਮੋਤੀ ਬਣਿਆ ਹੈ। ਸਾਡੀ ਸਥਾਪਨਾ ਨੇ ਹੀ ਨਵੀਂ ਪੀੜ੍ਹੀ ਨੂੰ ਸਵੈ-ਵਿਸ਼ਵਾਸ ਪ੍ਰਦਾਨ ਕੀਤਾ ਹੈ। ਜਿਸ ਆਸਰੇ ਉਹ ਸਿੱਖੀ ਦੀ ਗੱਲ ਅੱਗੇ ਤੋਰਨ ਜੋਗੇ ਹੋਏ ਹਨ।

## ਸਾਡੀ ਬਾਰਿਸ਼ ਦਾ ਪਹਿਲਾ ਕਤਰਾ— ਮੰਗਲ ਪਾਂਡੇ

ਸੰਤੋਖ ਸਿੰਘ ਧੀਰ

(ਮੰਗਲ ਪਾਂਡੇ ਇਕ ਸਿਪਾਹੀ ਸੀ ਜਿਸ ਨੇ 1857 ਵਿਚ, ਆਜ਼ਾਦੀ ਦੀ ਪਹਿਲੀ ਜੰਗ ਵੇਲੇ, ਜਿਸ ਨੂੰ "ਗ਼ਦਰ" ਕਹਿੰਦੇ ਹਨ, ਅੰਗਰੇਜ਼ ਵਿਰੁੱਧ, ਮੇਰਠ ਛਾਉਣੀ ਵਿਚ, ਸਭ ਤੋਂ ਪਹਿਲਾਂ ਗੋਲੀ ਦਾਗ਼ੀ।)

ਮੰਗ ਪਾਂਡੇ !
ਜਿਹੜੀ ਗੋਲੀ
ਤੂੰ ਸਭ ਤੋਂ ਪਹਿਲਾਂ ਦਾਗ਼ੀ ਸੀ .
1857 ਵਿਚ
ਉਸ ਗੋਲੀ ਨੂੰ ਨਮਸਕਾਰ !
ਵਾਰ ਵਾਰ ! ਹਜ਼ਾਰ ਵਾਰ
ਨਮਸਕਾਰ ! ਨਮਸਕਾਰ !

ਬਾਰਿਸ਼ ਦਾ ਪਹਿਲਾ ਕਤਰਾ ਬਣਨਾ
ਬਹੁਤ ਮੁਸ਼ਕਿਲ ਹੁੰਦਾ ਹੈ
ਉਹ ਧੂਲ ਵਿਚ ਮਿਲ ਜਾਂਦਾ ਹੈ
ਪਰ ਧੂਲ ਵਿਚ ਮਿਲ ਕੇ ਵੀ
ਉਹ ਧੂਲ ਵਿਚ ਮਿਲ ਸਕਦਾ ਨਹੀਂ
ਉਸ ਤੋਂ ਮਗਰੋਂ ਜਿਹੜੇ ਹੜ੍ਹ
ਜ਼ਮੀਨ ਉਤੇ ਆਉਂਦੇ ਹਨ
ਉਹ ਉਸੇ ਪਹਿਲੇ ਕਤਰੇ ਦੀ
ਤੁਫ਼ੈਲ ਆਏ ਹੁੰਦੇ ਹਨ.
ਬਾਰਿਸ਼ ਦਾ ਉਹ ਪਹਿਲਾ ਕਤਰਾ
ਖ਼ੁਸ਼ਕ ਨਹੀਂ ਹੁੰਦਾ
ਉਹ ਮਹਾਂ ਸਾਗਰ ਬਣ ਜਾਂਦਾ ਹੈ
ਇਤਿਹਾਸ ਉਸ ਦਾ ਨਾਂ
ਸੁਨਹਿਰੀ ਅੱਖਰਾਂ ਵਿਚ ਲਿਖ ਲੈਂਦਾ ਹੈ।

ਮੰਗਲ ਪਾਂਡੇ !
ਜਿਹੜੀ ਗੋਲੀ
ਤੂੰ ਸਭ ਤੋਂ ਪਹਿਲਾਂ ਦਾਗੀ ਸੀ
1857 ਵਿਚ
ਉਹ ਅੱਜ ਤਕ ਸੁਣ ਰਹੀ ਹੈ।
ਹਿੰਦੋਸਤਾਨ ਵਿਚ ਹੀ ਨਹੀਂ
ਸਗੋਂ ਸਾਰੀ ਦੁਨੀਆਂ ਵਿਚ।

ਹੇ ਬਾਰਿਸ਼ ਦੇ ਪਹਿਲੇ ਕਤਰੇ !
ਨਮਸਕਾਰ ! ਨਮਸਕਾਰ !
ਵਾਰ ਵਾਰ ! ਹਜ਼ਾਰ ਵਾਰ !

"ਚਾਲੀ ਸਾਲ ਖ਼ੁਸ਼ਹਾਲ ਜ਼ਿਮੀਦਾਰ ਲਈ ਅਜਿਹੀ ਔਰਤ ਦਾ ਰਿਸ਼ਤਾ ਚਾਹੀਦਾ ਹੈ ਜੋ ਦਹੇਜ਼ ਵਿਚ ਇਕ ਟ੍ਰੈਕਟਰ ਲਿਆ ਸਕੇ। ਚਿਠੀ ਪਤਰ ਦੇ ਨਾਲ ਟ੍ਰੈਕਟਰ ਦੀ ਤਸਵੀਰ ਜ਼ਰੂਰ ਭੇਜੋ।"

******

ਇਕ ਵਿਅਕਤੀ ਨੇ ਆਪਣੇ ਨੌਕਰ ਨੂੰ ਕਈ ਅਵਾਜ਼ਾਂ ਦਿਤੀਆਂ, ਪਰ ਉਹ ਨ ਆਇਆ। ਥੋੜੀ ਦੇਰ ਬਾਅਦ ਉਹ ਲੰਗੜਾਂਦਾ ਹੋਇਆ ਆਇਆ। ਮਾਲਕ ਨੇ ਪੁਛਿਆ-

"ਏਨੀ ਦੇਰ ਕਿਉਂ ਲਗਾਈ?"

ਨੌਕਰ— ਜਨਾਬ! ਮੈਂ ਛਤ ਤੋਂ ਡਿਗ ਪਿਆ ਸੀ।"

ਮਾਲਕ ਨੇ ਸੜ ਭੁਜਕੇ ਕਿਹਾ—"ਪਰ ਛਤ ਤੋਂ ਡਿਗਣ ਵਿਚ ਏਨੀ ਦੇਰ ਤਾਂ ਨਹੀਂ ਲਗਦੀ।"

******

■ BUYING ■ SELLING

Free Evaluation For Your Property Call Any Time Without Any Obligation

Bus. 736-3831 or Res. 434-8548 Pager - 687-1985 #2229

United Realty Ltd.

3879 Oak Street, Vancouver, B.C. V6H 2M6



Malkit Dhami,
M.A. (Eco.)

Member of Prestigious M.L.S. Medallion Club For 83-84 85-86

TICKETS TO ANYWHERE

GABA TRAVELS

ਤੁਹਾਡੇ ਰਿਸ਼ਤੇਦਾਰਾਂ, ਦੋਸਤਾਂ ਤੇ ਆਪਣੇ ਲਈ ਹਮੇਸ਼ਾਂ ਸਾਨੂੰ ਯਾਦ ਕਰੋ। ਅਸੀਂ ਵਾਜਬ ਕਿਰਾਏ ਤੇ ਵਧੀਆ ਸੇਵਾਵਾਂ ਦੀ ਗਰੰਟੀ ਦਿੰਦੇ ਹਾਂ।

MANOHAR LAL GABA
GET HELP IN INDIA AT
NUR MAHAL PH: 49
JULLUNDUR PH: 74597
NEW DELHI PH: 44165
JANDIALA (JULLUNDUR)
MOGA (FAREEDKOT)

6612, MAIN ST. VANCOUVER, B. C.
Phone 324-3336

# ਬਰਤਾਨੀਆਂ ਵਿਚ ਸਿੱਖ ਆਵਾਸੀ

-ਸ਼ਿਵਚਰਨ ਗਿੱਲ



ਆਵਾਸ-ਪਰਵਾਸ ਕਈਆਂ ਕੌਮਾਂ ਦੀ ਆਵਸ਼ਕਤਾ ਹੈ। ਪਰਵਾਸ ਦੀ ਪ੍ਰਕਿਰਿਆ ਕੋਈ ਨਵੀਂ ਨਹੀਂ,ਮੁੱਢ ਕਦੀਮ ਤੋਂ ਇਹ ਕਿਰਿਆ ਚਲਦੀ ਆਈ ਹੈ। ਆਰੀਆ ਲੋਕ ਪੂਰਬੀ ਯੂਰਪ ਤੋਂ ਉਠ ਕੇ ਮੱਧ ਏਸ਼ੀਆ ਅਤੇ ਭਾਰਤ ਵਿਚ ਜਾ ਵਸੇ। ਜ਼ਿੰਦਗੀ ਨਾਲ ਘੋਲ ਕਰਦੇ ਕਰਦੇ ਅੱਜ ਉਹ ਪ੍ਰਿਥਵੀ ਦੇ ਉਨ੍ਹਾਂ ਭਾਗਾਂ ਦੇ ਮਾਲਕ ਹਨ। ਅਮਰੀਕਾ ਅਤੇ ਆਸਟਰੇਲੀਆ ਦੀ ਤਿੰਨ ਚੌਥਾਈ ਵਸੋਂ ਪਰਵਾਸੀਆਂ ਦੀ ਹੈ। ਆਇਰਲੈਂਡ ਅਤੇ ਇਟਲੀ ਦੇ ਲੋਕ ਜੇਕਰ ਪਰਵਾਸ ਨਾ ਲੈਣ ਤਾਂ ਉਨ੍ਹਾਂ ਨੂੰ ਆਪਣੇ ਦੇਸ਼ ਵਿਚ ਪੈਰ ਧਰਨ ਨੂੰ ਥਾਂ ਨਾ ਮਿਲੇ।

ਪਰਵਾਸ ਜ਼ਿੰਦਗੀ ਦੇ ਆਸ਼ਕ ਲੈਂਦੇ ਹਨ,ਜੋ ਲੋੜਾਂ ਦੀਆਂ ਥੁੜਾਂ ਕਾਰਨ ਵਿਗੁੱਚੀ ਜ਼ਿੰਦਗੀ ਨੂੰ ਆਪਣੇ ਹਾਣ ਦੀ ਪ੍ਰਵਾਹ ਨਹੀਂ ਕਰਦੇ। ਉਹ ਆਪਣੀ ਹਾਨਣ ਜ਼ਿੰਦਗੀ ਦੀ ਭਾਲ ਵਿਚ ਪ੍ਰਿਥਵੀ ਦਾ ਕੋਨਾ ਕੋਨਾ ਛਾਣ ਮਾਰਦੇ ਹਨ। ਜ਼ਿੰਦਗੀ ਦਾ ਇਹ ਸਰਾਪ ਉਨ੍ਹਾਂ ਦੀ ਆਪਣੀ ਮਿਹਨਤ ਤੇ ਲਗਨ ਦੁਆਰਾ ਵਰ ਹੋ ਨਿਬੜਦਾ ਹੈ ਜਿਥੇ ਬੇਹਿੰਮਤੇ ਕੀੜਿਆਂ ਮਕੌੜਿਆਂ ਵਾਂਗੂ ਰੀਂਘਦੇ ਰਹਿੰਦੇ ਹਨ। ਪੰਜ ਦਰਿਆਵਾਂ ਦੇ ਜੰਮਪਲ ਸਿੱਖਾਂ ਦੇ ਪਰਵਾਸ ਦੀ ਇਹ ਗਾਥਾ ਲੰਮੀ ਹੈ। 1849 ਵਿਚ ਰਾਜ ਭਾਗ ਗੁਆ ਕੇ ਨਿੰਮੋਝੂਣੇ ਜਿਹੇ ਹੋ ਗਏ ਸਨ। ਹਾਰ ਨੂੰ ਆਪਣਾ ਮੁਕੱਦਰ ਸਮਝ ਲੈਣਾ ਇਨ੍ਹਾਂ ਦੀ ਫਿਤਰਤ ਨਹੀਂ। 1740 ਤੋਂ 1764 ਤੱਕ ਜੰਗਲਾਂ ਵਿਚ ਰਹਿ ਕੇ,ਮੁੱਠ ਛੋਲਿਆਂ ਦੀ ਉਪਰ ਗੁਜ਼ਾਰਾ ਕਰ ਕੇ ਸੁਚੱਜੇ ਜੀਵਨ ਲਈ ਸੰਘਰਸ਼ ਕਰਦੇ ਰਹੇ ਸਨ। ਹੁਣ ਤਾਂ ਅੰਗਰੇਜ਼ ਨੇ ਇਨ੍ਹਾਂ ਦੇ ਸੁਭਾਅ ਨੂੰ ਸਮਝ ਕੇ,ਇਨ੍ਹਾਂ ਦਾ ਦਿਲ ਰੱਖਣ ਲਈ,ਫੌਜ ਵਿਚ ਮਾਨਤਾ ਦੇਣੀ ਸ਼ੁਰੂ ਕਰ ਦਿੱਤੀ ਸੀ। ਪੰਜਾਬ ਦੀ ਬੰਜਰ ਧਰਤੀ ਲਈ ਨਹਿਰਾਂ ਦੁਆਰਾ ਪਾਣੀ ਦਾ ਪ੍ਰਬੰਧ ਕਰਕੇ ਉਪਜਾਊ ਬਣਾ ਦਿੱਤਾ ਸੀ। ਬਾਰਾਂ ਦੀ ਆਬਾਦਕਾਰੀ ਨੇ ਹੋਰ ਸੌਖੇ ਕਰ ਦਿੱਤਾ ਸੀ। ਪਰ ਦਿਨੋਂ ਦਿਨ ਵਧਦੀ ਵਸੋਂ,ਪਹਿਲੀ ਵੱਡੀ ਲਾਮ ਕਾਰਨ ਮਹਿੰਗਾਈ ਦਾ ਸਿਖਰਾਂ 'ਤੇ ਪਹੁੰਚ ਜਾਣਾ ਆਦਿ ਪੰਜਾਬੀ ਸਿੱਖਾਂ ਨੂੰ ਆਪਣੇ ਸੁਪਨੇ ਸਾਕਾਰ ਕਰਨ ਲਈ ਹੋਰ ਵੀ ਤੀਖਣਤਾ ਨਾਲ ਵੰਗਾਰਦਾ ਸੀ। ਸਿੱਖਾਂ ਨੇ ਪਹਿਲਾਂ ਪਹਿਲ ਸਿੰਘਾਪੁਰ,ਮਲੇਸ਼ੀਆ, ਹਾਂਗਕਾਂਗ,ਇੰਡੋਨੇਸ਼ੀਆ,ਥਾਈਲੈਂਡ ਅਤੇ ਚੀਨ ਵੱਲ ਨੂੰ ਮੂੰਹ ਕੀਤਾ। ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਕੈਨੇਡਾ ਅਤੇ ਅਮਰੀਕ ਦਾ ਰਾਹ ਖੋਲ੍ਹਿਆ। ਇਸੇ ਸਮੇਂ ਹੀ ਪੂਰਬੀ ਅਫਰੀਕਾ ਦੇ ਦੇਸ਼ਾਂ ਵਿਚ ਰੇਲਵੇ ਅਤੇ ਲੱਕੜੀ ਦੀ ਉਸਾਰੀ ਦੇ ਕੰਮਾਂ ਲਈ ਅੰਗਰੇਜ਼ ਦੀ ਸ਼ਹਿ ਨਾਲ ਜਾ ਵਸੇ। ਉਸ ਸਮੇਂ ਬਰਤਾਨੀਆਂ ਵਿਚ ਕੇਵਲ ਉਚ ਵਿਦਿਆ ਪ੍ਰਾਪਤ ਕਰਨ ਲਈ ਵਿਦਿਆਰਥੀ ਹੀ ਆਉਂਦੇ ਸਨ। ਜਿਥੇ ਦੁਨੀਆਂ ਭਰ ਵਿਚ ਭਾਰਤ ਨੂੰ ਛੱਡ ਕੇ ਅੱਜ ਸਿੱਖਾਂ ਦੀ ਸਭ ਤੋਂ ਵੱਧ ਵਸੋਂ ਹੈ। ਇਸ ਅਚੰਭੇ ਦਾ ਵਿਸਲੇਸ਼ਣ ਕਰਨਾ ਬਣਦਾ ਹੈ।

ਬਰਤਾਨੀਆਂ ਦੀ ਧਰਤੀ ਉਪਰ ਕਦਮ ਰੱਖਣ ਵਾਲਾ ਪਹਿਲਾ ਸਿੱਖ ਮਹਾਰਾਜਾ ਦਲੀਪ ਸਿੰਘ ਸੀ ਪਰ ਉਸ ਨੇ ਆਪਣੀ ਮਰਜ਼ੀ ਨਾਲ ਆਵਾਸ ਨਹੀਂ ਸੀ ਲਿਆ ਸਗੋਂ ਉਹ ਤਾਂ ਜਲਾਵਤਨੀ ਸਜ਼ਾ ਵਾਂਗੂੰ ਕੱਟ ਰਿਹਾ ਸੀ। ਉਸ ਤੋਂ ਪਿਛੋਂ 1864 ਵਿਚ ਭਵਨ ਕਲਾ ਦਾ ਮਾਹਿਰ ਸ.ਰਾਮ ਸਿੰਘ ਮਲਕਾ ਵਿਕਟੋਰੀਆ ਦੇ ਸੱਦੇ ਉਤੇ ਆਇਆ ਜਿਸਨੇ ਆਇਲ ਔਫ ਵਾਈਟ ਵਿਖੇ ਓਸਬੋਰਨ ਮਹਿਲ ਤਿਆਰ ਕੀਤਾ। ਉਸਤੋਂ ਉਪਰੰਤ ਹੋਰ ਵੀ ਕਈ ਭਵਨ ਉਸਾਰੇ। 18-20 ਸਾਲ ਰਹਿ ਕੇ ਵਾਪਸ ਪੰਜਾਬ ਪਰਤ ਗਿਆ। ਖਾਲਸਾ ਕਾਲਜ ਅੰਮ੍ਰਿਤਸਰ ਦੀ ਭਵਨ ਕਲਾ ਸ. ਰਾਮ ਸਿੰਘ ਦੀ ਕੌਸ਼ਲਤਾ ਹੈ।

ਮਲਕਾ ਵਿਕਟੋਰੀਆ ਦੀ ਜੁਬਲੀ ਸਮੇਂ ਵੀ ਭਾਰਤ ਤੋਂ ਸਿੱਖ ਫੌਜੀਆਂ ਦਾ ਇਕ ਦਸਤਾ ਵਿਸ਼ੇਸ਼ ਕਰਕੇ ਪਰੇਡ ਲਈ ਸੱਦਿਆ ਗਿਆ ਸੀ ਜੋ ਵਾਪਸ ਕੈਨੇਡਾ ਰਾਹੀਂ ਮੁੜਿਆ ਸੀ। ਉਨ੍ਹਾਂ ਦੇ ਸਫਰ ਦੀਆਂ ਕਹਾਣੀਆਂ ਨੇ ਉਦਮੀ ਅਤੇ ਲੋੜਵੰਦ ਸਿੱਖਾਂ ਨੂੰ ਬਾਹਰਲੇ ਦੇਸ਼ਾਂ ਨੂੰ ਜਾਣ ਲਈ ਉਤਸ਼ਾਹ ਕੀਤਾ। ਲੰਦਨ ਵਿਚ ਸਿੱਖਾਂ ਦੀ ਪਹਿਲੀ ਸੰਸਥਾ 1908 ਵਿਚ ਹੋਂਦ ਵਿਚ ਆਈ ਸੀ ਜਿਸ ਨੂੰ ਖਾਲਸਾ ਜੱਥਾ ਕਿਹਾ ਜਾਂਦਾ ਸੀ।

ਬਾਕੀ ਪੰਨਾ 28 'ਤੇ

INCOME TAX from $15
ACCOUNTING

ਸਰੀ ਵਿਚ ਆਪਣੀ ਕਮਿਊਨਿਟੀ ਦਾ ਭਰੋਸੇਯੋਗ ਇਨਕਮ ਟੈਕਸ ਦੇ ਫਾਰਮ ਭਰਨ ਵਾਲਾ ਦਫਤਰ। ਮਾਂਗਟ ਹੋਰਾਂ ਦੇ 25 ਸਾਲਾਂ ਦੇ ਤਜਰਬੇ ਦਾ ਵਾਜਬ ਰੇਟ ਤੇ ਲਾਭ ਉਠਾਉ। ਦਫਤਰ ਸਾਰਾ ਸਾਲ ਖੁੱਲ੍ਹਾ ਰਹਿੰਦਾ ਹੈ।



- Income Tax
- Book-Keeping
- Accounting & Incorporation
- Insurance(Life, Sickness, Group, Travel, Visitors)

MANGAT AGENCIES
No. 2-7171 King George HWY
SURREY, B.C.

C.S. Mangat
(Ex. Bank Manager)

594-5711 594-2254

NEW YORK LIFE

NEW YORK LIFE INSURANCE COMPANY
2030-1055 W. Georgia Street.
Vancouver, B.C. V6E 3P3

LIFE ■ HEALTH ■ GROUP ■
DISABILITY INSURANCE

ਬੀਮਾ ਲੋੜਾਂ ਹਰ ਇਕ ਆਦਮੀ ਦੀ ਮਾਸਕ ਆਮਦਨ ਮੁਤਾਬਕ ਹੁੰਦੀਆਂ ਹਨ
ਤੁਹਾਨੂੰ ਕਿੰਨੇ ਬੀਮੇ ਦੀ ਲੋੜ ਹੈ, ਤੁਸੀਂ ਰੀਟਾਇਰ ਹੋਣ ਵੇਲੇ ਕਿੰਨੀ ਆਮਦਨ ਮੰਗਦੇ ਹੋ,
ਮੈਂ ਤੁਹਾਨੂੰ ਦੱਸਾਂਗਾ ਕਿ ਤੁਹਾਨੂੰ ਕੀ ਵਾਜਬ ਹੈ ?

Off: 685-7364 Bhupinder Dhaliwal Res: 589-1559



Bhupinder Dhaliwal

ਪੰਨਾ 27 ਦੀ ਬਾਕੀ

ਮਹਾਰਾਜਾ ਪਟਿਆਲਾ ਸ. ਭੁਪਿੰਦਰ ਸਿੰਘ ਅਕਸਰ ਲੰਦਨ ਆਉਂਦੇ ਰਹਿੰਦੇ ਸਨ ਅਤੇ ਆਪ ਦੇ ਨਾਲ ਹਮੇਸ਼ਾ ਆਪਣੇ ਵਜ਼ੀਰ,ਸਲਾਹਕਾਰ ਅਤੇ ਏਲਚੀਆਂ ਤੋਂ ਬਿਨਾਂ ਨਿਤਨੇਮ ਲਈ ਗ੍ਰੰਥੀ ਵੀ ਨਾਲ ਲਿਆਉਂਦੇ ਸਨ। ਇਨ੍ਹਾਂ ਸਿਖ ਸੇਵਕਾਂ ਦੀ ਬੇਨਤੀ ਪ੍ਰਵਾਨ ਕਰ ਕੇ ਹੀ ਉਨ੍ਹਾਂ ਸ਼ੈਪਰਡਰਜ਼ਬੁੱਸ਼ ਵਾਲਾ ਗੁਰਦੁਆਰੇ ਵਾਲੀ ਇਮਾਰਤ ਖਰੀਦੀ ਸੀ ਅਤੇ ਸਿਖ ਸੰਗਤਾਂ ਨੂੰ ਧਰਮ ਹਿਤ ਸੌਂਪ ਦਿੱਤੀ ਸੀ। 1911 ਵਿਚ ਲੰਦਨ ਦੇ ਪੱਟਨੀ ਇਲਾਕੇ ਵਿਚ ਵੀ ਗੁਰਦੁਆਰੇ ਦੀ ਸਥਾਪਨਾ ਦਾ ਹਵਾਲਾ ਮਿਲਦਾ ਹੈ ਪਰ ਪੂਰੇ ਤੱਥ ਪ੍ਰਾਪਤ ਨਹੀਂ ਹੋਏ। ਪਹਿਲੀ ਵੱਡੀ ਜੰਗ ਸਮੇਂ ਮਹਾਰਾਜਾ ਪਟਿਆਲਾ ਬਰਤਾਨੀਆਂ ਦੀ ਡੀਫੈਂਸ ਕਮੇਟੀ ਦੇ ਮੈਂਬਰ ਵੀ ਸਨ। ਉਸ ਸਮੇਂ ਕੋਈ ਟਾਵਾਂ ਵਿਰਲਾ ਹੀ ਸਿਖ ਬਰਤਾਨੀਆਂ ਵਿਚ ਰੋਟੀ ਰੋਜ਼ੀ ਲਈ ਆਇਆ ਹੋਣਾ। ਪਹਿਲੀ ਵੱਡੀ ਜੰਗ ਵਿਚ ਸਿਖ ਫੌਜੀ ਯੂਰਪ ਦੇ ਦੇਸ਼ਾਂ ਦਾ ਗਮਨ ਕਰ ਗਏ ਸਨ। ਸਿਖ ਫੌਜਾਂ ਕਾਫੀ ਸਮਾਂ ਫਰਾਂਸ ਰਹੀਆਂ ਸਨ। ਪਹਿਲੀ ਜੰਗ ਪਿਛੋਂ ਹੀ ਵਿਰਲੇ ਵਿਰਲੇ ਸਿਖ ਇੰਗਲੈਂਡ ਵੜਨ ਲੱਗੇ। 1930 ਦੇ ਨੇੜ-ਤੇੜ ਬਰਤਾਨੀਆਂ ਦੇ ਵੱਖੋ ਵੱਖ ਸ਼ਹਿਰਾਂ ਵਿਚ ਰਹਿੰਦੇ ਸਿਖਾਂ ਦੀ ਗਿਣਤੀ 40 ਤੋਂ 60 ਤੱਕ ਦੀ ਦੱਸੀ ਜਾਂਦੀ ਹੈ। ਵੱਡੀ ਗਿਣਤੀ ਈਸਟ ਲੰਦਨ ਵਿਚ ਸੀ। ਚਾਰ ਪੰਜ ਸਿਖ ਸਾਊਥੈਂਮਪਟਨ ਰਹਿੰਦੇ ਸਨ। ਕੁਝ ਇਕ ਦੀ ਸਕਾਟਲੈਂਡ ਗਲਾਸਗੋ ਵਿਖੇ ਵੀ ਦੱਸ ਪੈਂਦੀ ਹੈ। ਨਿਊਕਾਸਲ ਵੀ ਸਿਖਾਂ ਦਾ ਉਸ ਸਮੇਂ ਦਾ ਅੱਡਾ ਹੈ।

ਪਹਿਲੀ ਜੰਗ ਤੋਂ ਪਹਿਲਾਂ ਬਰਤਾਨੀਆਂ ਵਸਦੇ ਲੋਕਾਂ ਦੀ ਆਰਥਿਕ ਹਾਲਤ ਮੰਦੀ ਸੀ। ਮੰਦਵਾੜੇ ਵਿਚ ਆਪਣੇ ਸਕੇ ਸੋਦਰੇ ਵੀ ਸਾਥ ਨਹੀਂ ਦਿੰਦੇ,ਵਿਦੇਸ਼ੀਆਂ ਨੂੰ ਕੌਣ ਮੂੰਹ ਲਾਉਂਦਾ ਹੈ। ਉਸ ਸਮੇਂ ਪੰਜਾਬ ਤੋਂ ਆਏ ਸਿਖ ਵਧੇਰੇ ਕੱਪੜੇ ਦੀ ਡੱਗੀ ਲਾਉਂਦੇ ਸਨ। ਦੂਰ ਦੁਰਾਡੇ ਤੱਕ ਪੈਦਲ ਫੇਰੀ ਕਰਦੇ। ਸ਼ਾਮ ਨੂੰ ਪੱਬਾਂ ਵਿਚ ਟਾਈਆਂ,ਟੀ-ਸ਼ਰਟਾਂ ਆਦਿ ਵੇਚਦੇ ਅਤੇ ਗੈਸਟ ਹਾਊਸਾਂ ਵਿਚ ਰੈਣ ਬਸੇਰਾ ਕਰਦੇ। ਵਾਹ ਲਗਦੀ ਇਕ ਦੂਜੇ ਦੀ ਸਹਾਇਤਾ ਕਰਦੇ,ਨਵੇਂ ਆਏ ਬੰਦੇ ਨੂੰ ਡੱਗੀ ਦੀ ਫੇਰੀ ਦੀਆਂ ਵਿਹਾਰਿਕ ਯੁਗਤਾਂ ਸਮਝਾਉਂਦੇ। ਅੱਜ ਵਾਂਗੂੰ ਇਕ ਦੂਜੇ ਦੇ ਗਲ 'ਤੇ ਛੁਰੀ ਨਹੀਂ ਸੀ ਫੇਰਦੇ।

1939 ਦੀ ਜੰਗ ਨੇ ਇਨ੍ਹਾਂ ਦੀ ਕਿਸਮਤ ਖੋਲ੍ਹ ਦਿੱਤੀ। ਬਰਤਾਨੀਆਂ ਸਰਕਾਰ ਨੇ ਫਟਾਫਟ ਹਵਾਈ ਜ਼ਹਾਜ਼ਾਂ ਦੇ ਅੱਡਿਆਂ ਦੀ ਉਸਾਰੀ ਸ਼ੁਰੂ ਕਰ ਦਿੱਤੀ। ਸਥਾਨਕ ਵਸੋਂ ਫੌਜ ਦੀ ਭਰਤੀ ਲਈ ਜਾ ਰਹੀ ਸੀ। ਉਸਾਰੀ ਦੇ ਕੰਮਾਂ ਲਈ ਮਜ਼ਦੂਰਾਂ ਦੀ ਲੋੜ ਸੀ। ਸੋ ਇਨ੍ਹਾਂ ਪੰਜਾਬੀ ਸਿੱਖਾਂ ਨੇ ਉਸ ਸਮੇਂ ਇਹ ਸੇਵਾ ਨਿਭਾਈ।

ਹਫਤਾਵਾਰੀ ਪੱਕੀ ਨੌਕਰੀ ਦੀ ਵੇਤਨਾ ਨੇ ਇਨ੍ਹਾਂ ਨੂੰ ਭਵਿੱਖ ਲਈ ਆਸਵੰਦ ਕਰ ਦਿੱਤਾ। ਲੜਾਈ ਮੁੱਕਣ ਪਿਛੋਂ ਅੰਗਰੇਜ਼ ਨੂੰ ਆਪਣੀ ਆਰਥਿਕਤਾ ਨੂੰ ਪੱਕੇ ਪੈਰੀਂ ਕਰਨ ਦੀ ਚਿੰਤਾ ਹੋ ਗਈ ਸੀ। ਸੋ ਕੰਮ ਕਰਨ ਲਈ ਹੋਰ ਬਹੁਤ ਸਾਰੇ ਖੇਤਰ ਖੁੱਲ੍ਹ ਗਏ ਪਰ ਇਨ੍ਹਾਂ ਵਿਚੋਂ ਬਹੁਤਿਆਂ ਨੇ ਲੜਾਈ ਸਮੇਂ ਦੀ ਮਜ਼ਦੂਰੀ ਨਾਲ ਜੋੜੇ ਪੈਸਿਆਂ ਨਾਲ ਆਪਣਾ ਕਾਰੋਬਾਰ ਸ਼ੁਰੂ ਕਰਨਾ ਉਚਿਤ ਸਮਝਿਆ। ਕੱਪੜਾ ਵੇਚਣ ਅਤੇ ਖਰੀਦਣ ਦਾ ਤਜਰਬਾ ਸੀ।

ਛੋਟੇ ਮੋਟੇ ਵਪਾਰ ਜੋਗੀ ਪੂੰਜੀ ਹੋ ਗਈ ਸੀ ਜੋ ਲੰਦਨ ਤੋਂ ਲੰਕਾਸ਼ਾਇਰ ਤੱਕ ਇਨ੍ਹਾਂ ਨੇ ਮਾਰਕੀਟਾਂ ਵਿਚ ਸਟਾਲ ਲਾਉਣੇ ਸ਼ੁਰੂ ਕੀਤੇ. ਕੁਝ ਇਕ ਹਫਤਾਵਾਰੀ ਤਨਖਾਹ ਦੇ ਆਦੀ ਹੋ ਗਏ ਸੋ ਉਹ ਫੈਕਟਰੀਆਂ ਵਿਚ ਹੀ ਕੰਮ ਕਰਦੇ ਰਹੇ। ਜਾਂ ਬਾਹਰਲੇ ਕੰਮਾਂ ਦੇ ਭੇਤੀ ਸਨ,ਉਸ ਵਿਚ ਹੀ ਉਨ੍ਹਾਂ ਨੂੰ ਤਸੱਲੀ ਸੀ।

ਸਿੱਖਾਂ ਦਾ ਬਰਤਾਨੀਆਂ ਆਉਂਣ ਦਾ ਅਸਲ ਸਿਲਸਿਲਾ 1950 ਤੋਂ ਪਿਛੋਂ ਸ਼ੁਰੂ ਹੋਇਆ। ਦੂਜੀ ਵੱਡੀ ਜੰਗ ਤੋਂ ਪਿਛੋਂ 1947 ਵਿਚ ਭਾਰਤ ਆਜ਼ਾਦ ਹੋ ਗਿਆ। ਅੰਗਰੇਜ਼ ਭਾਰਤ ਛੱਡ ਆਏ। ਜੰਗ ਖਤਮ ਹੋ ਚੁੱਕੀ ਸੀ।

ਆਜ਼ਾਦ ਭਾਰਤ ਦੇ ਪ੍ਰਧਾਨ ਮੰਤਰੀ ਸ਼ਾਂਤੀ ਦੇ ਪੁਜਾਰੀ ਸਨ ਅਤੇ ਫੌਜੀ ਤਾਕਤ ਨੂੰ ਮਹੱਤਤਾ ਨਹੀਂ ਸੀ ਦਿੰਦੇ। ਇਸ ਲਈ ਸਿਖ ਫੌਜੀਆਂ ਦੀ ਵੱਡੀ ਗਿਣਤੀ ਪੈਨਸ਼ਨ ਦੇ ਕੇ ਘਰਾਂ ਨੂੰ ਤੋਰ ਦਿੱਤੀ ਗਈ। ਇਹ ਸਾਰੇ ਹੀ ਉਮਰ ਦੇ ਤੀਜੇ ਦਹਾਕੇ ਵਿਚ ਸਨ। ਉਮਰ ਕਾਰਜਸ਼ੀਲ ਸੀ। ਖੇਤੀ ਕਰਨ ਜੋਗੀ ਜਾਂ ਜ਼ਮੀਨ ਨਹੀਂ ਸੀ ਜਾਂ ਫਿਰ ਖੇਤੀ ਕਰਨ ਤੋਂ ਕੰਨੀਂ ਕਤਰਾਉਂਦੇ ਸਨ। ਹੋਰ ਨੌਕਰੀਆਂ ਦੇ ਮੌਕੇ ਘੱਟ ਸਨ। ਅੱਠਵੀਂ ਜਾਂ ਦਸਵੀਂ ਜਮਾਤ ਪਾਸ ਸਕੂਲਾਂ ਵਿਚ ਪੀ.ਟੀ.ਆਈ.ਲੱਗ ਸਕਦੇ ਸਨ ਪਰ ਉਹ ਵੀ ਕਿੰਨੇ ਕੁ ਫੌਜ ਦੀ ਨੌਕਰੀ ਨੇ ਅਣਜਾਣੇ ਪਹਿਚਾਣੇ ਰਾਹਾਂ ਦਾ ਭੈਅ ਚੱਕ ਦਿੱਤਾ ਸੀ ਇਸਤੋਂ ਉਪਰੰਤ ਅੰਗਰੇਜ਼ ਅਫਸਰਾਂ ਦੀ ਰਹਿਤਲ ਤੋਂ ਵੀ ਉਹ ਬਹੁਤ ਪ੍ਰਭਾਵਿਤ ਸਨ। ਸੋ ਮੌਕਾ ਹੱਥ ਲਗਦਿਆਂ ਹੀ ਉਹ ਇੰਗਲੈਂਡ ਨੂੰ ਤੁਰ ਪੈਂਦੇ। ਇਕ ਨੇ ਦੂਜੇ ਨੂੰ,ਦੂਜੇ ਨੇ ਤੀਜੇ ਨੂੰ ਰਾਹਦਾਰੀਆਂ ਭੇਜਣੀਆਂ ਸ਼ੁਰੂ ਕਰ ਦਿੱਤੀਆਂ। ਜੰਗ ਪਿਛੋਂ ਬਹੁਤ ਸਾਰੇ ਫੌਜੀ ਅਫਸਰ ਵੀ ਫੈਕਟਰੀਆਂ ਵਿਚ ਮੈਨੇਜਰ ਜਾਂ ਪਰਸਨਲ ਅਫਸਰ ਲੱਗੇ ਹੋਏ ਸਨ ਜਿਨ੍ਹਾਂ ਦਾ ਵਤੀਰਾ ਸਿੱਖਾਂ ਪ੍ਰਤੀ ਹਿੱਤੂ ਸੀ। 1950 ਤੋਂ 1960 ਤੱਕ ਪੰਜਾਬ ਦਾ ਸਿਖ ਕਿਸਾਨ ਆਪਣੀ ਆਰਥਿਕ ਹਾਲਤ ਚੰਗੀ ਕਰਨ ਲਈ ਹਰ ਹੀਲੇ ਵਸੀਲੇ ਇੰਗਲੈਂਡ ਆਉਣ ਦਾ ਤਰਲਾ ਕਰਦਾ। ਬਰਤਾਨੀਆਂ ਨੂੰ ਵੀ ਆਪਣੀ ਆਰਥਿਕਤਾ ਉਸਾਰਨ ਲਈ ਸਸਤੇ ਮਜ਼ਦੂਰਾਂ ਦੀ ਲੋੜ ਸੀ। ਇਸ ਲਈ ਇਮੀਗਰੇਸ਼ਨ ਦੀ ਕੋਈ ਔਕੜ ਨਹੀਂ ਸੀ। ਲੋਕ ਪਾਸਪੋਰਟ ਲੈਂਦੇ ਜ਼ਹਾਜ਼ ਆ ਚੜ੍ਹਦੇ,ਕੋਈ ਪੁੱਛਗਿੱਛ ਨਹੀਂ ਸੀ। ਸਗੋਂ ਭਾਰਤ ਸਰਕਾਰ ਪਾਸਪੋਰਟ ਦੇਣ ਲਈ ਸੌ ਹੁੱਜਤਾਂ ਕਰਦੀ। ਇਸ ਲਈ ਭਾਰਤ ਸਰਕਾਰ ਦੀ ਪੁੱਛ ਪੜਤਾਲ ਤੋਂ ਬਚਣ ਲਈ,ਏਜੰਟਾਂ ਦੀ ਮੱਦਦ ਨਾਲ ਲੋਕ ਬਿਰਾਸਤਾ ਪਾਕਿਸਤਾਨ ਆਉਣ ਦਾ ਦਾਅ ਲਾਉਂਦੇ। 60-61 ਤੱਕ ਹੇੜ੍ਹਾਂ ਦੀਆਂ ਹੇੜ੍ਹਾਂ ਆਉਣ ਲੱਗ ਪਈਆਂ। ਇਹੋ ਸਮਾਂ ਸਿਖਾਂ ਦਾ ਬਰਤਾਨੀਆਂ ਵਿਚ ਜਦੋਜਹਿਦ ਅਤੇ ਆਪਣੇ ਆਪ ਨੂੰ ਸਥਾਪਿਤ ਕਰਨ ਦਾ ਹੈ। ਮਿਡਲੈਂਡ ਦੀਆਂ ਫਾਊਂਡਰੀਆਂ ਵਿਚ ਇਨ੍ਹਾਂ ਨੇ ਆ ਕੇ ਜਾਨ ਪਾਈ। ਜਿਹੜਾ ਭਾਰਾ,ਗਰਮ ਅਤੇ ਕੁਮੌਕੇ ਦਾ ਕੰਮ ਅੰਗਰੇਜ਼ ਮਜ਼ਦੂਰ ਕਰਨ ਨੂੰ ਤਿਆਰ ਨਹੀਂ ਸੀ ਪੰਜਾਬੀ ਸਿੱਖਾਂ ਨੇ ਆ ਕੇ ਕੀਤਾ। ਮਘਦੇ,ਦਗਦੇ,ਵਗਦੇ ਲੋਹੇ ਦੀਆਂ ਢਾਲਾਂ ਪਾਈਆਂ। ਰਾਤ ਦਿਨਾਂ ਦੀਆਂ ਸ਼ਿਫਟਾਂ ਕੀਤੀਆਂ ਓਵਰ ਟਾਈਮ ਲਾ ਕੇ ਉਤਪਾਦਨ ਵਿਚ ਵਾਧਾ ਕੀਤਾ,ਨਾਲ ਦੀ ਨਾਲ ਆਪਣੀ ਵਿਤ ਵਧਾਈ। ਕੌਂਸਲ ਤੋਂ ਰਿਹਾਇਸ਼ ਲੈਣੀ ਔਖੀ ਸੀ। ਸੋ ਆਪਣੇ ਮਕਾਨ ਖਰੀਦਣੇ ਸ਼ੁਰੂ ਕੀਤੇ।

ਇਕ ਇਕ ਮਕਾਨ ਵਿਚ ਬਾਰਾਂ-ਬਾਰਾਂ, ਤੇਰਾਂ-ਤੇਰਾਂ ਜਣੇ ਰਹਿੰਦੇ ਸਨ। ਇਕ ਦਿਨ ਦਾਲ ਰਿੰਨ੍ਹ ਕੇ ਚਾਰ ਪੰਜ ਦਿਨ ਉਹੋ ਹੀ ਛਕਦੇ। ਨਿੱਤ ਰਸੋਈ ਦਾ ਕੰਮ ਕਰਨ ਲਈ ਕਿਸ ਕੋਲ ਵਿਹਲ ਸੀ। ਹਫਤੇ ਦਾ ਆਖਰੀ ਦਿਨ ਛੁੱਟੀ-ਦਿਨ ਹੀ ਇਨ੍ਹਾਂ ਦੀ ਈਦ ਹੁੰਦੀ ਸੀ। 50 ਅਤੇ 60 ਦੇ ਵਿਚਕਾਰ ਟਾਵੇਂ ਟਾਵੇਂ ਟੱਬਰ ਵੀ ਆਉਣੇ ਸ਼ੁਰੂ ਹੋ ਗਏ ਸਨ। ਅੰਗਰੇਜ਼ ਮਜ਼ਦੂਰ ਨੂੰ ਇਹ ਕੁਝ ਗਵਾਰਾ ਨਹੀਂ ਸੀ। ਮਾਲਕਾਂ ਨੂੰ ਧਮਕੀ ਦੇਣ ਵਾਲਾ ਹਥਿਆਰ ਖੁੰਢਾ ਹੋ ਰਿਹਾ ਸੀ। ਸੋ ਅੰਗਰੇਜ਼ ਮਜ਼ਦੂਰਾਂ ਨੇ ਰਲ ਕੇ ਸਿਖ ਮਜ਼ਦੂਰਾਂ ਦੀ ਵਹੀਰ ਨੂੰ ਠੱਲ੍ਹ ਪਾਉਣ ਲਈ ਆਪਣੇ ਆਪਣੇ ਇਲਾਕੇ ਦੇ ਐਮ. ਪੀ. ਉਪਰ ਦਬਾਅ ਪਾਇਆ ਅਤੇ ਸਰਕਾਰ ਨੂੰ ਰੋਸ ਪ੍ਰਗਟ ਕੀਤਾ। ਉਂਜ ਵੀ ਨਸਲੀ ਅੰਗਰੇਜ਼ ਕਾਲੇ ਭੂਰੇ ਰੰਗ ਦੇ ਲੋਕਾਂ ਦਾ ਗੋਰੇ ਚਿੱਟੇ ਲੋਕਾਂ ਵਿਚ ਵਿਚਰਨ ਨੂੰ ਸਹਿਨ ਨਹੀਂ ਸੀ ਕਰਦਾ, ਸੋ ਜਿਸ ਦੇ ਪਰਿਣਾਮ 1962 ਦਾ ਇਮੀਗਰੇਸ਼ਨ ਐਕਟ ਪਾਸ ਹੋਇਆ। ਇਹ ਐਕਟ ਤਾਂ ਆਇਆ ਸੀ ਵਹੀਰਾਂ ਨੂੰ ਠੱਲ੍ਹ ਪਾਉਣ ਲਈ, ਹੋਇਆ ਉਲਟਾ। ਆਖਰੀ ਟੋਰੀ ਸਰਕਾਰ ਨੂੰ ਆਪਣਾ ਕੰਮ ਚਲਾਉਣ ਲਈ ਮਜ਼ਦੂਰ ਦੀ ਤਾਂ ਲੋੜ ਸੀ, ਸੋ ਉਨ੍ਹਾਂ ਰੁਜ਼ਗਾਰ ਵਾਊਚਰ ਸਿਸਟਮ ਲਾਗੂ ਕਰ ਦਿੱਤਾ। ਜਿਸ ਰਾਹੀਂ ਐਕਸ ਫੌਜੀਆਂ, ਡਾਕਟਰਾਂ, ਨਰਸਾਂ ਅਤੇ ਅਧਿਆਪਕਾਂ ਨੂੰ ਪਹਿਲ ਦਿੱਤੀ ਗਈ। ਇਸ ਤਰ੍ਹਾਂ ਉਨ੍ਹਾਂ ਲੋਕਾਂ ਲਈ ਵੀ ਇੰਗਲੈਂਡ ਆਉਣ ਦਾ ਰਾਹ ਖੁੱਲ੍ਹ ਗਿਆ ਜਿਨ੍ਹਾਂ ਨੂੰ ਪਹਿਲਾਂ ਕੋਈ ਰਾਹਦਾਰੀ ਘੱਲਣ ਵਾਲਾ ਨਹੀਂ ਸੀ ਜਾਂ ਜਿਨ੍ਹਾਂ ਨੇ ਪਹਿਲਾਂ ਗਲਤ ਤਰੀਕੇ ਨਾਲ ਇੰਗਲੈਂਡ ਆਉਣਾ ਉਚਿਤ ਨਹੀਂ ਸੀ ਸਮਝਿਆ। ਜੂਨ 1962 ਪਿਛੋਂ ਇਮੀਗਰੇਸ਼ਨ

ਬਾਕੀ ਪੰਨਾ 29 ਤੇ

## 'ਕੈਨੇਡਾ ਦਰਪਣ' ਦੇ ਚੰਦੇ ਦਾ ਫ਼ਾਰਮ

## SUBSCRIPTION FORM

To The Canada Darpan
P.O.BOX 265
Surrey, B.C.
Canada, V3T 4W8
Ph. 581-4473

I am enclosing a ☐ cheque ☐ M.O. ☐ Draft as my Subscription for the year(s)...... I may be sent the newspaper at the following address :

Name..........................................
Address.......................................
City..........................................
Province......................................
Postal code...................................
PHONE.

| | |
|---|---|
| One Year .................... | 25 dollars |
| Two Year .................... | 45 dollars |
| Three year .................. | 65 dollars |
| Life membership.......... | 300 dollars |
| ASIA........................ | 100 dollars[a year] |
| U.S.A. ..................... | 30 dollars [a year] |
| Europe ..................... | 100 dollars[a year] |
| Africa ..................... | 100 dollars [a year] |


# Sidhu Sweet & Snack Shop

9371- 120 St. Delta, B.C.

**Ph. 588-5512**

ਵਿਆਹ ਸ਼ਾਦੀਆਂ ਦਾ ਖਾਸ ਬੰਦੋਬਸਤ ਕੀਤਾ ਜਾਂਦਾ ਹੈ।
ਬੱਕਰੇ ਅਤੇ ਸੂਰ ਦਾ ਸਪੈਸ਼ਲ ਸੁਆਦੀ ਅਚਾਰ ਦਾ ਅਨੰਦ ਵੀ ਤੁਸੀਂ ਮਾਣ ਸਕਦੇ ਹੋ
ਮਜ਼ੇਦਾਰ ਜਲੇਬੀਆਂ ਦਾ ਖਾਸ ਰੇਟ
ਸ਼ਹਿਰ ਵਿਚ ਸਭ ਤੋਂ ਵਧੀਆ ਮਠਿਆਈ ਦਾ ਭੰਡਾਰ

9371 — 120th ਸਟਰੀਟ, ਡੈਲਟਾ, ਬੀ. ਸੀ. Ph. 588-5512



# Success Through Service & Experience

AWARD WINNER
OF THE MEDALLION CLUB, MEMBER OF THE I.C.I. DIVISION OF THE REAL ESTATE BOARD OF GREATER VANCOUVER IN BUSINESS SINCE 1971

**For Professional Market Evaluation or Consultation**
Without any obligation, contact

Buying, Selling or Trading

ਮਕਾਨ ਵੇਚਣ ਜਾਂ ਖ਼੍ਰੀਦਣ ਲਈ ਸਾਡੇ ਨਾਲ ਸੰਪਰਕ ਪੈਦਾ ਕਰੋ

**Ph. Bus: 437-9431 Res: 434-4660**

**UNITED REALTY LTD.**

2443 Kingsway, Vancouver, B.C. V5R 5G8



**Ajaib S. Janda**




# ਪੰਜਾਬੀ ਫਿਲਮਾਂ ਦੀ ਅਜੋਕੀ ਗੱਲ

ਕੁਲਦੀਪ ਸਿੰਘ ਬੇਦੀ

ਪੰਜਾਬੀ ਫਿਲਮਾਂ ਨੂੰ ਹਮੇਸ਼ਾਂ ਵਧੀਆ ਹੀਰੋ ਹੀਰੋਇਨ ਦੀ ਘਾਟ ਰਹੀ ਹੈ। ਇਕ ਲੰਮਾਂ ਸਮਾਂ ਰਵਿੰਦਰ ਕਪੂਰ ਤੇ ਇੰਦਰਾ ਬਿੱਲੀ, ਪੰਜਾਬੀ ਸਿਨੇਮਾ-ਜਗਤ 'ਚ ਛਾਏ ਰਹੇ ਹਨ। ਉਨ੍ਹਾਂ ਵਲੋਂ ਫਿਲਮਾਂ ਛੱਡ ਜਾਣ ਪਿਛੋਂ ਹੀਰੋ ਹੀਰੋਇਨ ਤਾਂ ਬਹੁਤ ਆਏ ਹੋਣਗੇ, ਪਰ ਉਨ੍ਹਾਂ ਵਾਂਗ ਕੋਈ ਪੱਕੀ ਜੋੜੀ ਬਣਾ ਕੇ ਨਹੀਂ ਟਿਕ ਸਕਿਆ। ਅਸਲ 'ਚ ਇਨ੍ਹਾਂ ਇਕਾ ਦੁਕਾ ਹੀਰੋ ਹੀਰੋਇਨਾਂ 'ਚ, ਕੋਈ ਵੀ ਪੰਜਾਬ ਦੀ ਮਿੱਟੀ ਨਾਲ ਜੁੜਿਆ ਹੋਇਆ ਨਹੀਂ ਸੀ। ਜੇ ਕੋਈ ਜੁੜਿਆ ਵੀ ਸੀ, (ਦਾਰਾ ਸਿੰਘ, ਮਿਹਰ ਮਿੱਤਲ ਤੇ ਵਰਿੰਦਰ) ਤਾਂ ਉਹ ਹੀਰੋ ਦੇ ਚਿਹਰੇ ਮੋਹਰੇ ਵਾਲਾ ਨਹੀਂ ਸੀ। ਇੰਜ 'ਜੋੜੀ' ਲਈ ਪੰਜਾਬੀ ਫਿਲਮਾਂ 'ਚ ਅਜੇ ਤੱਕ ਖਾਲੀ ਥਾਂ ਤੁਰੀ ਆ ਰਹੀ ਹੈ।

## ਦਿਲਜੀਤ ਕੌਰ ਇਕੋ ਇਕ ਹੀਰੋਇਨ

ਦਿਲਜੀਤ ਕੌਰ ਨੇ ਫ਼ਿਲਮ 'ਦਾਜ' ਰਾਹੀਂ ਪੰਜਾਬੀ ਫਿਲਮਾਂ 'ਚ ਪ੍ਰਵੇਸ਼ ਕੀਤਾ। ਉਹ ਇਕ ਸੁਨੱਖੀ ਕੁੜੀ ਹੈ। ਪਰ ਉਸ ਨੂੰ ਪੰਜਾਬੀ ਫਿਲਮਾਂ 'ਚ ਨਾ ਟਿਕਣ ਦੇਣ ਵਾਲਿਆਂ ਨੇ ਉਸ ਦੀ ਸੁੰਦਰਤਾ ਦੀਆਂ ਤਾਰੀਫਾਂ ਦੇ ਪੁਲ ਬੰਨ੍ਹ ਦਿਤੇ ਅਤੇ ਉਸ ਨੂੰ ਹਿੰਦੀ ਫਿਲਮਾਂ 'ਚ ਕੰਮ ਕਰਨ ਦੀ ਸਲਾਹ ਦਿੱਤੀ। ਜਿਹੜੇ ਪੰਜਾਬੀ ਦਰਸ਼ਕ ਉਸ ਨੂੰ ਇਕ ਸੁਨੱਖੀ ਅਭਿਨੇਤਰੀ ਮੰਨਦੇ ਸਨ, ਜਦੋਂ ਉਨ੍ਹਾਂ ਨੇ ਦਿਲਜੀਤ ਕੌਰ ਨੂੰ ਹਿੰਦੀ ਫਿਲਮਾਂ 'ਚ ਕੈਬਰੇ ਕਰਦਿਆ ਤਕਿਆ ਤਾਂ ਉਹ ਨਿਰਾਸ਼ ਹੋ ਗਏ। ਪਰ ਛੇਤੀ ਹੀ ਦਿਲਜੀਤ ਕੌਰ ਨੂੰ ਹਿੰਦੀ ਫਿਲਮਾਂ ਦੇ ਮਹਾਂ-ਸਾਗਰ 'ਚ ਜਾ ਕੇ ਪਤਾ ਲਗ ਗਿਆ ਕਿ ਮਗਰਮੱਛਾਂ ਦੀ ਦੁਨੀਆਂ 'ਚ ਇਕ ਮੱਛੀ ਦਾ ਕੀ ਭਾਅ ਹੈ। ਦਿਲਜੀਤ ਕੌਰ ਫਿਰ ਪੰਜਾਬੀ ਫਿਲਮਾਂ ਵੱਲ ਪਰਤ ਆਈ, ਇਸ ਕਰਕੇ ਨਹੀਂ ਕਿ ਪੰਜਾਬੀ ਫਿਲਮਾਂ ਨਾਲ ਉਸ ਨੂੰ ਮੋਹ ਹੈ, ਸਗੋਂ ਇਸ ਕਰਕੇ ਕਿਉਂਕਿ ਪੰਜਾਬੀ ਦਰਸ਼ਕ ਉਸ ਨੂੰ ਮਾਣ ਬਖਸ਼ਦੇ ਹਨ ਅਤੇ ਹਿੰਦੀ ਵਾਲੇ ਉਸ ਪਾਸੋਂ ਘਟੀਆ ਰੋਲ ਕਰਾਉਂਦੇ ਹਨ। ਦਿਲਜੀਤ ਕੌਰ ਦੇ ਪੂਰੀ ਤਰ੍ਹਾਂ ਪੰਜਾਬੀ ਫਿਲਮਾਂ ਵਲ ਪਰਤ ਆਉਣ 'ਤੇ ਹੀਰੋਇਨ ਵਾਲੀ ਖਾਲੀ ਥਾਂ ਪੂਰੀ ਹੋ ਗਈ

## ਪਰ ਹੀਰੋ ਕੌਣ ?

ਸਤੀਸ਼ ਕੌਲ ਤੋਂ ਬਿਨਾਂ ਪੰਜਾਬੀ ਫਿਲਮਾਂ ਲਈ ਲੰਮਾ ਸਮਾਂ, ਹੋਰ ਕੋਈ ਵੀ ਹੀਰੋ ਨਹੀਂ ਸੀ। ਭਾਵਨਾ ਭੱਟ, ਸ਼ੋਭਨੀ ਸਿੰਘ ਤੇ ਦਿਲਜੀਤ ਕੌਰ, ਸਾਰਿਆਂ ਦਾ ਹੀਰੋ, ਸਤੀਸ਼ ਕੌਲ ਹੀ ਸੀ। ਸਤੀਸ਼ ਕੌਲ ਇਕ ਗੈਰ ਪੰਜਾਬੀ ਮੁੰਡਾ ਹੈ ਅਤੇ ਪੰਜਾਬੀ ਫਿਲਮਾਂ 'ਚ ਇਸ ਕਰ ਕੇ ਆ ਗਿਆ, ਕਿਉਂਕਿ ਹਿੰਦੀ ਫਿਲਮਾਂ 'ਚ ਕੰਮ ਨਾ ਮਿਲਿਆ ਤੇ ਪੰਜਾਬੀ 'ਚ ਫੀਲਡ ਖਾਲੀ ਪਿਆ ਸੀ। ਭਾਖੜੀਆਂ ਨੇ ਸਤੀਸ਼ ਕੌਲ ਨੂੰ ਆਪਣੀਆਂ ਵੱਧ ਤੋਂ ਵੱਧ ਫਿਲਮਾਂ 'ਚ ਕੰਮ ਦਿਤਾ ਅਤੇ ਇਕ ਦਹਾਕਾ ਉਹ ਪੰਜਾਬੀ ਫਿਲਮਾਂ ਦੇ ਹੀਰੋ ਵਜੋਂ ਛਾਇਆ ਰਿਹਾ।

## ਗੁਰਦਾਸ ਮਾਨ ਦੀ ਆਮਦ

'ਮਾਮਲਾ ਗੜਬੜ ਹੈ', ਰਾਹੀਂ ਗੁਰਦਾਸ ਮਾਨ ਦੀ ਹੀਰੋ ਵਜੋਂ ਆਮਦ ਨੇ ਸਤੀਸ਼ ਕੌਲ ਦੇ ਪੈਰ ਉਖਾੜ ਦਿੱਤੇ। 'ਮਾਮਲਾ ਗੜਬੜ ਹੈ' ਪੰਜਾਬੀ ਦੀ ਪਹਿਲੀ ਫਿਲਮ ਸੀ, ਜਿਸ 'ਚ ਗੁਰਦਾਸ ਮਾਨ ਨੇ ਰੋਲ ਕੀਤਾ ਗੁਰਦਾਸ ਮਾਨ ਤੇ ਦਿਲਜੀਤ ਕੌਰ ਦੀ ਜੋੜੀ ਨੂੰ ਦੇਖ ਕੇ ਲੱਗਦਾ ਸੀ ਕਿ ਇਕ ਵਾਰ ਫਿਰ ਇੰਦਰਾ ਬਿੱਲੀ ਤੇ ਰਵਿੰਦਰ ਕਪੂਰ ਦੀ ਜੋੜੀ ਵਾਂਗ, ਇਹ ਜੋੜੀ ਵੀ ਫਿਲਮਾਂ 'ਚ ਕਾਮਯਾਬ ਹੋ ਜਾਵੇਗੀ। ਪਰ ਪੰਜਾਬੀ ਫਿਲਮਾਂ ਦੇ ਨਿਰਮਾਤਾਵਾਂ ਨੂੰ ਆਪਣੀਆਂ ਫਿਲਮਾਂ ਦੇ ਪ੍ਰੋਜੈਕਟ ਸਿਰੇ ਚੜ੍ਹਾਉਣ ਲਈ ਕਈ ਤਰ੍ਹਾਂ ਦੇ ਸਮਝੌਤੇ ਕਰਨੇ ਪੈਂਦੇ ਹਨ। ਇਨ੍ਹਾਂ ਸਮਝੌਤਿਆਂ ਦੀ ਮਾਰ ਹੇਠ 'ਚੰਗਾ ਲਗਦਾ' ਸਾਰਾ ਰਾਜ ਆ ਜਾਂਦਾ ਹੈ। ਗੁਰਦਾਸ ਮਾਨ ਤੇ ਦਿਲਜੀਤ ਕੌਰ ਬਹੁਤਾ ਲੰਮਾ ਸਮਾਂ ਨਹੀਂ ਤੋਰ ਸਕੇ। ਗੁਰਦਾਸ ਮਾਨ ਬਾਰੇ ਮਹਿੰਗਾ ਹੀਰੋ ਹੋਣ ਦਾ ਪ੍ਰਚਾਰ, ਉਨ੍ਹਾਂ ਲੋਕਾਂ ਵਲੋਂ ਕੀਤਾ ਗਿਆ ਜੋ ਸਿਰਫ ਉਸ ਨੂੰ ਆਪਣੀਆਂ ਫਿਲਮਾਂ ਲਈ ਹੀ ਵਰਤਨਾ ਚਾਹੁੰਦੇ ਸਨ। ਗੁਰਦਾਸ ਮਾਨ ਦੀ ਸ਼ਰਾਫਤ ਦਾ ਫਾਇਦਾ ਲੈਣ ਵਾਲੇ ਲੋਕਾਂ ਨੂੰ, ਗੁਰਦਾਸ ਮਾਨ ਨੇ ਪਛਾਣ ਲਿਆ ਹੈ। ਅਜ ਇਹ ਲੋਕ ਉਸ ਨੇ ਆਪਣੇ ਗਲੋਂ ਲਾਹ ਸੁੱਟੇ ਹਨ।



'ਲੰਬੇ ਹੱਥ ਸ਼ਰੀਕਾਂ ਦੇ' ਦੀ ਹੀਰੋਇਨ ਸ਼ਾਲਿਨੀ ਢਿੱਲੋਂ

## 'ਕੀ ਬਣੂ ਦੁਨੀਆਂ ਦਾ' ਇਸ ਸਾਲ ਦੀ ਪਹਿਲੀ ਪੰਜਾਬੀ ਫਿਲਮ

ਇਸ ਵਰ੍ਹੇ ਸਭ ਤੋਂ ਪਹਿਲੀ ਪੰਜਾਬੀ ਫਿਲਮ 'ਕੀ ਬਣੂ ਦੁਨੀਆਂ ਦਾ' ਰਿਲੀਜ਼ ਹੋਈ ਹੈ। ਇਸ ਫਿਲਮ ਉਤੇ ਬਹੁਤ ਸਾਰੇ ਪੰਜਾਬੀ ਫਿਲਮ ਨਿਰਮਾਤਾਵਾਂ ਦੀ ਨਜ਼ਰ ਸੀ। ਗੁਰਦਾਸ ਮਾਨ ਦੀ ਫਿਲਮ 'ਮਾਮਲਾ ਗੜਬੜ ਹੈ' ਪਿਛੋਂ ਹੋਰ ਕੋਈ ਫਿਲਮ ਨਹੀਂ ਚਲੀ। ਗੁਰਦਾਸ ਮਾਨ ਨੂੰ ਸਾਈਨ ਕਰਨ ਵਾਲੇ ਲੋਕ ਇਸ ਫਿਲਮ ਦਾ ਰਿਲੀਜ਼ ਦੇਖਣਾ ਚਾਹੁੰਦੇ ਸਨ ਜਲੰਧਰ ਸਤਲੁਜ ਸਿਨੇਮਾ 'ਚ ਜਿਸ ਦਿਨ ਇਹ ਫਿਲਮ ਰਿਲੀਜ਼ ਹੋਈ, ਉਸ ਦਿਨ ਫਿਲਮ ਦਾ ਹੀਰੋ ਗੁਰਦਾਸ ਮਾਨ ਤੇ ਹੀਰੋਇਨ ਮਨਜੀਤ ਕੌਰ ਸਿਨੇਮਾ 'ਚ ਪੁਜੇ। 'ਕੀ ਬਣੂ ਦੁਨੀਆਂ ਦਾ' ਸ਼ੋਅ ਵਿਚਕਾਰ ਰੋਕ ਕੇ ਗੁਰਦਾਸ ਮਾਨ ਤੇ ਮਨਜੀਤ ਕੌਰ ਨੂੰ ਸਟੇਜ ਉਤੇ ਲਿਆਂਦਾ ਗਿਆ। ਇਸੇ ਫਿਲਮ ਦੀ ਕਹਾਣੀ ਤੇ ਤਸਵੀਰਾਂ ਤੇ ਗਾਣਿਆਂ ਉਤੇ ਅਧਾਰਿਤ ਛਾਪੀ ਗਈ ਇਕ ਕਿਤਾਬ ਵੀ ਇਸ ਮੌਕੇ ਉਤੇ ਰਿਲੀਜ਼ ਕੀਤੀ ਗਈ। ਫਿਲਮ ਇਹ ਠੰਡੀ ਰਹੀ ਹੈ, ਭਾਵੇਂ ਇਸ ਫਿਲਮ ਬਾਰੇ ਕਿਹਾ ਜਾ ਰਿਹਾ ਸੀ ਕਿ ਗੁਰਦਾਸ ਮਾਨ ਦੇ ਡਬਲ ਰੋਲ ਵਾਲੀ ਇਹ ਪਹਿਲੀ ਵਧੀਆ ਫਿਲਮ ਹੈ।

## ਸ਼ੋਭਨੀ ਸਿੰਘ 'ਅੰਦਰ' ਹੁੰਦੀ ਹੁੰਦੀ ਬਚੀ

ਸ਼ੋਭਨੀ ਸਿੰਘ, ਪੰਜਾਬੀ ਫਿਲਮਾਂ 'ਚ 'ਰਾਣੋ' ਰਾਹੀਂ ਐਂਟਰ ਹੋਈ ਸੀ ਉਹ ਇਕ ਸੁਨੱਖੀ ਕੁੜੀ ਹੈ ਤੇ ਉਸ ਕੋਲ ਵਧੀਆ ਫਿਲਮ ਐਕਟਿੰਗ ਕਰ ਸਕਣ ਦੀ ਸਮਰੱਥਾ ਵੀ ਹੈ। ਬੰਬਈ 'ਚ ਉਹ ਜਿਸ ਮੁੰਡੇ ਨਾਲ ਰਹਿੰਦੀ ਸੀ, ਉਸ ਦੀਆਂ ਮਾੜੀਆਂ ਕਰਤੂਤਾਂ ਕਰਕੇ ਸ਼ੋਭਨੀ ਸਿੰਘ ਵੀ ਪੁਲਸ ਦੇ ਅੜਿਕੇ ਆ ਗਈ। ਦਰਸ਼ੀ ਨਾਂ ਦਾ ਮੁੰਡਾ, ਜੋ ਚਿਰਾਂ ਤੋਂ ਸ਼ੋਭਨੀ ਸਿੰਘ ਨਾਲ ਰਹਿ ਰਿਹਾ ਹੈ (ਜਾਂ ਸ਼ੋਭਨੀ ਸਿੰਘ, ਜਿਸ ਨਾਲ ਰਹਿ ਰਹੀ ਹੈ) ਕਾਰਾਂ ਦੀ ਚੋਰੀ ਦੇ ਇਲਜ਼ਾਮ ਹੇਠ ਫੜਿਆ ਗਿਆ ਦਸੀਦਾ ਹੈ। ਚੰਡੀਗੜ੍ਹ 'ਚ

ਬਾਕੀ ਪੰਨਾ 31 'ਤੇ




ਮਨਜੀਤ ਮਾਨ, ਦਿਲਜੀਤ ਕੌਰ ਤੇ ਗੁਰਦਾਸ ਮਾਨ


**MacCaig ROSS Travel Ltd.**

704 Columbia Street. New Westminster, B.C. V3M 1A9

**Ph. (604) 526-4535**

**Discount Travel**

You find the lowest available airfare then bring in the ad and receive a further 2% off the airfare.

**(Seniors Discount)**

**Patricia (Trish) or John**

**We shop the world for you**

18 years exp. in the travel Ind.

65 ਸਾਲ ਜਾਂ ਵੱਧ ਦੇ ਬਜ਼ੁਰਗਾਂ ਨੂੰ ਸਫਰ ਕਰਨ ਲਈ ਹੋਰ ਵੀ ਡਿਸਕਾਊਂਟ ਲਵੋ

ਹਰ ਥਾਂ ਜਾਣ ਲਈ ਕਿਸੇ ਵੀ ਹੋਰ ਏਜੰਟ ਦੇ ਰੇਟ ਤੋਂ ਅਸੀਂ 2% ਘੱਟ ਕਰ ਦਿਆਂਗੇ। ਪਰ ਤੁਸੀਂ ਇਹ ਐਡ ਨਾਲ ਲੈ ਕੇ ਆਓ ਜਾਂ ਫੋਨ ਕਰੋ :

**ਜੌਹਨ ਜਾਂ ਪੈਟਰੀਸ਼ੀਆ — 526-4535**

ਪੰਨਾ 30 ਦੀ ਬਾਕੀ

ਚੋਰੀ ਕੀਤੀਆਂ ਗਈਆਂ ਕੁਝ ਕਾਰਾਂ ਦਰਸ਼ੀ ਦੇ ਫਲੈਟ ਕੋਲੋਂ (ਬੰਬਈ) ਮਿਲੀਆਂ। ਪੁਲਿਸ ਨੇ ਦਰਸ਼ੀ ਦੇ ਨਾਲ ਨਾਲ ਸ਼ੋਭਨੀ ਸਿੰਘ ਨੂੰ ਵੀ ਹਿਰਾਸਤ 'ਚ ਲੈ ਲਿਆ, ਪਰ ਮਿੰਨਤਾਂ ਤਰਲੇ ਕਰਾਉਣ ਪਿਛੋਂ ਉਸ ਨੂੰ ਛੱਡ ਦਿੱਤਾ ਗਿਆ। ਸ਼ੋਭਨੀ ਸਿੰਘ ਨੇ 'ਰਾਣੋ' ਤੋਂ ਬਿਨਾਂ 'ਗੁੱਡੋ' ਫਿਲਮ 'ਚ ਵੀ ਕੰਮ ਕੀਤਾ ਹੈ। ਉਸ ਦੀਆਂ ਆ ਰਹੀਆਂ ਫਿਲਮਾਂ 'ਚ 'ਜੱਟ ਦਾ ਗੰਡਾਸਾ' ਤੇ 'ਮੇਰੇ ਯਾਰ ਦਾ ਡੋਲਾ' ਸ਼ਾਮਲ ਹਨ।

## ਵਿਜੇ ਟੰਡਨ ਬਨਾਮ ਉਤਮ ਤੁਲਸੀ

ਵਿਜੇ ਟੰਡਨ ਇਕ ਲੰਮਾ ਸਮਾਂ ਪੰਜਾਬੀ ਫਿਲਮਾਂ 'ਚੋਂ ਗੈਰ-ਹਾਜ਼ਰ ਰਿਹਾ ਹੈ। ਉਸ ਨੇ ਇਕ ਵੇਲੇ ਤਾਂ ਇਰਾਦਾ ਹੀ ਕਰ ਲਿਆ ਸੀ ਕਿ ਉਹ ਫਿਲਮਾਂ ਨੂੰ ਪੂਰੀ ਤਰ੍ਹਾਂ ਛੱਡ ਦੇਵੇਗਾ। ਪਰ ਫਿਰ ਜਦੋਂ ਉਤਮ ਤੁਲਸੀ ਨਾਂ ਦੇ 'ਸਭ ਕੁਝ' (ਨਿਰਮਾਤਾ, ਨਿਰਦੇਸ਼ਕ, ਲੇਖਕ ਆਦਿ) ਨੇ ਉਸ ਨੂੰ ਆਪਣੀ ਫਿਲਮ 'ਯਾਰ ਗਰੀਬਾਂ ਦਾ' 'ਚ ਇਕ ਮਹੱਤਵਪੂਰਨ ਰੋਲ ਦਿਤਾ ਤਾਂ ਵਿਜੇ ਟੰਡਨ ਨੇ ਇਕ ਵਾਰ ਫਿਰ ਫੈਸਲਾ ਕੀਤਾ ਕਿ ਉਹ ਫਿਲਮਾਂ ਨਹੀਂ ਕਰੇਗਾ। ਉਸ ਨੇ ਨਿਰਮਾਤਾ ਵਜੋਂ ਆਪਣੀ ਅਗਲੀ ਫਿਲਮ 'ਕਚਹਿਰੀ' ਬਨਾਉਣ ਦਾ ਐਲਾਨ ਕੀਤਾ ਹੈ। ਅਸਾਂ ਸੋਚਿਆ ਸੀ ਕਿ 'ਕਚਹਿਰੀ' ਦੇ ਨਾਂ ਨਾਲ ਜੱਟ ਦੀ ਬਰਬਾਦੀ ਜੁੜੀ ਹੋਈ ਹੈ, ਇਸ ਲਈ ਸਬਜੈਕਟ ਕੁਝ ਇਹੋ ਜਿਹਾ ਹੋਵੇਗਾ, ਪਰ ਉਸ ਦੱਸਿਆ ਕਿ ਜਦੋਂ ਇਕ ਸਤਾਈ ਹੋਈ ਔਰਤ ਨੂੰ ਕਚਹਿਰੀ 'ਚ ਇਨਸਾਫ ਨਹੀਂ ਮਿਲਦਾ ਤਾਂ ਉਹ ਆਪਣੇ ਘਰ 'ਚ ਕਚਹਿਰੀ ਲਾ ਲੈਂਦੀ ਹੈ ਤੇ ਖੁਦ 'ਫੈਸਲਾ' ਕਰਦੀ ਹੈ। ਇਸ ਫਿਲਮ 'ਚ ਮਹੱਤਵਪੂਰਨ ਰੋਲ ਨਿਭਾਉਣ ਲਈ ਉਸ ਨੇ ਅਨੀਤਾ ਕੰਵਰ (ਬੁਨਿਆਦ) ਅਤੇ ਓਮ ਪੁਰੀ ਨੂੰ ਸਾਈਨ ਕੀਤਾ ਹੈ।

ਪਰ ਦੂਜੇ ਪਾਸੇ ਉਤਮ ਤੁਲਸੀ ਨੇ ਆਪਣੀ ਅਗਲੀ ਫਿਲਮ 'ਕਚਹਿਰੀ ਜੱਟ ਦੀ' ਬਨਾਉਣ ਦਾ ਐਲਾਨ ਕੀਤਾ ਹੈ। 'ਕਚਹਿਰੀ ਜੱਟ ਦੀ' ਤੇ 'ਕਚਹਿਰੀ' 'ਚ ਕਿਹੜੀ ਗੱਲ ਹੋਵੇਗੀ, ਜੋ ਦੋਵਾਂ ਫਿਲਮਾਂ ਨੂੰ ਇਕ ਦੂਜੇ ਨਾਲੋਂ ਨਿਖੇੜੇਗੀ ਜਾਂ ਜੋੜੇਗੀ। ਇਹ ਵੀ ਨਹੀਂ ਪਤਾ ਕਿ ਕਿਹੜੀ ਫਿਲਮ ਬਣਦੀ ਹੈ ਜਾਂ ਨਹੀਂ।

## 'ਯਾਰ ਗਰੀਬਾਂ ਦਾ' ਕਦੋਂ ਰਿਲੀਜ਼ ਹੋ ਰਹੀ ਹੈ

ਉਤਮ ਤੁਲਸੀ ਦੀ 'ਯਾਰ ਗਰੀਬਾਂ ਦਾ' ਫਿਲਮ ਇਕ ਲੰਮੇ ਸਮੇਂ ਤੋਂ ਤਿਆਰ ਪਈ ਹੈ ਪਰ ਇਸ ਨੂੰ ਰਿਲੀਜ਼ ਕਰਨ ਦੀ ਅਜੇ ਤੱਕ ਲੋੜ ਨਹੀਂ ਸਮਝੀ ਗਈ। ਚੰਡੀਗੜ੍ਹ 'ਚ ਰਹਿੰਦੇ ਉਤਮ ਤੁਲਸੀ ਨੇ ਦੱਸਿਆ ਕਿ ਟੈਕਸ ਮੁਆਫ ਹੋਣ ਲਈ ਇਸ ਫਿਲਮ ਦਾ ਪ੍ਰਿੰਟ ਪੰਜਾਬ ਸਰਕਾਰ ਕੋਲ ਪਿਆ ਹੈ। ਉਂਜ ਉਹ ਇਹ ਆਪਣੀ ਫਿਲਮ, ਵੀਡੀਓ ਉਤੇ ਤਕਰੀਬਨ ਸਾਰੇ ਚੰਡੀਗੜ੍ਹ ਨੂੰ ਦਿਖਾ ਚੁੱਕਾ ਹੈ। ਉਤਮ ਤੁਲਸੀ, ਸਵਰਗਵਾਸੀ ਇੰਦਰਜੀਤ ਤੁਲਸੀ ਦਾ ਪੁੱਤਰ ਹੈ। ਜੋ ਬੰਬਈ ਨੂੰ ਛੱਡ ਕੇ ਅਜ ਕਲ ਚੰਡੀਗੜ੍ਹ 'ਚ ਆ ਗਿਆ ਹੈ। ਉਸ ਦਾ ਆਪਣੀ ਫਿਲਮ ਬਾਰੇ ਇਹ ਕਹਿਣਾ ਹੈ ਕਿ ਉਸ ਨੇ ਇਸ ਫਿਲਮ 'ਚ ਕਈ ਵਿਲੱਖਣ ਗੱਲਾਂ ਕੀਤੀਆਂ ਹਨ। ਜਿਵੇਂ ਟੈਕਨੀਕਲ ਸਾਈਡ 'ਤੇ ਸਾਰਾ ਕੁਝ ਉਤਮ ਤੁਲਸੀ ਨੇ ਆਪ ਹੀ ਕੀਤਾ ਹੈ। ਸੰਗੀਤ ਉਸ ਦੇ ਪਿਤਾ ਆਪਣੀ ਮੌਤ ਤੋਂ ਪਹਿਲਾਂ ਰਿਕਾਰਡ ਕਰਵਾ ਗਏ ਸਨ। ਸਤੀਸ਼ ਕੌਲ ਨੇ ਇਸ ਫਿਲਮ 'ਚ ਡਬਲ ਰੋਲ ਕੀਤਾ ਹੈ। ਜਦੋਂ ਕਿ ਦਿਲਜੀਤ ਕੌਰ ਤੇ ਯੋਗ ਰਾਜ ਸਿੰਘ (ਕ੍ਰਿਕਟ ਖਿਡਾਰੀ) ਦੀ ਰੁਮਾਂਟਿਕ ਲੀਡ ਹੈ। ਇਸ ਵਿਚ, ਗੀਤਾ ਬਹਿਲ ਨਾਂ ਦੀ ਇਕ ਨਵੀਂ ਕੁੜੀ ਕੋਲੋਂ ਵੀ ਉਤਮ ਤੁਲਸੀ ਨੇ ਇਕ ਵਧੀਆ ਰੋਲ ਨਿਭਾਇਆ ਹੈ। ਫਿਲਮ ਦੇ ਰਿਲੀਜ਼ ਹੋਣ ਦੀ ਉਡੀਕ ਹੈ।



ਮਿਹਰ ਮਿਤਲ, ਪਰਵੀਨ ਪੁਰਬਾ ਅਤੇ ਜਤਿੰਦਰ ਜੀਤੂ 'ਕੀ ਬਣੂ ਦੁਨੀਆਂ ਦਾ' 'ਚ



ਪੂਜਾ ਲਖਾ : ਕਿਸੇ ਚੰਗੀ ਬਰੇਕ ਦੀ ਉਡੀਕ

## 'ਲੰਮੇ ਹੱਥ ਸ਼ਰੀਕਾਂ ਦੇ' ਅਤੇ ਸ਼ਾਲਿਨੀ ਢਿਲੋਂ

'ਕੀ ਬਣੂ ਦੁਨੀਆਂ ਦਾ' ਦੇ ਕਾਰਜਕਾਰੀ ਨਿਰਮਾਤਾ ਅਨਿਲ ਦੀਪਕ ਨੇ ਆਪਣੀ ਅਗਲੀ ਫਿਲਮ 'ਲੰਮੇ ਹੱਥ ਸ਼ਰੀਕਾਂ ਦੇ' ਦੀਆਂ ਤਿਆਰੀਆਂ ਆਰੰਭ ਦਿੱਤੀਆਂ ਹਨ। ਬੀਤੇ ਦਿਨੀਂ ਹੋਈ ਇਕ ਮੁਲਾਕਾਤ 'ਚ ਉਸ ਨੇ ਦੱਸਿਆ ਕਿ ਉਹ ਆਪਣੀ ਇਸ ਫਿਲਮ 'ਚ ਵੀ ਗੁਰਦਾਸ ਮਾਨ ਨੂੰ ਹੀ ਹੀਰੋ ਲੈ ਰਿਹਾ ਹੈ, ਜਦੋਂ ਕਿ ਹੀਰੋਇਨ ਉਹ ਇਕ ਨਵੀਂ ਕੁੜੀ ਸ਼ਾਲਿਨੀ ਢਿਲੋਂ ਨੂੰ ਲੈ ਰਿਹਾ ਹੈ। ਸ਼ਾਲਿਨੀ ਢਿਲੋਂ ਚੰਡੀਗੜ੍ਹ ਦੀ ਵਸਨੀਕ ਹੈ ਅਤੇ ਪਹਿਲਾਂ ਇਕ ਹਰਿਆਣਵੀ ਫਿਲਮ 'ਚੰਦਰੋ' ਕਰ ਚੁਕੀ ਹੈ। ਭਾਵੇਂ ਇਹ ਹਰਿਆਣਵੀ ਫਿਲਮ ਵਜੋਂ ਰਿਲੀਜ਼ ਨਹੀਂ ਹੋਈ, ਪਰ ਸਮਝਿਆ ਜਾਂਦਾ ਹੈ ਕਿ ਸ਼ਾਲਿਨੀ ਨੇ ਇਸ ਫਿਲਮ 'ਚ ਚੰਗਾ ਰੋਲ ਕੀਤਾ ਹੈ।

## ਚੰਡੀਗੜ੍ਹ ਦੇ ਫਿਲਮੀ ਦਾਇਰੇ 'ਚ ਸ਼ਾਲਿਨੀ ਢਿਲੋਂ

ਸ਼ਾਲਿਨੀ ਢਿਲੋਂ, ਬੇਸ਼ਕ ਫਿਲਮਾਂ 'ਚ ਰੋਲ ਪ੍ਰਾਪਤ ਕਰਨ ਦੀ ਡਾਢੀ ਇਛੁਕ ਹੈ ਅਤੇ ਇਸ ਕਾਰਜ ਲਈ ਉਹ ਬੰਬਈ ਦਾ ਵੀ ਇਕ ਵਾਰ ਚੱਕਰ ਲਾ ਆਈ ਹੈ। ਉਸ ਨੂੰ ਕਿਸੇ ਬੰਦੇ ਨੇ 'ਪੱਟੀ' ਪੜ੍ਹਾਈ ਕਿ ਉਸ ਨੂੰ ਤਾਂ ਹਿੰਦੀ ਫਿਲਮਾਂ 'ਚ ਕੰਮ ਮਿਲ ਸਕਦਾ ਹੈ ਅਤੇ ਉਹਨੂੰ ਆਪਣੇ ਨਾਲ ਬੰਬਈ ਲੈ ਗਿਆ, ਪਰ ਬਦਕਿਸਮਤੀ ਸ਼ਾਲਿਨੀ ਦੀ ਕਿ ਉਸ ਨੂੰ ਕਿਸੇ ਹਿੰਦੀ ਫਿਲਮ 'ਚ ਤਾਂ ਰੋਲ ਕੀ ਮਿਲਣਾ ਹੈ ਕਿਸੇ ਨੇ ਪੰਜਾਬੀ ਫਿਲਮ 'ਚ ਵੀ ਕੋਈ ਰੋਲ ਨਹੀਂ ਦਿੱਤਾ। ਵਿਚਾਰੀ ਥੱਕ ਹਾਰ ਕੇ ਚੰਡੀਗੜ੍ਹ ਪਰਤ ਆਈ। ਚੰਡੀਗੜ੍ਹ 'ਚ 'ਯਾਰ ਗਰੀਬਾਂ ਦਾ' ਦਾ ਨਿਰਮਾਤਾ ਨਿਰਦੇਸ਼ਕ, ਉਤਮ ਤੁਲਸੀ ਸਮੇਤ ਐਕਟਰ ਨਿਰਮਾਤਾ ਵਿਜੇ ਟੰਡਨ, ਖਿਡਾਰੀ ਕਲਾਕਾਰ ਯੋਗਰਾਜ ਸਿੰਘ ਅਤੇ ਸਮੀਤਾ ਮਹਿਤਾ ਆਦਿ ਫਿਲਮੀ ਲੋਕ ਰਹਿੰਦੇ ਹਨ। ਬੀਤੇ ਦਿਨੀਂ ਇਸ ਦਾਇਰੇ 'ਚ ਵਿਚਰਦਿਆਂ ਸ਼ਾਲਿਨੀ ਢਿਲੋਂ ਵੀ ਕਾਫੀ ਚਰਚਾ ਦਾ ਵਿਸ਼ਾ ਬਣੀ ਰਹੀ। ਵਿਜੇ ਟੰਡਨ ਆਪਣੀ ਇਕ ਫਿਲਮ 'ਕਚਹਿਰੀ' ਬਣਾ ਰਿਹਾ ਹੈ, ਜਿਸ ਮੰਤਵ ਲਈ ਉਹ ਸ਼ਾਲਿਨੀ ਨੂੰ ਸਾਈਨ ਕਰਨਾ ਚਾਹੁੰਦਾ ਸੀ, ਪਰ ਸ਼ਾਲਿਨੀ ਨੇ ਇਸ ਫਿਲਮ 'ਚ ਕੰਮ ਕਰਨ ਤੋਂ ਨਾਂਹ ਕਰ ਦਿੱਤੀ, ਕਿਉਂਕਿ ਉਹ ਮਿਹਰ ਮਿੱਤਲ ਨਾਲ ਨਹੀਂ ਸੀ ਕੰਮ ਕਰਨਾ ਚਾਹੁੰਦੀ। ਸ਼ਾਲਿਨੀ ਨੇ ਦੱਸਿਆ ਕਿ ਉਹ ਹੀਰੋਇਨ ਤੋਂ ਘੱਟ ਕੋਈ ਰੋਲ ਨਹੀਂ ਸਵੀਕਾਰੇਗੀ। ਪਤਾ ਲੱਗਾ ਕਿ ਇਸੇ ਮੰਤਵ ਲਈ ਉਸ ਨੇ ਚੰਡੀਗੜ੍ਹ ਦੇ ਹੀ ਇਕ ਬਿਜ਼ਨਿਸਮੈਨ ਕ੍ਰਿਕਟ ਖਿਡਾਰੀ ਤੇ ਫਿਲਮ ਕਲਾਕਾਰ ਯੋਗਰਾਜ ਸਿੰਘ ਨਾਲ ਆਪਣੇ ਸੰਬੰਧ ਬਣਾਏ ਹੋਏ ਹਨ। ਅਸੀਂ ਇਹ ਨਹੀਂ ਕਹਿੰਦੇ ਕਿ ਇਹ ਸਬੰਧ ਜ਼ਰੂਰ ਹੀ ਗੈਰ ਇਖਲਾਕੀ ਹੋਣਗੇ, ਸਗੋਂ ਉਨ੍ਹਾਂ ਗੱਲਾਂ ਤੋਂ ਪਰਦਾ ਚੁਕਣਾ ਚਾਹੁੰਦੇ ਹਾਂ, ਜੋ ਸੁਪਨਮਈ ਅਵਸਥਾ 'ਚ ਇਨ੍ਹਾਂ ਹੀਰੋਇਨ (?) ਵਲੋਂ ਜੀਵੀਆ ਜਾਂਦੀਆਂ ਹਨ। ਯੋਗਰਾਜ ਸਿੰਘ ਵਿਚਾਰੇ ਨੂੰ ਆਪ ਨਹੀਂ ਫਿਲਮਾਂ ਮਿਲਦੀਆਂ, ਉਹ ਸ਼ਾਲਿਨੀ ਢਿਲੋਂ ਨੂੰ ਕੀ ਫਿਲਮਾਂ ਦੁਆ ਸਕਦਾ ਹੈ। ਜਦੋਂ ਕਿ ਸ਼ਾਲਿਨੀ ਵਿਚਾਰੀ ਚੰਡੀਗੜ੍ਹ ਦੇ ਟੈਗੋਰ ਥੀਏਟਰ 'ਚ ਆਪਣਾ ਡਰਾਮਾ ਦਿਖਾਉਣ ਲਈ ਯੋਗਰਾਜ ਸਿੰਘ ਨੂੰ ਮੁਖ ਮਹਿਮਾਨ ਬਣਾ ਕੇ ਲੈ ਗਈ ਅਤੇ 'ਹੂਟ' ਹੋ ਗਈ। ਉਂਜ ਜੇ ਕੋਈ ਵੱਡਾ ਮਾਅਰਕਾ ਸ਼ਾਲਿਨੀ, ਚੰਡੀਗੜ੍ਹ 'ਚ ਬੈਠੀ ਮਾਰ ਸਕੀ ਹੈ ਤਾਂ ਉਹ ਇਹ ਹੈ ਕਿ ਉਸ ਨੇ ਉਥੋਂ ਦੇ ਇਕ ਪੱਤਰਕਾਰ ਪਰਿਵਾਰ ਨਾਲ ਆਪਣੀ ਸਾਂਝ ਬਣਾਈ ਹੋਈ ਹੈ। ਉਂਜ ਸ਼ਾਲਿਨੀ ਬੜੀ ਮਿੱਠ ਬੋਲਣੀ ਅਤੇ ਧੀਮੀ ਹੈ, ਜਿਸ ਕਰਕੇ ਕੋਈ ਵੀ ਉਸ ਨਾਲ ਸਾਂਝ ਪੈਦਾ ਕਰਨ ਦਾ ਯਤਨ ਕਰੇਗਾ। ਇਸ ਪੱਤਰਕਾਰ ਪਰਿਵਾਰ ਨੇ ਉਸ ਦੀ ਪਬਲੀਸਿਟੀ ਪਖੋਂ ਬੜੀ ਸੇਵਾ ਕੀਤੀ ਹੈ।

ਵਿੰਨੀਪੈਗ ਵਿਚ ਹਰ ਪ੍ਰਕਾਰ ਦੀ ਪ੍ਰਾਪਰਟੀ ਖ਼੍ਰੀਦਣ ਜਾਂ ਵੇਚਣ ਲਈ

ਮਿੱਤਰਤਾ ਭਰੀ, ਈਮਾਨਦਾਰ ਅਤੇ ਤਜਰਬੇਕਾਰ ਸਲਾਹ ਲਈ

ਅਵਤਾਰ ਟਿਵਾਣਾ ਨੂੰ ਮਿਲੋ ਜਾਂ ਫੋਨ ਕਰੋ :

Ph.: Off. (204) 269-8140 (24 Hours)

The Canada Trust Company
1910 Pembina Highway, Winnipeg, Manitoba R3T 4S5

Res. 694-3198

Canada Trust Realtor



Sales Representative

GRAND OPENING SAVINGS

Jeet — Audio & Video ਜੀਤ — ਆਡੀਓ ਤੇ ਵੀਡੀਓ

ਸਾਡੇ ਪਾਸ ਵੀਡੀਓ ਮੂਵੀਆਂ ਦੀ ਬਹੁਤ ਵੱਡੀ ਸਿਲੈਕਸ਼ਨ ਹੈ — ਹਿੰਦੀ, ਪੰਜਾਬੀ, ਜਾਂ ਉਰਦੂ ਦੀਆਂ ਵੀਡੀਓ ਮੂਵੀਆਂ ਹਰ ਹਫਤੇ ਨਵੀਆਂ ਰਿਲੀਜ਼ ਹੁੰਦੀਆਂ ਹਨ
ਆਪਣੀਆਂ ਮਨ ਪਸੰਦ ਮੂਵੀਆਂ ਦੇ ਗਾਣੇ ਟੇਪਾਂ ਵਿੱਚ ਭਰਵਾਉਣ ਲਈ ਸਾਡੇ ਸਟੋਰ 'ਤੇ ਪੁਜੋ।
ਵਿਆਹ ਸ਼ਾਦੀਆਂ, ਜਨਮ ਦਿਨ ਪਾਰਟੀ ਲਈ ਜਾਂ ਹੋਰ ਕਿਸੇ ਵੀ ਸ਼ੁਭ ਅਵਸਰ ਲਈ ਪ੍ਰੋਫੈਸ਼ਨਲ ਵੀਡੀਓ ਬਣਾਉਣ ਲਈ ਸੇਵਾ ਦਾ ਮੌਕਾ ਦਿਓ

ਮੂਵੀ ਇਕ ਦਿਨ ਸਿਰਫ਼ 1 ਡਾਲਰ ਇਕ ਹਫਤੇ ਲਈ ਸਿਰਫ 2 ਡਾਲਰ।

110 - 8434 - Scott Rd., Surrey, B.C.

Ph: 594-3755

# GILL AUTO SALES

## ਗਿੱਲ ਆਟੋ ਸੇਲਜ਼

DLR #8220

## 'ਤੇ

## ਇਨਵੈਂਨਟੋਰੀ ਕਲੀਅਰਆਊਟ ਸੇਲ

ਫਾਰਮ ਵੈਨਾਂ ਦੀਆਂ ਸੀਟਾਂ ਲਗਵਾਓ

ਚਾਰ ਸੀਟਾਂ ਲਵਾਉਣ ਲਈ

**ਰੈਗੂਲਰ $1200 ਦੀ ਥਾਂ ਸਿਰਫ $950 ਦੀ ਸੇਲ ਹੈ**

# INVENTORY CLEAROUT SALE

**For Farm Van Seats**
**Inventory Clearout Sale**

**At Gill Auto Sales**
**All Brand New Seats**

**4 Seats Install Price**

**Regular $1200** **Sale Price $950**

## 7762 - Edmonds St. [near Canada Way]

**Burnaby, B.C.**

**Ph. 522-2122**